Voice of Social Concerns

# ਸਰੋਕਾਰਾਂ ਦੀ ਆਵਾਜ਼

Pro-People Arts Project Media Group

Email: ppapmg@gmail.com

ਸਾਲ-5, ਅੰਕ-5, ਜੂਨ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਉਂਟਾਰੀਓ ਸੂਬੇ ਵਿਚ ਅਧਿਆਪਕ ਹੜਤਾਲ




**ਮਾ. ਮਲਕੀਤ ਸਿੰਘ ਬਰ੍ਹਮੀ**

*ਵਿਦਿਅਕ ਢਾਂਚੇ ਵਿਚ ਵਿਦਿਆਰਥੀਆਂ ਦੀ ਕੁੱਲ ਸੰਖਿਆ 20,15,411 ਹੈ। ਇਸ ਸੰਖਿਆ ਵਿਚ ਐਲੀਮੈਂਟਰੀ ਜੂਨੀਅਰ ਕੇ. ਜੀ., ਕੇ. ਜੀ. ਅਤੇ ਗਰੇਡ 1 ਤੋਂ 8 ਤੱਕ 13,52,965 ਸ਼ਿਸ਼ੂ ਹਨ। 12,76,650 ਅੰਗਰੇਜ਼ੀ ਸੂਕਲਾਂ ਵਿਚ ਅਤੇ 76,315 ਫਰੈਂਚ ਸੂਕਲਾਂ ਦੇ ਸ਼ਿਸ਼ੂ ਹਨ। ਇਸੇ ਤਰ੍ਹਾਂ ਸੈਕੰਡਰੀ ਸੈਕਸ਼ਨ ਦੇ 9-12 ਗਰੇਡ ਦੇ ਕੁਲ ਵਿਦਿਆਰਥੀ 6,62,446 ਹਨ; ਜਿਨ੍ਹਾਂ ਵਿਚ 6,38,220 ਅੰਗਰੇਜ਼ੀ ਸੂਕਲਾਂ ਦੇ ਅਤੇ 24,226 ਫਰੈਂਚ ਸੂਕਲਾਂ ਦੇ ਵਿਦਿਆਰਥੀ ਹਨ।*

ਕੈਨੇਡਾ ਭਰ ਵਿਚ ਜੂਨ ਦੇ ਪਹਿਲੇ ਹਫ਼ਤੇ ਤੱਕ ਵਿਦਿਆਰਥੀਆਂ ਲਈ ਵਿਦਿਅਕ ਵਰ੍ਹੇ ਦਾ ਅੰਤ ਹੋ ਰਿਹਾ ਹੈ। ਸਭ ਵਿਦਿਆਰਥੀਆਂ ਨੇ ਆਪਣੀਆਂ ਸਾਲ ਦੀਆਂ ਪ੍ਰਾਪਤੀਆਂ ਦੇ ਲੇਖੇ ਜੋਖੇ ਦੇ ਅਮਲ ਵਿਚੋਂ ਲੰਘਣਾ ਹੈ। ਇਨ੍ਹਾਂ ਦੇ ਇਹ ਟੈਸਟ ਜਾਂ ਇਮਤਿਹਾਨ 25 ਮਈ ਤੋਂ 5 ਜੂਨ ਤੱਕ ਨਿਸਚਿਤ ਹਨ। ਇਸ ਸਮੇਂ ਵਿਚ ਅਧਿਆਪਕਾਂ ਨੇ ਆਪਣੇ ਸ਼ਿਸ਼ੂਆਂ ਦੇ ਵਿਦਿਅਕ ਅਮਲ ਦਾ ਲੇਖਾ ਪੇਸ਼ ਕਰਨਾ ਹੈ। ਕੁਝ ਵਿਦਿਆਰਥੀ ਤਾਂ ਉਨ੍ਹਾਂ ਹੀ ਸਕੂਲਾਂ ਵਿਚ ਅਗਲੀ ਉਚ ਕਲਾਸ ਵਿਚ ਹੋ ਜਾਣਗੇ ਪਰ ਉਸੇ ਸਕੂਲ ਜਾਂ ਸਿਸਟਮ ਵਿਚ ਹੀ ਰਹਿਣਗੇ ਪਰ ਕਈ ਇਕ ਸਿਸਟਮ ਦੇ ਸਿਖਰਲੇ ਪੱਧਰ ਤੋਂ ਅਗਲੇ ਵੱਖਰੇ ਸਿਸਟਮ ਵਿਚ ਦਾਖਲ ਹੋਣਗੇ ਜਿਵੇਂ ਪ੍ਰੀ ਐਲੀਮੈਂਟਰੀ ਤੋਂ ਭਾਵ ਅੱਠਵੀਂ ਗਰੇਡ ਤੋਂ ਸੈਕੰਡਰੀ ਸਿਸਟਮ ਦੇ ਪਹਿਲੇ ਗਰੇਡ ਭਾਵ ਨੌਵੀਂ ਗਰੇਡ ਵਿਚ ਚੜ੍ਹਨਗੇ। ਇਸ ਤੋਂ ਅੱਗੋਂ ਸੈਕੰਡਰੀ ਸਿਸਟਮ ਦੀ ਬਾਰਵੀਂ ਗਰੇਡ ਤੱਕ ਪੜ੍ਹਾਈ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੇ ਅੱਗੋਂ ਯੂਨੀਵਰਸਿਟੀਆਂ ਅਤੇ ਪ੍ਰੋਫੈਸ਼ਨਲ ਵਿਦਿਅਕ ਕਾਲਜਾਂ ਅਦਾਰਿਆਂ ਤੱਕ ਦਾਖਲਾ ਲੈਣਾ ਹੁੰਦਾ ਹੈ। ਇਸ ਵਾਸਤੇ ਉਨ੍ਹਾਂ ਨੂੰ ਗਰੇਡਿੰਗ ਅਤੇ ਮੁਲਾਂਕਣ ਸਰਟੀਫਿਕੇਟਾਂ ਦੀ ਲੋੜ ਹੁੰਦੀ ਹੈ। ਇਸ ਵਾਸਤੇ ਇਨ੍ਹਾਂ ਦਿਨਾਂ ਵਿਚ ਆ ਕੇ ਵਿਦਿਅਕ ਢਾਂਚੇ ਦੀ ਮੁਢਲੀ ਕੜੀ-ਭਾਵ ਅਧਿਆਪਕਾਂ ਵਲੋਂ ਹੜਤਾਲ 'ਤੇ ਚਲੇ ਜਾਣਾ ਸਮਾਜ ਵਿਚ ਬਹੁਤ ਲੋਕਾਂ ਨੂੰ ਅਟਪਣਾ ਲੱਗਦਾ ਹੈ-ਜੋਕਿ ਬਹੁਤ ਸੁਭਾਵਿਕ ਵੀ ਹੈ ਪਰ ਕੀ ਇਸ ਸਥਿਤੀ ਵਾਸਤੇ ਸਿਰਫ਼ ਅਧਿਆਪਕ ਵਰਗ ਹੀ ਜ਼ਿੰਮੇਵਾਰ ਹੈ ਜਾਂ ਕੀ ਹੋਰ ਵੀ ਕਾਰਨ ਹਨ? ਇਹ ਵਿਚਾਰ ਕਰਨ ਵਾਸਤੇ ਅਸੀਂ ਸੂਬੇ ਭਰ ਦੀ ਵਿਦਿਅਕ ਸਥਿਤੀ ਬਾਰੇ ਜਾਣੂ ਹੋ ਜਾਈਏ ਤਾਂ ਗੱਲ ਛੇਤੀ ਸਮਝ ਵਿਚ ਆ ਜਾਵੇਗੀ।

**ਉਂਟਾਰੀਓ ਸੂਬੇ ਦਾ ਵਿਦਿਅਕ ਢਾਂਚਾ**

ਉਂਟਾਰੀਓ ਸੂਬਾ ਚਾਰ ਵੱਖਰੇ-ਵੱਖਰੇ ਵਿਦਿਅਕ ਭੂਗੋਲਿਕ ਖੰਡਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਚਾਰਾਂ ਭੂਗੋਲਿਕ ਖੰਡਾਂ ਵਾਸਤੇ ਇਕ ਕੇਂਦਰੀ ਸਕੂਲ ਅਥਾਰਟੀ ਹੈ ਅਤੇ ਅੱਗੋਂ 10 ਖੇਤਰੀ ਸਕੂਲ ਅਥਾਰਟੀਆਂ ਹਨ। ਇਨ੍ਹਾਂ ਪਬਲਿਕ ਸਕੂਲ ਅਥਾਰਟੀਆਂ

(ਬਾਕੀ ਸਫ਼ਾ 12 'ਤੇ)



8
ਅਸੀਂ ਅਨਿਆਂ ਨੂੰ ਸੰਸਥਾਗਤ ਕਰਦੇ ਜਾ ਰਹੇ ਹਾਂ : ਅਰੁੰਧਤੀ ਰਾਏ



13
Fight for 15, Top Stories, Workers' Movement


19
ਸੁਆਲ-ਸੰਵਾਦ: ਬੁਰਾ ਹਾਲ ਹੋਇਆ ਪੰਜਾਬ ਦਾ


24
ਚਾਨਣ ਮੁਨਾਰੇ ਚਕਰ ਦੀਆਂ ਚੰਗੀਆਂ ਖ਼ਬਰਾਂ

SUPER VISA INSURANCE

PUNJAB INSURANCE INC.

• Life Insurance • Mortgage Insurance

• Critical Illness Insurance • Disability Insurance

• RESP, RRSP



Sherjang Singh Rana
416.910.9000

www.punjabinsurance.ca



Ravinder Singh Basra
416.845.6232

## ਔਰਬਿਟ ਬੱਸ ਕਾਂਡ ਪਿੱਛੋਂ ਉੱਭਰੇ ਸਵਾਲ

# ਮਾਫ਼ੀਏ ਤੋਂ ਮੁਕਤ ਅਤੇ ਲੋਕ ਹਿੱਤੂ ਕਿਵੇਂ ਹੋਵੇ ਪੰਜਾਬ ਦੀ ਟਰਾਂਸਪੋਰਟ

**ਨਰਭਿੰਦਰ**

ਮੋਗੇ ਜ਼ਿਲ੍ਹੇ 'ਚ ਔਰਬਿਟ ਬੱਸ ਕੰਪਨੀ ਦੇ ਮੁਲਾਜ਼ਮਾਂ ਵਲੋਂ ਜਿਸ ਘਟਨਾ ਨੂੰ ਅੰਜ਼ਾਮ ਦਿੱਤਾ ਇਹ ਸਮੁੱਚੀ ਮਾਨਵਤਾ ਲਈ ਸ਼ਰਮਸਾਰ ਕਰਨ ਵਾਲੀ ਹੈ। ਪ੍ਰਾਈਵੇਟ ਬੱਸ ਕਰਮਚਾਰੀਆਂ ਵਲੋਂ ਛੇੜਛਾੜ ਦੀਆਂ ਘਟਨਾਵਾਂ ਕੋਈ ਨਵੀਆਂ ਨਹੀਂ, ਪਰ ਇਸ ਦਾ ਵਿਰੋਧ ਹੋਣ ਉਤੇ, ਚਲਦੀ ਬੱਸ 'ਚੋਂ ਹੇਠਾਂ ਸੁੱਟ ਕੇ ਕਤਲ ਕਰਨ ਦੀ ਅਤਿ ਨੀਚ ਮਾਨਸਿਕਤਾ ਦੀ ਨਿਸ਼ਾਨੀ ਹੈ। ਇਹ ਮੰਦਭਾਗੀ ਘਟਨਾ 29 ਅਪ੍ਰੈਲ ਨੂੰ ਲੰਡੇਕੇ ਪਿੰਡ ਤੋਂ ਚੜ੍ਹੀਆਂ ਮਾਵਾਂ ਧੀਆਂ ਅਤੇ ਇਕ ਛੋਟੇ ਬਾਲ ਨਾਲ ਵਾਪਰੀ ਜਿਨ੍ਹਾਂ ਨੇ ਬਾਘਾਪੁਰਾਣੇ ਜਾਣਾ ਸੀ। 13 ਸਾਲਾ ਅਰਸ਼ਦੀਪ ਨਾਲ ਕੰਡਕਟਰ ਅਤੇ ਇਕ ਹੋਰ ਹੈਲਪਰ ਨੇ ਛੇੜਛਾੜ ਕੀਤੀ। ਧੀ ਨੇ ਮਾਂ ਨੂੰ ਦੱਸਿਆ ਦੋਹਾਂ ਵਿਰੋਧ ਕੀਤਾ। ਛਿੰਦਰ ਕੌਰ ਦੇ ਦੱਸਣ ਮੁਤਾਬਕ ਤੂੰ ਤੂੰ ਮੈਂ ਮੈਂ ਤੇ ਫਿਰ ਹੱਥੋ ਪਾਈ ਤੱਕ ਗੱਲ ਪਹੁੰਚੀ ਆਖਿਰ ਚਲਦੀ ਬੱਸ 'ਚੋਂ ਪਹਿਲਾਂ ਅਰਸ਼ਦੀਪ (13) ਨੂੰ ਹੇਠਾਂ ਸੁੱਟਿਆ ਅਤੇ ਫਿਰ ਮਾਂ ਛਿੰਦਰ ਕੌਰ ਨੂੰ ਹੇਠਾਂ ਸੁੱਟਿਆ। ਅੱਗੇ ਜਾ ਕੇ 15 ਕੁ ਸਾਲਾ ਭਰਾ ਅਕਾਸ਼ਦੀਪ ਨੂੰ ਉਤਾਰ ਦਿੱਤਾ। ਗਿੱਲ ਪਿੰਡ ਦੇ ਨੇੜੇ ਵਾਪਰੀ ਇਸ ਘਟਨਾ ਨੂੰ ਕੁਝ ਨੇ ਅੱਖੀਂ ਵੇਖਿਆ, ਬੱਸ ਨੂੰ ਰੋਕਿਆ। ਡਰਾਈਵਰ ਸਮੇਤ ਅਮਲਾ ਫੈਲਾ ਬੱਸ ਨੰ. ਪੀ. ਬੀ.-10 ਸੀ.ਪੀ. 1813 ਛੱਡ ਕੇ ਭੱਜ ਗਿਆ। ਐਂਬੂਲੈਂਸ ਆਈ ਮਾਂ ਧੀ ਨੂੰ ਚੁੱਕਿਆ ਹਸਪਤਾਲ ਲੈ ਗਏ ਪਰ ਅਰਸ਼ਦੀਪ ਸਿਰ ਦੀ ਸੱਟ ਕਾਰਨ ਪੂਰੀ ਹੋ ਚੁੱਕੀ ਸੀ। ਦੂਸਰੇ ਦਿਨ ਪੰਜਾਬ ਦੇ ਲੋਕਾਂ ਦਾ ਗੁੱਸਾ ਫੁੱਟਿਆ ਸੜਕਾਂ ਉਤੇ ਆ ਗਏ ਚਾਰ ਦਿਨ ਅਰਸ਼ਦੀਪ ਦੀ ਲਾਸ਼ ਪਈ ਰਹੀ। ਮੰਗ ਉਠੀ ਕਿ ਬੱਸ ਮਾਲਕ ਸਮੇਤ ਦੋਸ਼ੀਆਂ ਉਤੇ ਪਰਚਾ ਦਰਜ ਕਰੋ। ਇਸ ਕੰਪਨੀ ਦੀਆਂ ਬੱਸਾਂ ਵਲੋਂ ਪੰਜਾਬ ਵਿਚ ਪਿਛਲੇਰੇ 10 ਸਾਲਾਂ 'ਚ ਜੋ ਹਨੇਰਗਰਦੀ ਅਤੇ ਤਾਨਾਸ਼ਾਹੀ ਮਚਾਈ ਹੋਈ ਸੀ, ਦੀਆਂ



ਪਰਤਾਂ ਖੁੱਲ੍ਹਣ ਲੱਗੀਆਂ। ਤੇਜ਼ ਰਫ਼ਤਾਰ, ਭੱਦੀ ਡਰਾਈਵਿੰਗ, ਭੱਦੀ ਭਾਸ਼ਾ ਅਤੇ ਵਿਉਪਾਰ ਸਮੇਤ, ਪੁਲਿਸ ਮੁਲਾਜ਼ਮਾਂ, ਸਰਕਾਰੀ ਟਰਾਂਸਪੋਰਟ ਦੇ ਕਰਮਚਾਰੀਆਂ, ਮੁਲਾਜ਼ਮਾਂ ਅਤੇ ਆਮ ਲੋਕਾਂ ਨਾਲ ਕੁੱਟ ਮਾਰ ਕਰਨ ਦੀਆਂ ਅਣਗਿਣਤ ਘਟਨਾਵਾਂ ਦੇ ਨਾਲ ਪੂਰੇ ਟਰਾਂਸਪੋਰਟ ਮਾਫੀਏ ਦਾ ਪਰਦਾਚਾਕ ਹੋਇਆ ਜਿਸ ਸਮੁੱਚੇ ਮਾਫ਼ੀਏ ਵਰਤਾਰੇ ਪਿਛੇ ਪੰਜਾਬ ਦੇ ਮੁੱਖ ਮੰਤਰੀ ਦਾ ਬੇਟਾ ਜਿਹੜਾ ਖੁਦ ਡਿਪਟੀ ਮੁੱਖ ਮੰਤਰੀ ਹੈ ਅਤੇ ਗ੍ਰਹਿ ਮੰਤਰੀ ਵੀ ਦੀ ਭੂਮਿਕਾ ਦੀ ਨਿਸ਼ਾਨਦੇਹੀ ਹੋਈ। ਲੋਕਾਂ ਵਲੋਂ ਥਾਂ-ਥਾਂ ਮੰਗ ਉਠਾਈ ਇਸ ਮੰਦਭਾਗੀ ਘਟਨਾ ਦਾ ਦੋਸ਼ੀ ਬੱਸ ਕੰਪਨੀ ਦਾ ਮਾਲਕ ਵੀ ਉਨ੍ਹਾਂ ਹੀ ਹੈ, ਜਿਨ੍ਹਾਂ ਉਸ ਕੰਪਨੀ ਦਾ ਦੂਜਾ ਮਾਫ਼ੀਆ ਅਮਲਾ ਫੈਲਾ ਹੈ। ਜਦੋਂ ਇਸ ਦੀ ਇਕ ਪਾਸੇ ਸੰਸਦ ਵਿਚ ਅਤੇ ਦੂਸਰੇ ਪਾਸੇ ਪੰਜਾਬ ਦੀਆਂ ਸੜਕਾਂ ਉਤੇ ਇਨਸਾਫ਼ ਦੀ ਮੰਗ ਜ਼ੋਰਦਾਰ ਢੰਗ ਨਾਲ ਉਭਰੀ ਜਿਸ ਮੂਹਰੇ ਪੂਰੀ ਪੁਲਿਸ ਅਤੇ ਰਾਜਕੀ ਮਸ਼ੀਨਰੀ ਬੇਵੱਸ ਹੋ ਗਈ ਤਾਂ ਛਲਕਪਟ ਦੇ ਮਾਹਿਰ, ਹਰ ਤਰ੍ਹਾਂ ਨਾਲ ਬਾਹੂਬਲੀ ਮੁੱਖ ਮੰਤਰੀ ਨੇ ਸਮੁੱਚੀ ਪੰਜਾਬ ਦੀ ਚੋਟੀ ਦੀ ਪੁਲਿਸ ਫੋਰਸ ਝੋਕ ਇਨਸਾਫ਼ ਦੀ ਮੰਗ ਕਰਦੇ ਦਲਿਤ ਗਰੀਬ ਪਰਿਵਾਰ ਨੂੰ ਸੱਤਾ ਦਾ ਭੈਅ ਦਿਖਾ ਕੇ ਅਤੇ ਪੂੰਜੀ ਦੇ ਲਾਲਚ ਵਿਚ ਵਰਗਲਾਕੇ ਨਾ ਸਿਰਫ਼ ਦਬਾਅ ਹੇਠ 'ਸਮਝੌਤਾ' ਕਰਵਾ ਲਿਆ, ਸਗੋਂ ਰਾਤੋ ਰਾਤ ਪੋਸਟ ਮਾਰਟਮ ਕਰਵਾ ਕੇ ਸਸਕਾਰ ਵੀ ਕਰ ਦਿੱਤਾ। ਇਸ ਘਟਨਾਕਰਮ ਨੇ ਉਹਦੇ ਸ਼ਰਾਫ਼ਤ ਦੇ ਨਕਲੀ ਚਿਹਰੇ ਨੂੰ ਲੀਰੋ ਲੀਰ ਹੀ ਨਹੀਂ ਕੀਤਾ ਸਗੋਂ ਰਾਜਕੀ ਢਾਂਚੇ ਦੇ ਅਖੌਤੀ ਜਮਹੂਰੀ ਪ੍ਰਬੰਧ ਨੂੰ ਵੀ ਬੇਪਰਦ ਕਰ ਦਿੱਤਾ। ਜੇ ਕੰਪਨੀ ਦੇ ਕਰਮਚਾਰੀਆਂ ਨੇ ਮੱਧਯੁੱਗੀ ਮਾਨਸਿਕਤਾ ਵਾਲੀ ਕਮੀਨਗੀ ਦਾ ਪ੍ਰਗਟਾਅ ਕੀਤਾ ਤਾਂ, ਰਾਜਕੀ ਸਰਵਉਚ ਕੁਰਸੀ ਉਤੇ ਬੈਠੇ ਕੰਪਨੀ ਦੇ ਮਾਲਕ ਦੇ ਪਿਤਾ ਨੇ ਇਨਸਾਫ਼ ਸ਼ਬਦ ਨਾਲ ਜਿਹੜੀ ਧੱਕੇਸ਼ਾਹੀ ਅਤੇ ਪੂੰਜੀ ਦੀ ਹੈਂਕੜ ਭਰੀ ਰਾਜਕੀ ਤਾਨਾਸ਼ਾਹੀ ਵਿਰੁੱਧ ਪੰਜਾਬ ਦੇ ਲੋਕਾਂ ਨੇ, ਜਮਹੂਰੀ ਹੱਕਾਂ ਦੀ ਰਾਖੀ ਲਈ ਜਿਹੜੀ ਇਨਸਾਫ਼ ਦੀ ਲੜਾਈ ਲਈ ਆਵਾਜ਼ ਉਠਾਈ ਅਤੇ ਲੜ














ਰਹੇ ਹਨ, ਨੇ ਇਹ ਜ਼ਾਹਿਰ ਕਰ ਦਿੱਤਾ ਹੈ ਕਿ ਜਾਗਰੂਕ ਲੋਕ ਹਰ ਜ਼ੁਲਮ ਅਨਿਆਂ ਜਾਂ ਧੱਕੇਸ਼ਾਹੀ ਨੂੰ ਚੁੱਪ ਕਰਕੇ ਸਹਿਣ ਵਾਲੇ ਨਹੀਂ। ਇਹ ਉਠੀ ਇਸ ਲੋਕ ਲਹਿਰ ਦਾ ਦਬਾਅ ਹੀ ਸੀ ਕਿ ਡਿਪਟੀ ਮੁੱਖ ਮੰਤਰੀ ਦੀ ਬਸ ਦੇ ਕਰਿੰਦਿਆਂ ਵਿਰੁੱਧ ਕਤਲ ਅਤੇ ਬਦਅਮਨੀ ਦਾ ਕੇਸ ਦਰਜ ਕਰਨ ਲਈ ਅਧਿਕਾਰੀਆਂ ਨੂੰ ਮਜਬੂਰ ਹੋਣਾ ਪਿਆ ਬੇਸ਼ੱਕ ਅਜੇ ਮਾਲਕ ਸੁਖਬੀਰ ਬਾਦਲ (ਔਰਬਿਟ ਕੰਪਨੀ ਦਾ ਮਾਲਕ ਅਤੇ ਡਿਪਟੀ ਮੁੱਖ ਮੰਤਰੀ) ਉਤੇ ਕੇਸ ਦਰਜ ਕਰਨ ਦੀ ਮੰਗ ਉਤੇ ਪੰਜਾਬ ਦੇ ਲੋਕਾਂ ਲੜ ਰਹੇ ਹਨ।

ਇਸ ਸਮੁੱਚੇ ਵਰਤਾਰੇ ਨੇ ਰਾਜ ਵਿਚ ਪਿਛਲੇਰੇ 10 ਸਾਲਾਂ ਤੋਂ ਵੱਧ ਰਹੇ ਗੁੰਡਾ ਮੁਫ਼ੀਆ ਗ੍ਰੋਹਾਂ ਵਲੋਂ ਫੈਲਾਈ ਜਾ ਰਹੀ ਬਦਅਮਨੀ, ਰਾਜ ਕੇ ਲੋਕਾਂ ਦੀ ਸੁਰੱਖਿਆ ਦੀ ਗਰੰਟੀ ਦੇਣ ਵਾਲੀ ਵਰਦੀਧਾਰੀ ਫੋਰਸ ਵਲੋਂ ਅਜਿਹੇ ਗੁੰਡਾ ਮਾਫ਼ੀਆ ਗਰੋਹਾਂ ਨੂੰ ਛੱਤਰੀ ਦੇਣ ਅਤੇ ਰਾਜਕੀ ਮਸ਼ੀਨਰੀ ਅਤੇ ਢਾਂਚੇ ਵਲੋਂ ਇਨ੍ਹਾਂ ਨੂੰ ਉਤਸਾਹਿਤ ਕਰਨ, ਰਾਜ ਵਿਚ ਔਰਤਾਂ ਨਾਲ ਵਧ ਰਹੀਆਂ-ਗੁੰਡਾਗਰਦੀ, ਛੇੜਛਾੜ, ਬਲਾਤਕਾਰ ਆਦਿ ਦੀਆਂ ਘਟਨਾਵਾਂ, ਔਰਤਾਂ ਪ੍ਰਤੀ ਵਿਗੜ ਰਹੀ ਮਾਨਸਿਕਤਾ, ਰਾਜਕੀ ਢਾਂਚੇ ਵਲੋਂ ਲੋਕਾਂ ਨੂੰ ਸੁਯੋਗ ਸੰਵਿਧਾਨਕ ਪ੍ਰਬੰਧ ਮੁਹੱਈਆ ਕਰਾਉਣ ਤੋਂ ਅਸਮਰਥਤਾ ਦੇ ਨਾਲ ਨਾਲ ਮੁੰਡਾ ਮਾਫ਼ੀਆ ਗ੍ਰੋਹਾਂ ਸਾਹਮਣੇ ਰਾਜਕੀ ਮਸ਼ੀਨਰੀ ਦਾ ਬੌਣੇ ਹੁੰਦੇ ਜਾਣਾ ਅਤੇ ਮਾਫ਼ੀਆ ਗੁੰਡਾ ਗ੍ਰੋਹਾਂ ਦੀ ਮੁਤਬਾਦਲ ਵਿਵਸਥਾ ਦਾ ਪਿਉਂਦਿਆ ਅਤੇ ਵਿਕਸਿਤ ਹੁੰਦੇ ਜਾਣਾ-ਜਿਸ ਨਾਲ ਜਮਹੂਰੀ ਕਦਰਾਂ ਕੀਮਤਾਂ, ਜਮਹੂਰੀ ਢਾਂਚੇ ਅਤੇ ਨਿਆਂਸ਼ੀਲ ਵਿਵਸਥਾ ਦਾ ਖਿੰਡਰਨ ਭਿਖਰਣ ਵਲ ਵਧਦੇ ਜਾਣਾ ਅਜਿਹੇ ਸਵਾਲ ਹਨ ਜਿਸ ਪ੍ਰਤੀ ਹਰ ਜਮਹੂਰੀ ਅਤੇ ਸੰਵੇਦਨਸ਼ੀਲ ਨਾਗਰਿਕ ਚਿੰਤਾਤੁਰ ਹੈ।

ਅੱਜ ਤੋਂ 20 ਕੁ ਸਾਲ ਪਹਿਲਾਂ ਪਬਲਿਕ ਜਿਸ ਨੂੰ ਸਰਕਾਰੀ ਟਰਾਂਸਪੋਰਟ ਕਿਹਾ ਜਾਂਦਾ ਸੀ ਦੀ ਸਰਦਾਰੀ ਸੀ ਅਤੇ ਉਹਦੀਆਂ ਸੇਵਾਵਾਂ ਦੀ ਲੋਕਾਂ ਅੰਦਰ ਇਕ ਭਰੋਸਗੀ ਵੀ ਸੀ। 70 ਫੀ ਸਦੀ ਮਾਲਕੀ ਵਾਲੀ ਸਰਕਾਰੀ ਟਰਾਂਸਪੋਰਟ ਨੇ 70ਵਿਆਂ ਤੱਕ ਠੀਕ ਠਾਕ ਭੂਮਿਕਾ ਨਿਭਾਈ ਉਦੋਂ 30 ਕੁ ਫੀਸਦੀ ਹੀ ਪ੍ਰਾਈਵੇਟ ਟਰਾਂਸਪੋਰਟਰ ਸਨ ਜਿਨ੍ਹਾਂ ਕੋਲ ਜ਼ਿਆਦਾਤਰ ਜ਼ਿਲ੍ਹਾ ਪੱਧਰ ਦੇ ਹੀ ਰੂਟ ਪਰਮਿਟ ਸਨ। 80ਵਿਆਂ ਅਤੇ 90ਵਿਆਂ 'ਚ ਪੰਜਾਬ ਦੇ ਅੱਤਵਾਦ ਦੇ ਦੌਰ ਨੇ ਸਰਕਾਰੀ ਟਰਾਂਸਪੋਰਟ ਨੂੰ ਪ੍ਰਭਾਵਿਤ ਕੀਤਾ। ਸਰਕਾਰ ਨੇ ਫੰਡਾਂ ਤੋਂ ਹੱਥ ਖਿੱਚ ਲਏ। 90ਵਿਆਂ 'ਚ ਨਵੀਆਂ ਆਰਥਿਕ ਨੀਤੀਆਂ ਦੇ ਆਉਣ ਨਾਲ ਹੀ ਸਰਕਾਰੀ ਟਰਾਂਸਪੋਰਟ ਸੰਕਟ ਵੱਲ ਵਧਣੀ ਸ਼ੁਰੂ ਹੋ ਗਈ। ਸਰਕਾਰਾਂ ਦੀ ਸਰਕਾਰੀ ਟਰਾਂਸਪੋਰਟ ਨੂੰ ਵਿਕਸਿਤ ਕਰਨ ਦੀ ਦਿਲਚਸਪੀ ਜਾਂਦੀ ਰਹੀ। ਕਿਉਂਕਿ ਰਾਜਨੀਤੀ ਦੇ ਸਿਖਰ ਉਤੇ ਪ੍ਰਾਈਵੇਟ ਟਰਾਂਸਪੋਰਟ ਸਨ ਅੱਜ ਹਾਲਤ ਇਹ ਹੈ ਕਿ ਪ੍ਰਾਈਵੇਟ ਟਰਾਂਸਪੋਰਟਾਂ ਦੀਆਂ 5000 ਦੇ ਕਰੀਬ ਬੱਸਾਂ ਚਲ ਰਹੀਆਂ ਹਨ। ਸਰਕਾਰੀ ਅਦਾਰਿਆਂ ਕੋਲ ਮਹਿਜ 2500 ਤੋਂ ਘੱਟ ਬੱਸਾਂ ਹਨ। ਜਿਹੜੀਆਂ ਬਹੁਤੀਆਂ ਸਮਾਂ ਪੂਰਾ ਕਰ ਚੁੱਕੀਆਂ ਹਨ। ਪ੍ਰਾਈਵੇਟ ਟਰਾਂਸਪੋਰਟਰਾਂ ਦੀਆਂ ਕੁੱਲ ਬੱਸਾਂ 'ਚੋਂ 70 ਫੀਸਦੀ ਬੱਸਾਂ ਰਾਜਸੀ ਪਹੁੰਚ ਵਾਲੇ ਲੋਕਾਂ ਕੋਲ ਹਨ ਅਤੇ ਇਸ 'ਚੋਂ 600 ਬੱਸਾਂ ਕੁਝ ਕੁ ਰਾਜਕੀ ਪਰਿਵਾਰਾਂ ਕੋਲ ਹਨ ਜਿਨ੍ਹਾਂ 'ਚ ਬਾਦਲ ਕੋਲ 230 ਬੱਸਾਂ ਦੇ ਰੂਟ ਪਰਮਿਟ ਹਨ (ਬਿਨਾਂ ਪਰਮਿਟ ਦੀ ਗਿਣਤੀ ਅਲੱਗ ਹੈ) ਅਤੇ ਕਾਂਗਰਸੀ ਅਵਤਾਰ ਹੈਨਰੀ ਕੋਲ 80 ਰੂਟ ਪਰਮਿਟ ਹਨ। ਇਹ ਲਿਸਟ ਲੰਬੀ ਹੈ ਇਹਦੀ ਲੋੜ ਨਹੀਂ ਅਸੀਂ ਐਨਾ ਹੀ ਕਹਾਂਗੇ ਕਿ ਪਿਛਲੇਰੇ 25 ਸਾਲਾਂ ਵਿਚ ਟਰਾਂਸਪੋਰਟ ਵਿਭਾਗ ਨੇ ਜਿਹੜੇ 7078 ਰੂਟ ਪਰਮਿਟ ਜਾਰੀ ਕੀਤੇ ਉਨ੍ਹਾਂ 'ਚੋਂ 3274 ਨਿੱਜੀ ਟਰਾਂਸਪੋਰਟ ਦੇ ਹੱਥਾਂ 'ਚ ਸੌਂਪੇ ਗਏ। ਸਰਕਾਰੀ ਬੱਸਾਂ ਦੇ ਲਗਭਗ 1000 ਰੂਟ ਪਰਮਿਟ ਬੰਦ ਪਏ ਹਨ ਜਦੋਂਕਿ ਪ੍ਰਾਈਵੇਟ ਵੱਡੀ ਗਿਣਤੀ ਵਿਚ ਬਿਨਾਂ ਪਰਮਿਟ ਬਿਨਾਂ ਨਾਵਾਂ ਤੋਂ ਚਲਦੀਆਂ ਹਨ। ਇਹ ਟਰਾਂਸਪੋਰਟ ਵਿਭਾਗ ਬੜੀ ਚੰਗੀ ਤਰ੍ਹਾਂ ਜਾਣਦਾ ਹੈ, ਪਰ ਉਸ ਦੇ ਹੱਥ ਬੌਣੇ ਹਨ।

ਪਿਛਲੇਰੇ ਸਾਲਾਂ 'ਚ ਰਾਜ ਦੀ ਕੁਰਸੀ ਉਤੇ ਬਿਰਾਜਮਾਨ ਬਾਦਲ ਘਰਾਣੇ ਦੀਆਂ ਮਾਲਕੀ ਵਾਲੀਆਂ ਟਰਾਂਸਪੋਰਟਾਂ ਦੀਆਂ ਬੱਸਾਂ ਦੀ ਗਿਣਤੀ 'ਚ ਉੜਕਾ ਦਾ ਵਾਧਾ ਹੋਇਆ ਹੈ। ਕਿਸੇ ਵੇਲੇ ਚਾਰ ਬੱਸਾਂ ਦੀ ਮਾਲਕੀ ਵਾਲੇ ਬਾਦਲ ਪਰਿਵਾਰ ਕੋਲ 2007 ਵਿਚ 40 ਬੱਸਾਂ ਦੇ ਰੂਟ ਸਨ, ਹੁਣ 230 ਬੱਸਾਂ ਰੂਟ ਪਰਮਿਟ ਹਨ ਅਤੇ ਉਹ ਵੀ ਪੰਜਾਬ ਵਿਚ ਲੰਮੇ ਅਤੇ ਮੁਨਾਫ਼ੇ ਵਾਲੇ। ਇਨ੍ਹਾਂ ਨਿੱਜੀ ਰੂਟ ਪਰਮਿਟਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਬਿਨਾਂ ਪਰਮਿਟ ਅਤੇ ਬੇਨਾਮੇ ਰੂਟ ਪਰਮਿਟਾਂ ਦੀਆਂ ਕੰਨਸ਼ੋਆਂ ਵੀ ਹਨ। ਬਹੁਤੇਰੇ ਰੂਟ ਛੋਟੇ ਟਰਾਂਸਪੋਰਟਾਂ ਤੋਂ ਡਰਾ ਧਮਕਾ ਜਾਂ ਲਾਲਚ ਦੇ ਕੇ ਹਾਸਲ ਕੀਤੇ ਗਏ ਹਨ। ਇਹ ਇਕ ਕਾਲਾ ਇਤਿਹਾਸ ਹੈ ਸਾਡਾ ਇਹਦੇ ਨਾਲ ਕੋਈ ਲੈਣਾ ਦੇਣਾ ਨਹੀਂ। ਪਰ ਕਾਲੇ ਧੰਦੇ ਅਤੇ ਕਾਲੀ ਕਮਾਈ ਇਕ ਅਮਾਨਵੀ (ਗੈਰ ਮਨੁੱਖੀ) ਮਾਨਸਿਕਤਾ ਨੂੰ ਵੀ ਜਨਮ ਦਿੰਦੀ ਹੈ।

ਬਾਦਲ ਟਰਾਂਸਪੋਰਟ (ਔਰਬਿਟ, ਤਾਜ, ਡੱਬਵਾਲੀ, ਇੰਡੋਕੈਨੇਡੀਅਨ ਜਾਂ ਕੁਝ ਰੂਟ ਹੋਰ ਕੰਪਨੀਆਂ ਦੇ ਨਾਂ ਹੇਠ) ਨੇ ਪਿਛਲੇਰੇ 10 ਸਾਲਾਂ ਵਿਚ ਟਰਾਂਸਪੋਰਟ ਢਾਂਚੇ ਨੂੰ ਹੀ ਬਦਲ ਦਿੱਤਾ ਹੈ। ਸੱਤਾ ਦੀ ਸਰਕਾਰੀ ਅਤੇ ਤਾਨਾਸ਼ਾਹ ਪ੍ਰਵਿਤਰੀ ਨਾਲ ਜਿਥੇ ਇਨ੍ਹਾਂ ਮੁਨਾਫ਼ਾਪ੍ਰਸਤ ਰੂਟਾਂ ਉਤੇ ਕਬਜ਼ਾ ਕੀਤਾ ਹੈ, ਉਥੇ ਸਰਕਾਰੀ ਟਰਾਂਸਪੋਰਟਰਾਂ ਤੋਂ ਮਨਮਰਜ਼ੀ ਦੇ ਟਾਈਮ ਟੇਬਲ ਬਣਾਉਣਾ ਵੱਧ ਸਮਾਂ ਲੈਣਾ, ਸਰਕਾਰੀ ਬੱਸਾਂ 'ਚੋਂ ਜਬਰੀ ਸਵਾਰੀਆਂ ਲੈ ਕੇ, ਸਰਕਾਰੀ ਬੱਸਾਂ ਦੇ ਟਾਈਮ ਮਿਸ ਕਰਾਉਣ, ਸਵਾਰੀਆਂ ਚੁੱਕਣ ਨਾ ਦੇਣ, ਡਰਾਈਵਰਾਂ, ਕੰਡਕਟਰਾਂ ਦੀ ਕੁੱਟਮਾਰ ਕਰਨ ਆਦਿ ਨਾਲ ਪੂਰੇ ਟਰਾਂਸਪੋਰਟ ਦੀ ਦੁਨੀਆ 'ਚ ਆਪਣੀ ਹੈਂਕੜਮਈ ਸਰਦਾਰੀ ਸਥਾਪਤ ਕੀਤੀ ਹੋਈ ਹੈ। ਛੋਟੇ ਟਰਾਂਸਪੋਰਟਰ ਅਤੇ ਸਰਕਾਰੀ ਟਰਾਂਸਪੋਰਟ ਅਧਿਕਾਰੀ ਸਮੇਤ ਸਟੇਟ ਟਰਾਂਸਪੋਰਟ ਵਿਭਾਗ ਦੇ ਮਜ਼ਬੂਰ ਅਤੇ ਲਾਚਾਰ ਹਨ ਕਿਉਂਕਿ ਰਾਜ ਉਨ੍ਹਾਂ ਦੀ ਪਿੱਠ ਉਤੇ ਖੜ੍ਹਾ ਹੈ। ਇਨ੍ਹਾਂ ਨੇ ਰਾਜ ਟਰਾਂਸਪੋਰਟ ਵਿਭਾਗ ਦੇ ਨਿਯਮਾਂ ਨੂੰ ਵੀ ਸਦਾ ਟਿਚ ਜਾਣਿਆ ਹੈ।

ਕਿਉਂਕਿ ਨਿੱਜੀ ਪੂੰਜੀ ਦਾ ਇਕੋ ਇਕ ਧਰਮ ਆਪਣੇ ਮੁਨਾਫ਼ੇ 'ਚ ਓੜਕਾਂ ਦਾ ਵਾਧਾ ਕਰਨਾ ਹੀ ਹੁੰਦਾ ਹੈ। ਸੋ ਉਹਦੇ ਲਈ ਨਿਯਮ/ਅਸੂਲ ਕੋਈ ਮਹਿਣੇ ਨਹੀਂ ਰੱਖਦੇ। ਸੁਪਰੀਮ ਕੋਰਟ ਅਤੇ ਹਾਈਕੋਰਟ ਦੀਆਂ ਹਦਾਇਤਾਂ ਨੂੰ ਇਨ੍ਹਾਂ ਟਿੱਚ ਜਾਣਿਆ ਹੈ ਜਿਸ 'ਚ ਰੰਗਦਾਰ ਸ਼ੀਸ਼ਿਆਂ, ਹਰ ਕਿਸਮ ਦੇ ਪਰਚਿਆਂ ਅਤੇ ਮੁਲਾਜ਼ਮਾਂ ਦੀ ਵਰਦੀ, ਪਹਿਚਾਨ ਆਦਿ ਹਨ।

ਪੰਜਾਬ ਵਿਚ ਪਿਛਲੇਰੇ ਸਾਲਾਂ ਵਿਚ ਨਿੱਜੀ ਟਰਾਂਸਪੋਰਟ ਖੇਤਰ ਵਿਚ ਜਿੰਨਾ ਪੈਸਾ ਲੱਗਾ ਹੈ, ਇਹਦਾ ਵੱਡਾ ਹਿੱਸਾ ਕਿਸੇ ਉਤਪਾਦਨ ਖੇਤਰ 'ਚੋਂ ਨਹੀਂ ਆਇਆ ਸਗੋਂ ਇਹ ਪੂੰਜੀ ਵੱਖ ਤਰ੍ਹਾਂ ਦੀ ਗਰਾਂਟਾਂ, ਵਸੂਲੀਆਂ-ਫਿਰੌਤੀਆਂ ਜਾਂ ਸਰਕਾਰੀ ਖਜ਼ਾਨੇ 'ਚੋਂ ਗਲਤ ਢੰਗਾਂ ਨਾਲ ਹਾਸਲ ਕੀਤੇ ਫੰਡਾਂ ਰਾਹੀਂ ਇਕੱਠੀ ਹੋਈ ਹੈ ਜਿਸ ਕਰਕੇ ਇਸ ਦੇ ਸੁਭਾਅ 'ਚ ਲੰਪਨ ਪ੍ਰਵਿਤਰੀ ਹੈ। ਰੇਤ ਮਾਫ਼ੀਆ ਅਤੇ ਨਸ਼ਿਆਂ ਦੇ ਕਾਰੋਬਾਰਾਂ ਨਾਲ ਇਕੱਠੀ ਹੋਈ ਇਸ ਪੂੰਜੀ ਵਿਚ ਹਿੰਸਕ ਪ੍ਰਵਿਤਰੀ ਹੈ। ਹੁਣ ਪੂੰਜੀ ਦਾ ਸੁਭਾਅ ਹੈ ਦੂਸਰੇ ਨੂੰ ਪਿਛੇ ਸੁੱਟ ਕੇ ਅੱਗੇ ਲੰਘਣਾ ਪਰ ਇਹ ਪੂੰਜੀ ਜਿਹਨੂੰ ਕਰੌਨੀ (ਯਰਾਨਾ) ਪੂੰਜੀ ਕਹਿੰਦੇ ਹਨ ਦੂਜੇ ਨੂੰ ਕੁਚਲ ਕੇ ਦਰੜ ਕੇ ਅੱਗੇ ਲੰਘਦੀ ਹੈ ਅਤੇ ਲੰਘ ਰਹੀ ਹੈ। ਇਹੋ ਕਾਰਨ ਹੈ ਕਿ ਇਸ ਗੈਰ ਜਮਹੂਰੀ ਕਦਰਾਂ ਕੀਮਤਾਂ, ਅਣਮਨੁੱਖੀ ਵਿਹਾਰ, ਸੁਭਾਅ ਅਤੇ ਤਾਨਾਸ਼ਾਹ ਪ੍ਰਵਿਰਤੀ, ਅਭੱਦਰ ਭਾਸ਼ਾ ਆਦਿ ਸਾਰੀਆਂ ਅਲਾਮਤਾਂ ਵੇਖਣ ਨੂੰ ਮਿਲਦੀਆਂ ਹਨ। ਨਿੱਜੀ ਟਰਾਂਸਪੋਰਟ ਦੀਆਂ ਵੱਡੀਆਂ ਕੰਪਨੀਆਂ ਵਿਚ ਇਹ ਆਮ ਕਰਕੇ ਹੀ ਵੇਖਿਆ ਜਾ ਸਕਦਾ ਹੈ। ਇਨ੍ਹਾਂ ਨੂੰ ਇਸੇ ਮਾਹੌਲ ਕਰਕੇ ਲੁੰਪਨ ਅਤੇ ਵਿਹਲੜ ਕਿਸਮ ਦੇ (ਬੇਰੁਜ਼ਗਾਰ ਨੌਜਵਾਨਾਂ ਦੀ ਫੌਜ ਵਿਚੋਂ) ਨੌਜਵਾਨ ਮਿਲ ਜਾਂਦੇ ਹਨ ਜਿਨ੍ਹਾਂ 'ਚ ਸੱਤਾ ਦੇ ਨਸ਼ੇਈ ਪਿਉਂਦ ਪਿਛੋਂ ਇਨ੍ਹਾਂ ਵਿਚ ਲੁੰਮਨ ਹਿੰਸਕ ਪ੍ਰਵਿਰਤੀ ਹੋਰ ਵਧੇਰੇ ਘਰ ਕਰ ਜਾਂਦੀ ਹੈ। ਮਾਲਕ ਇਨ੍ਹਾਂ ਨੂੰ ਕੋਈ ਨਿਯਮਤ ਤਨਖਾਹ ਨਹੀਂ ਦਿੰਦੇ, ਚੰਗੇ ਕੱਪੜੇ, ਖੁੱਲ੍ਹਾ ਖਾਣ ਪੀਣ ਅਤੇ ਜਾਂ ਫਿਰ ਨਸ਼ਿਆਂ ਦੇ ਲਾਲਚ 'ਚ ਇਹ ਕਹਿੰਦੇ ਅਤਿ ਗੈਰ ਜ਼ਿੰਮੇਵਾਰਾਨਾ ਹਰਕਤਾਂ ਕਰਦੇ ਹਨ। ਪਿਛਲੇ ਸਮੇਂ 'ਚ ਇਨ੍ਹਾਂ ਕਰਿੰਦਿਆਂ ਵਲੋਂ ਪੰਜਾਬ ਦੇ ਹਰ ਖੇਤਰ ਵਿਚੋਂ ਜਿਹੜੀਆਂ ਵਾਰਦਾਤਾਂ ਦੀਆਂ ਰਿਪੋਰਟਾਂ ਅਖ਼ਬਾਰਾਂ ਰਾਹੀਂ ਸਾਹਮਣੇ ਆਉਂਦੀਆਂ ਰਹੀਆਂ ਹਨ ਇਨ੍ਹਾਂ ਦੀ ਇਕ ਲੰਬੀ ਲੜੀ ਹੈ। ਸੱਤਾ ਪੋਸ਼ਤ ਅਤੇ ਰਾਜਕੀ ਮਸ਼ੀਨਰੀ ਦੀ ਸੁਰੱਖਿਆ ਛਤਰੀ ਹੇਠ ਇਹ ਹਰ ਵਾਰਦਾਤ 'ਚੋਂ ਬਚ ਨਿਕਲਣ 'ਚ ਸਫ਼ਲ ਹੋ ਜਾਂਦੇ ਹਨ ਅਤੇ ਇਨ੍ਹਾਂ ਹਿੰਸਕ ਤੇ ਤਾਨਾਸ਼ਾਹ ਪ੍ਰਵਿਰਤੀ ਹੋਰ ਵਿਕਸਤ ਹੁੰਦੀ ਰਹਿੰਦੀ ਹੈ, ਜਿਹੜੀ ਜ਼ਰਾਇਮਪੇਸ਼ਾ ਸਰਗਰਮੀਆਂ ਦੀ ਵਾਹਕ ਬਣਦੀ ਹੈ। ਸੋ ਅਜਿਹੇ ਲੋਕਾਂ ਵਲੋਂ ਕੀਤੇ ਗਏ ਜ਼ੁਰਮਾਂ 'ਚੋਂ ਨਾ ਹੀ ਮਾਲਕ ਅਤੇ ਨਾ ਹੀ ਸੁਰੱਖਿਆ ਛੱਤਰੀ ਦੇਣ ਵਾਲੇ ਅਧਿਕਾਰੀ ਬਰੀ ਹੁੰਦੇ ਹਨ।

ਇਸ ਸਮੁੱਚੇ ਵਰਤਾਰੇ ਨੇ ਪੰਜਾਬ ਦੇ ਲਗਭਗ ਸਾਰੇ ਖਿੱਤਿਆਂ ਵਿਚ ਨਿੱਜੀ ਟਰਾਂਸਪੋਰਟ ਖੇਤਰ ਵਿਚ ਇਕ ਮਾਫ਼ੀਆ ਪੈਦਾ ਕੀਤਾ ਹੈ ਜਿਸ ਦਾ ਇਕ ਪੂਰਾ ਨੈਟਵਰਕ ਹੈ। ਹਰ ਅੱਡੇਉਤੇ ਹਰ ਬੱਸ ਤੋਂ 30 ਤੋਂ 50 ਰੁਪਏ ਦੀ ਵਸੂਲੀ ਉਤੇ ਪਲਣ ਵਾਲੇ ਇਸ ਮਾਫ਼ੀਏ ਵਲੋਂ ਹਰ ਸਾਲ ਕਰੋੜਾਂ ਰੁਪਏ ਦੀ ਵਸੂਲੀ ਕੀਤੀ ਜਾਂਦੀ ਹੈ। ਇਹ ਮਾਫ਼ੀਆ ਸਰਕਾਰੀ ਬੱਸਾਂ ਜਾਂ ਛੋਟੇ ਟਰਾਂਸਪੋਰਟਰਾਂ ਉਤੇ ਨਾ ਸਿਰਫ਼ ਧੌਂਸ ਰੱਖਦਾ ਹੈ ਸਗੋਂ ਗੈਰ ਇਖਲਾਕੀ ਵਿਹਾਰ ਕਰਦਾ ਸਵਾਰੀਆਂ ਨੂੰ ਚੁੱਕਣ ਨਹੀਂ ਦਿੰਦਾ। ਜੇ ਕੋਈ ਸਵਾਰੀ ਇਸ ਦਾ ਵਿਰੋਧ ਕਰੇ ਤਾਂ ਉਹਨੂੰ ਵੀ ਇਨ੍ਹਾਂ ਵਲੋਂ ਹੈਂਕੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਨ੍ਹਾਂ ਲਠੈਤਾਂ ਵਿਰੁੱਧ ਪੁਲਿਸ ਕੁਝ ਵੀ ਕਰਨ ਤੋਂ ਅਸਮਰਥਾ ਦਿਖਾਉਂਦੀ ਹੈ। ਉਹੀ ਜਿਹੜੀ ਗਰੀਬ ਲੋਕਾਂ ਉਤ ਵਰਦੀ ਦੀ ਧੌਂਸ ਜਮਾਉਂਦੀ ਹੈ। ਹਾਲਾਂਕਿ ਸ਼ੋਸ਼ਲ ਮੀਡੀਆ ਉਤੇ ਤਾਂ ਅਜਿਹੇ ਅਨਸਰਾਂ ਵਲੋਂ ਪੁਲਿਸ ਮੁਲਾਜ਼ਾਂ ਦੀ ਕੁੱਟ ਮਾਰ ਕਰਨ ਦੀਆਂ ਖ਼ਬਰਾਂ ਅਤੇ ਤਸਵੀਰਾਂ ਵੀ ਵੇਖੀਆਂ ਜਾ ਸਕਦੀਆਂ ਹਨ ਭਾਵ ਇਹ ਹੇਠਲੇ ਪੁਲਿਸ ਮੁਲਾਜ਼ਮਾਂ ਨਾਲ ਬਹੁਤ ਭੱਦੀ ਤਰ੍ਹਾਂ ਪੇਸ਼ ਆਉਂਦੇ ਹਨ।

ਔਰਬਿਟ ਬੱਸ ਕੰਪਨੀ ਤੇ ਉਹਦੀਆਂ ਸਹਾਇਕ ਕੰਪਨੀਆਂ ਉਤੇ ਪਿਛਲੇਰੇ ਦੋ ਕੁ ਸਾਲਾਂ ਵਿਚ ਲਗਭਗ 26 ਅਜਿਹੇ ਐਕਸੀਡੈਂਟਾਂ ਦੇ ਕੇਸ ਦਰਜ ਹਨ ਜਿਹੜੇ ਭੱਦੀ ਡਰਾਈਵਿੰਗ ਤੇਜ਼ ਰਫ਼ਤਾਰ ਦੀ ਵਜ੍ਹਾ ਕਰਕੇ ਹੋਏ। ਜਿਨ੍ਹਾਂ 'ਚ ਇਕ ਪੁਲਿਸ ਹਵਾਲਦਾਰ ਉਤੇ ਬੱਸ ਚਾੜ੍ਹ ਦੇਣਾ ਜਿਹੜੀਆਂ ਲੱਤਾਂ ਹਾਦਸੇ ਨਾਲ ਪ੍ਰਭਾਵਿਤ ਹੋਈਆਂ, ਫਰਵਰੀ 14 'ਚ ਸੰਘੇੜੇ (ਬਰਨਾਲੇ) 'ਚ ਬੱਸ ਹੇਠ ਲਤੜ ਕੇ ਇਕ ਮੌਤ, ਹਰੀਗੜ੍ਹ (ਬਰਨਾਲਾ) ਦੋ ਮੋਟਰ ਸਾਈਕਲ ਸਵਾਰਾਂ ਨੂੰ ਦਰੜਨਾ, ਤਰਕਸ਼ੀਲ ਚੌਕ 'ਚ ਬੱਚੇ ਨੂੰ ਕੁਚਲਣਾ, ਇਵੇਂ ਹੀ ਮਹਾਂਬੀਰ ਚੌਕ ਸੰਗਰੂਰ ਅਤੇ ਤਪੇ ਮੰਡੀ 'ਚ ਪੈਟਰੋਲ ਪੰਪ ਮਾਲਕ ਪਤੀ ਪਤਨੀ ਨੂੰ ਟਾਇਰਾਂ ਹੇਠ ਦਰੜਨਾ। ਗਿੱਲ ਚੌਕ ਲੁਧਿਆਣਾ 'ਚ ਗਿੱਲ ਚੌਕ ਪੁੱਲ ਉਤੇ ਇਕ ਉਚ ਪੁਲਿਸ ਅਧਿਕਾਰੀ ਦੇ ਲੜਕੇ ਨੂੰ ਦਰੜ ਕੇ ਕਤਲ ਕਰਨਾ ਅਤੇ ਹੁਣ ਬਾਘੇਪੁਰਾਣੇ 'ਚ ਲੜਕੀ ਨੂੰ ਚਲਦੀ ਬੱਸ 'ਚੋਂ ਹੇਠਾਂ ਸੁੱਟ ਕੇ ਕਤਲ ਕਰਨਾ ਅਤੇ ਉਹਦੀ ਮਾਂ ਨੂੰ ਇਵੇਂ ਹੀ ਜ਼ਖ਼ਮੀ ਕਰਨਾ। ਇਨ੍ਹਾਂ ਬੱਸਾਂ ਦੀ ਨਾ ਸਿਰਫ਼ ਭੱਦੀ ਡਰਾਈਵਿੰਗ ਹੀ ਹੈ ਸਗੋਂ ਇਨ੍ਹਾਂ ਦੇ ਦਹਿਸ਼ਤਜ਼ਾਦਾ ਹਾਰਨ ਵੀ ਹਨ। ਜਿਹਨੂੰ ਵਜਾਉਂਦਿਆਂ ਜਾਂ ਸੁਣਦਿਆਂ ਹੀ ਪੈਦਲ ਜਾਂ ਛੋਟੇ ਵਹੀਕਲ ਉਤੇ ਜਾਂਦਾ ਵਿਅਕਤੀ ਦਹਿਸ਼ਤਜਦਾ ਹੋ ਜਾਂਦਾ ਹੈ। ਜਿਵੇਂ ਹਾਰਨ ਕਹਿ ਰਿਹਾ ਹੋਵੇ-ਆਦਮ ਬੋ, ਆਦਮ ਬੋ। ਮਾਲਵੇ 'ਚ ਇਹਨੂੰ ਬੰਦੇ ਖਾਣੀ ਕੰਪਨੀ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਨ੍ਹਾਂ ਵਲੋਂ ਹਰ ਰੋਜ਼ ਕਿਤੇ ਨਾ ਕਿਤੇ ਲਤਾੜ ਕੇ ਲੰਘਣ ਦੀ ਖ਼ਬਰ ਤਾਂ ਆਉਂਦੀ ਹੈ, ਪਰ ਪੁਲਿਸ ਕੇਸ ਦਰਜ ਹੀ ਨਹੀਂ ਕਰਦੀ।

ਇਹ ਨਹੀਂ ਕਿ ਨਿੱਜੀ ਕੰਪਨੀਆਂ ਦੀਆਂ ਬੱਸਾਂ ਵਲੋਂ ਕੀਤੀਆਂ ਜਾਂਦੀਆਂ ਅਜਿਹੀਆਂ ਵਾਰਦਾਤਾਂ ਦੀਆਂ ਸ਼ਿਕਾਇਤਾਂ ਨਹੀਂ ਹੋਈਆਂ। ਜਸਵਿੰਦਰ ਸਿੰਘ ਪ੍ਰਿੰਸੀਪਲ ਨੇ ਸਟੇਟ ਟਰਾਂਸਪੋਰਟ ਅਥਾਰਟੀ ਦੀਆਂ ਕਈ ਸ਼ਿਕਾਇਤਾਂ ਲਿਖੀਆਂ ਪਰ ਕੋਈ ਜਵਾਬ ਨਹੀਂ ਮਿਲਿਆ ਔਰਬਿਟ ਕੰਪਨੀ ਦੇ ਮਾਲਕ ਸੁਖਬੀਰ ਬਾਦਲ ਦੇ ਫੇਸਬੁੱਕ ਉਤੇ ਬਸ ਕਰਿੰਦਿਆਂ ਦੀਆਂ ਧੱਕੇਸ਼ਾਹੀਆਂ, ਭੱਦੇ ਵਿਹਾਰ, ਭੱਦੀ ਡਰਾਈਵਿੰਗ ਆਦਿ ਨੂੰ ਲੈ ਕੇ ਅਨੇਕਾਂ ਸ਼ਿਕਾਇਤਾਂ ਇਤਰਾਜ਼ ਵੇਖੇ ਜਾ ਸਕਦੇ ਹਨ ਪਰ ਇਸ ਘਟਨਾ ਤੋਂ ਪਹਿਲਾਂ ਉਹਨਾਂ ਨੇ ਅਜਿਹੀਆਂ ਸ਼ਿਕਾਇਤਾਂ ਨੂੰ ਗੌਲਿਆ ਹੀ ਨਹੀਂ। ਬਾਘੇਪੁਰਾਣੇ ਦੀ ਘਟਨਾ ਪਿਛੋਂ ਪੰਜਾਬ ਭਰ ਵਿਚੋਂ ਉਠੀ ਵਿਰੋਧ ਲਹਿਰ ਦੇ ਦਬਾਅ ਹੇਠ ਸ੍ਰੀਮਾਨ ਬਾਦਲ ਔਰਬਿਟ ਕੰਪਨੀ ਦੀਆਂ ਬੱਸਾਂ ਨੂੰ ਵਕਤੀ ਤੌਰ ਉਤੇ ਬੰਦ ਕਰਨ ਅਤੇ ਕਰਿੰਦਿਆਂ ਨੂੰ ਸਿਖਲਾਈ ਸਕੂਲਿੰਗ ਲਈ ਜਿਹੜੀਆਂ ਕਲਾਸਾਂ ਲਵਾ ਰਹੇ ਹਨ, ਇਹਦੀ ਲੋੜ ਤਾਂ ਕਰਿੰਦੇ ਭਰਤੀ ਕਰਨ ਤੋਂ ਪਹਿਲਾਂ ਟਰਾਂਸਪੋਰਟ ਨਿਯਮ ਸੂਚੀ ਵਿਚ ਅੰਕਿਤ ਹੈ।

ਮੁਢਲੇ 4-5 ਮਈ ਤੱਕ ਪੁਲਿਸ ਅਧਿਕਾਰੀਆਂ ਨੇ ਪ੍ਰਵਾਨ ਕੀਤਾ ਸੀ ਕਿ ਮੋਗੇ ਤੋਂ ਬਠਿੰਡਾ ਜਾ ਰਹੀ ਔਰਬਿਟ ਕੰਪਨੀ ਦੀ ਬੱਸ ਆਪਦਾ ਰੂਟ ਪਰਮਿਟ ਪੇਸ਼ ਨਹੀਂ ਕਰ ਸਕੀ। ਇਸ ਘਟਨਾ ਨੇ ਇਸ ਚਰਚਾ ਨੂੰ ਹਕੀਕੀਜਾਮਾ ਪਹਿਨਾ ਦਿੱਤਾ ਸੀ ਕਿ ਵੱਡੇ ਘਰਾਣਿਆਂ ਦੀਆਂ ਬਹੁਤੇਰੀਆਂ ਬੱਸਾਂ ਬਿਨਾਂ ਤਹਿਸ਼ੁਦਾ ਰੂਟ ਜਾਂ ਰੂਟ ਪਰਮਿਟ ਜਾਂ ਫਿਰ ਟਾਈਮ ਟੇਬਲ ਤੋਂ ਚਲਦੀਆਂ ਹਨ। ਟਰਾਂਸਪੋਰਟ ਨਿਯਮਾਂ ਦੀ ਘੋਰ ਉਲੰਘਣਾ ਦੇ ਨਾਲ ਨਾਲ ਸੁਪਰੀਮ ਕੋਰਟ ਹਦਾਇਤਾਂ (ਰੰਗਦਾਰ ਸ਼ੀਸ਼ੇ ਅਤੇ ਪਰਦੇ ਲੱਗੇ ਹੋਣਾ) ਦੀ ਉਲੰਘਣਾ ਦਾ ਟਰਾਂਸਪੋਰਟ ਵਿਭਾਗ ਜਾਂ ਪੁਲਿਸ ਵਿਭਾਗ ਨੇ ਕਦੇ ਨੋਟਿਸ ਕਿਉਂ ਨਹੀਂ ਲਿਆ? ਹੁਣ ਜਿਹੜੇ ਵੱਡੇ ਘਰਾਣੇ ਗਰੀਬ ਦਲਿਤ ਦੀ ਲੜਕੀ ਦਾ ਕਤਲ ਕਰਕੇ 24 ਲੱਖ 'ਚ ਖ੍ਰੀਦ ਸਕਦੇ ਹਨ ਇਨ੍ਹਾਂ ਬੇਨਿਯਮੀਆਂ ਨੂੰ ਵੀ ਸਰਕਾਰੀ ਅਮਲੇ ਫੈਲੇ ਰਾਹੀਂ ਪੂਰਾ ਕਰ ਲੈਣਗੇ।

ਪਿਛਲੇਰੇ 10-15 ਸਾਲਾਂ ਵਿਚ ਔਰਤਾ ਵਿਰੁੱਧ ਅਪਰਾਧਾਂ ਵਿਚ ਜਿੰਨਾ ਵਾਧਾ ਹੋਇਆ ਹੈ ਇਹਨੇ ਹਰ ਪੰਜਾਬੀ ਨੂੰ ਸੋਚਣ ਲਾ ਦਿੱਤਾ ਹੈ ਕਿ ਉਹਦੀ ਧੀ, ਭੈਣ, ਮਾਂ ਪੰਜਾਬ ਵਿਚ ਸੁਰੱਖਿਅਤ ਨਹੀਂ ਨਾ ਸਿਰਫ਼ ਬੱਸਾਂ ਵਿਚ ਸਗੋਂ ਹਰ ਜਗ੍ਹਾ ਹਰ ਖੇਤਰ ਵਿਚ ਵਧ ਰਹੀਆਂ ਇਨ੍ਹਾਂ ਘਟਨਾਵਾਂ ਪਿਛੋਂ ਲੋਕਾਂ ਜਾਂ ਅਖ਼ਬਾਰਾਂ ਦੇ ਮੂੰਹ ਤੇ ਕਲਮ ਉਤੇ ਇਸ ਨੂੰ ਗੁੰਡਾ ਰਾਜ ਕਹਿ ਕੇ ਛੁਟਿਆਇਆ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਲਈ ਇਹ ਸਦੀਓਂ ਬਰਦਾਸ਼ਤ ਤੋਂ ਬਾਹਰ ਹੈ।

ਨਿੱਜੀ ਟਰਾਂਸਪੋਰਟਰਾਂ ਵਲੋਂ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨਾਲ ਜਿਹੜਾ ਟਕਰਾਅ ਥਾਂ ਪੁਰ ਥਾਂ ਪੈਦਾ ਹੋ ਰਿਹਾ ਹੈ ਅਤੇ ਪੁਲਿਸ ਮਸਲੇ ਦੀ ਧੁਰੀ



ਸਮਝਣ ਜਾਂ ਹੱਲ ਲੱਭਣ ਦੀ ਥਾਂ ਵਿਦਿਆਰਥੀਆਂ ਨੂੰ ਨਜਾਇਜ਼ ਕੇਸਾਂ ਵਿਚ ਉਲਝਾਉਣ ਦਾ ਰਾਹ ਅਖ਼ਤਿਆਰ ਕਰਦੀ ਹੈ ਇਹ ਇਕ ਹੋਰ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨੂੰ ਰਿਐਤੀ ਬੱਸ ਪਾਸਾਂ ਜਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਬੱਸ ਅੱਡਿਆਂ ਤੋਂ ਚੁੱਕਣ ਦੀ ਇਕ ਸਾਰ ਨੀਤੀ ਬਣਾਉਣੀ ਚਾਹੀਦੀ ਹੈ। ਜਿਹੜੀ ਸਰਕਾਰੀ ਅਤੇ ਨਿੱਜੀ ਦੋਹਾਂ ਉਤੇ ਹੀ ਲਾਗੂ ਹੋਵੇ। ਨਿੱਜੀ ਟਰਾਂਸਪੋਰਟਰਾਂ ਵਲੋਂ ਵਿਦਿਆਰਥੀਆਂ ਨਾਲ ਕੀਤਾ ਜਾਂਦਾ ਧੱਕੜਸ਼ਾਹ ਵਿਉਹਾਰ ਮੰਦਭਾਗਾ ਹੈ। ਨਿੱਜੀ ਖੇਤਰ ਨੂੰ, ਲੋਕਾਂ ਨੂੰ ਸੇਵਾਵਾਂ ਦੇਣ ਦੀ ਜੋ ਵਚਨਬੱਧਤਾ ਪ੍ਰਗਟਾਈ ਹੈ, ਉਤੇ ਪਾਬੰਦ ਹੋਣਾ ਚਾਹੀਦਾ ਹੈ। ਪ੍ਰਾਈਵੇਟ ਟਰਾਂਸਪੋਰਟਰ ਸਰਵਜਨਕ ਸੇਵਾਵਾਂ ਦੇਣ ਲਈ ਉਵੇਂ ਹੀ ਵਚਨਬੱਧ ਹਨ ਜਿਵੇਂ ਸਰਕਾਰੀ ਟਰਾਂਸਪੋਰਟਰ ਦੇ ਕਰਮਚਾਰੀ।

ਸਵਾਲ ਇਹ ਉਠਦਾ ਹੈ ਕਿ ਕੀ ਬਾਘੇਪੁਰਾਣੇ ਨੇੜੇ ਵਾਪਰੇ ਸ਼ਰਮਨਾਕ ਕਾਂਡ ਦੀ ਜ਼ਿੰਮੇਵਾਰੀ ਮਾਲਕ ਦੀ ਨਹੀਂ? ਦਿੱਲੀ 'ਚ ਕੁਬੇਰ ਟੈਕਸੀ ਵਿਚ ਵਾਪਰੀ ਘਟਨਾ ਅਤੇ ਫਿਰ ਦਿੱਲੀ ਦਾਮਨੀ ਕਾਂਡ ਸਮੇਂ ਦੋਸ਼ੀਆਂ ਦੇ ਨਾਲ ਮਾਲਕ ਨੂੰ ਵੀ ਅਜਿਹੇ ਕੇਸਾਂ ਵਿਚ ਇਸ ਆਧਾਰਤ ਨਾਮਜ਼ਦ ਕੀਤਾ ਕਿ ਮੁਸਾਫ਼ਰਾਂ ਨੂੰ ਤੰਦਰੁਸਤ ਅਤੇ ਯੋਗ ਸੇਵਾਵਾਂ ਦੇਣ ਦੀ ਵਚਨਬੱਧ ਮਾਲਕ ਦੀ ਹੈ। ਜਦੋਂ ਮਾਲਕ ਇਹ ਸੇਵਾਵਾਂ ਦੇਣ ਤੋਂ ਅਸਮਰਥ ਰਿਹਾ ਏ ਤਾਂ ਉਹ ਵੀ ਉਦੋਂ ਹੀ ਗੁਨਾਹਗਾਰ ਹੈ। ਫਿਰ ਬਾਘੇਪੁਰਾਣੇ ਕਾਂਡ ਵਿਚੋਂ ਮਾਲਕ ਕਿਵੇਂ ਬਰੀ ਹੋ ਸਕਦਾ ਹੈ। ਉਹ ਤਾਂ ਹੋਰ ਵੀ ਵੱਧ ਦੋਸ਼ੀ ਹੈ ਕਿਉਂਕਿ (ੳ) ਡਰਾਈਵਰ ਆਪਣਾ ਡਰਾਈਵਿੰਗ ਲਾਇਸੰਸ ਸਮੇਂ ਸਿਰ ਨਹੀਂ ਦੇ ਸਕਿਆ (ਅ) ਬੱਸ ਬਿਨਾਂ ਰੂਟ ਪਰਮਿਟ ਅਤੇ ਬਿਨਾਂ ਸਮਾਂ ਸਾਰਨੀ ਸੀ (ੲ) ਬੱਸ ਦੇ ਸ਼ੀਸ਼ੇ ਕਾਲੇ ਅਤੇ ਪਰਦੇ ਸਨ (ਸ) ਡਰਾਈਵਰ ਅਪਰਾਧਿਕ ਪਿਛੋਕੜ (ਹ) ਸੁਪਰੀਮ ਕੋਰਟ ਦੇ ਆਦੇਸ਼ਾਂ ਅਤੇ ਟਰਾਂਸਪੋਰਟ ਨਿਸਮਾਂ ਅਨੁਸਾਰ ਸਿਰਫ਼ ਦੋ (ਡਰਾਈਵਰ ਅਤੇ ਕੰਡਕਟਰ ਦੇ ਸਟਾਫ਼ ਤੋਂ ਵਧੇਰੇ ਬੇਲੋੜਾ ਸਟਾਫ਼ ਭਾਵ ਲਠੈਤ ਗ੍ਰੋਹ। ਉਹ ਇਸ ਮਾੜੇ ਕਾਰੇ ਅਤੇ ਦਰਦਨਾਕ ਕਤਲ ਦੀ ਜ਼ਿੰਮੇਵਾਰੀ ਤੋਂ ਕਿਵੇਂ ਮੁਕਤ ਹੋ ਸਕਦਾ ਹੈ।

ਬੇਸ਼ੱਕ ਮੁੱਖ ਮੰਤਰੀ ਨੇ ਪੀੜਤ ਪਰਿਵਾਰ ਨੂੰ ਦਿੱਤੀ 24 ਲੱਖ ਦੀ ਰਾਸ਼ੀ ਨੂੰ ਔਰਬਿਟ ਕੰਪਨੀ ਦੇ ਖਾਤੇ 'ਚੋਂ ਰੈਡ ਕਰਾਸ ਨੂੰ ਦੇਣਾ ਸਵੀਕਾਰਿਆ ਹੈ ਪਰ ਔਰਬਿਟ ਬੱਸਾਂ ਦੀ ਸੁਰੱਖਿਆ ਅਤੇ 30 ਅਪ੍ਰੈਲ ਲੈ ਕੇ ਹੁਣ ਪੁਲਿਸ, ਪ੍ਰਸ਼ਾਸਨ ਵਲੋਂ ਇਸ ਕੰਪਨੀ ਦੇ ਗੁਨਾਹਾਂ ਕਰਕੇ ਸੁਰੱਖਿਆ ਅਤੇ 3 ਮਈ ਨੂੰ 'ਫਰਜ਼ੀ ਦਹਿਸ਼ਤੀ ਸਮਝੌਤੇ' ਦੀ ਜਿਹੜੀ ਜ਼ਿੰਮੇਵਾਰੀ ਜਾਂ ਸੇਵਾ ਨਿਭਾਈ ਇਹ ਸਮੁੱਚੇ ਖਰਚੇ ਰਾਜ ਸਰਕਰ ਦੇ ਖਾਤੇ 'ਚੋਂ ਅਦਾ ਕਿਉਂ ਹੋਣ। ਇਹ ਰਾਸ਼ੀ ਵੀ ਔਰਬਿਟ ਬੱਸ ਕੰਪਨੀ ਪਾਸੋਂ ਵਸੂਲੀ ਜਾਣੀ ਚਾਹੀਦੀ ਹੈ ਨਾ ਕਿ ਲੋਕਾਂ ਦੀਆਂ ਜੇਬਾਂ 'ਚੋਂ।

ਬਿਨਾਂ ਰੂਟ ਅਤੇ ਰੰਗਦਾਰ ਸ਼ੀਸ਼ੇ, ਪਰਦਿਆਂ ਵਾਲੀਆਂ ਸਾਰੀਆਂ ਬੱਸਾਂ ਜ਼ਬਤ ਹੋਣੀਆਂ ਚਾਹੀਦੀਆਂ ਹਨ। ਹਰ ਕਿਸਮ ਦਾ 'ਵਾਧੂ' ਸਟਾਫ਼ ਜਾਂ ਹਰ ਬੱਸ ਸਟਾਪ ਉਤੇ ਖੜ੍ਹੀ ਕੀਤੀ ਲਠੈਤ ਦੀ ਫੌਜ ਜਿਹਨੂੰ ਅੱਡਾ ਇੰਚਾਰਜ ਦਾ ਨਾਂ ਦਿੱਤਾ ਗਿਆ ਹੈ, ਵਿਰੁੱਧ ਸਖ਼ਤ ਐਕਸ਼ਨ ਲਏ। ਇਨ੍ਹਾਂ ਸਮੇਤ ਹਾਕਰਾਂ ਉਤੇ ਪਾਬੰਦੀ ਲਾਈ ਜਾਵੇ ਅਤੇ ਜਿਥੇ ਲੋੜ ਹੋਵੇ ਸਰਕਾਰੀ ਟਰਾਂਸਪੋਰਟ ਅਤੇ ਟਰਾਂਸਪੋਰਟ ਵਿਭਾਗ ਅਜਿਹੇ ਜ਼ਿੰਮੇਵਾਰ ਕਰਮਚਾਰੀ ਨਿਯੁਕਤ ਕਰੇ। ਮੋਟਰ ਵਹੀਕਲ ਐਕਟ ਅਜਿਹੇ ਕਿਸੇ ਲਠੈਤ ਅਮਲੇ ਦੀ ਇਜ਼ਾਜਤ ਨਹੀਂ ਦਿੰਦਾ।

ਮੋਟਰ ਵਹੀਕਲ ਐਕਟ 1988 ਮੁਤਾਬਕ ਡਰਾਈਵਰ ਅਤੇ ਕੰਡਕਟਰ ਲਾਇਸੰਸ ਸ਼ੁਦਾ ਅਤੇ ਸਿੱਖਿਅਤ ਹੋਣ ਅਤੇ ਉਨ੍ਹਾਂ ਵਲੋਂ ਲੋਕਾਂ ਨਾਲ ਕੀਤੇ ਜਾ ਰਹੇ ਵਿਉਪਾਰ ਦੀ ਜ਼ਿੰਮੇਵਾਰੀ ਖੁਦ ਕੰਪਨੀ ਅਦਾਰਾ (ਨਿੱਜੀ ਜਾਂ ਸਰਕਾਰੀ) ਕਬੂਲੇ।

ਹਰ ਬੱਸ ਵਿਚ ਦੋਹਾਂ ਮੁਲਾਜ਼ਮਾਂ ਦੀ ਪਹਿਚਾਣ ਪਲੇਟ ਅਜਿਹੀ ਢੁਕਵੀਂ ਥਾਂ ਅੰਕਿਤ ਹੋਵੇ ਜਿਸ ਨੂੰ ਮੁਸਾਫਰ ਸੌਖਿਆਂ ਹੀ ਹਾਸਲ ਕਰ ਸਕਣ ਜਿਨ੍ਹਾਂ ਉਤੇ ਉਨ੍ਹਾਂ ਦਾ ਨਾਮ ਨੰਬਰ, ਡਰਾਈਵਿੰਗ ਲਾਇਸੰਸ ਜਾਂ ਕੰਡਕਟਰ ਲਾਇਸੰਸ ਨੰਬਰ, ਫੋਟੋ ਅਤੇ ਸਮੁੱਚਾ ਵੇਰਵਾ ਦਰਜ ਹੋਵੇ। ਇਹ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਅਨੁਸਾਰ ਹੋਵੇ।

ਇਵੇਂ ਹੀ ਸੁਪਰੀਮ ਕੋਰਟ ਦੇ ਆਦੇਸ਼ਾਂ ਮੁਤਾਬਕ ਵਹੀਕਲ ਦੀ ਮਾਲਕੀ, ਰੂਟ ਨੰਬਰ, ਬੱਸ ਨੰਬਰ ਸਮੇਤ ਫੋਨ ਅਤੇ ਅਡਰੈਸ ਦੇ ਬਾਹਰਵਾਰ ਕਿਸੇ ਯੋਗ ਥਾਂ ਉਤੇ ਲਿਖਿਆ ਹੋਣਾ ਚਾਹੀਦਾ ਹੈ।

ਬੱਸ ਦੇ ਅੰਦਰ, ਕਿਸੇ ਨੋਡਲ ਅਧਿਕਾਰੀ, ਨੇੜਲੇ ਪੁਲਿਸ ਸਟੇਸ਼ਨ ਜਾਂ ਅਜਿਹੇ ਵਿਭਾਗੀ ਅਧਿਕਾਰੀ ਦਾ ਨਾਂ ਪਤਾ ਫੋਨ ਵੀ ਅੰਕਿਤ ਹੋਵੇ ਜਿਸ ਨੂੰ ਸ਼ਿਕਾਇਤ ਪਹੁੰਚਾਈ ਜਾ ਸਕਦੀ ਹੈ ਅਤੇ ਹਰ ਸ਼ਿਕਾਇਤ ਦਾ ਰਿਕਾਰਡ ਦਰਜ ਹੋਵੇ। ਹਰ ਮੁਲਾਜ਼ਮ/ਕਰਮਚਾਰੀ ਸਰਕਾਰੀ ਜਾਂ ਪ੍ਰਾਈਵੇਟ ਦੀਆਂ ਸ਼ਿਕਾਇਤਾਂ ਦੇ ਬਿਊਰੇ ਦੇ ਆਧਾਰ ਉਸ ਸਬੰਧੀ ਵਿਭਾਗ ਕਮੈਂਟ ਜਾਂ ਐਕਸ਼ਨ ਹੋਣ ਅਤੇ ਇਹ ਅਜੋਕੇ ਮੀਡੀਏ ਉਤੇ ਉਪਲਬਧ ਹੋਣ।

ਹਰ ਬੱਸ ਦੀ ਟਿਕਟ ਉਤੇ ਰੂਟ ਪਰਮਿਟ ਨੰਬਰ ਸਮਾਂ ਅਤੇ ਬੱਸ ਨੰਬਰ ਦਾ ਵੇਰਵਾ ਦਰਜ ਹੋਵੇ ਜਿਵੇਂ ਆਧੁਨਿਕ ਸਰਕਾਰੀ ਬੱਸਾਂ ਵਿਚ ਮਸ਼ੀਨਾਂ ਰਾਹੀਂ ਅੰਕਿਤ ਹੁੰਦਾ ਹੈ।

ਔਰਤਾਂ ਵਿਰੁੱਧ ਅਪਰਾਧਾਂ ਨੂੰ ਜਾਂ ਹਾਦਸਿਆਂ ਨੂੰ ਕੁਝ ਰੋਕ ਲਾਉਣ ਲਈ ਹਰ ਬੱਸ ਵਿਚ ਟੈਕੋਗਰਾਫ ਚਾਰਟ ਅਤੇ ਗਲੋਬਲ ਪੁਜੀਸ਼ਨ ਸਿਸਟਮ ਲਾਏ ਜਾਣ ਜਿਸ ਨਾਲ ਹਰ ਬੱਸ ਦਾ ਰੂਟ, ਸਪੀਡ ਦਾ ਵੇਰਵਾ ਅਤੇ ਬੱਸ ਦੀ ਪੁਜੀਸ਼ਨ ਦਰਜ ਹੋਵੇ ਜਿਸ ਰਿਕਾਰਡਿੰਗ ਤੇ ਗਰਾਫ ਦਾ ਹਰ ਰੋਜ਼ ਮੁਲੰਕਣ ਹੋਵੇ।

ਇਹਦੇ ਨਾਲ ਹੀ ਹਰ ਬੱਸ ਵਿਚ ਘੱਟੋ ਘੱਟ ਤਿੰਨ ਸੀ. ਸੀ. ਟੀ. ਵੀ. ਕੈਮਰੇ ਵੀ ਲੱਗੇ ਹੋਣ। ਬੱਸ ਅੰਦਰ ਸ਼ਿਕਾਇਤ ਪੁਸਤਕਾਂ ਅਤੇ ਪੇਟੀ ਹੋਵੇ ਜਿਸ ਨੂੰ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਦੀ ਨਿਗਰਾਨੀ ਹੇਠ ਖੋਲ੍ਹਿਆ ਜਾਵੇ। ਇਹ ਪ੍ਰਬੰਧ ਉੜੀਸਾ ਦੀ ਸਰਕਾਰ ਨੇ ਲਾਗੂ ਕੀਤੇ ਹੋਏ ਹਨ।

ਜਸਟਿਸ ਵਰਮਾ ਕਮੇਟੀ ਦੀਆਂ ਹਦਾਇਤਾਂ ਮੁਤਾਬਕ ਸ਼ਾਮ 5.30 ਵਜੇ ਤੋਂ ਸਵੇਰੇ 7.30 ਵਜੇ ਤੱਕ ਹਰ ਬੱਸ ਵਿਚ ਇਕ ਲੇਡੀ ਪੁਲਿਸ ਕਰਮਚਾਰੀ ਤਾਇਨਾਤ ਹੋਵੇ। ਬੱਸ ਲੈ ਕੇ ਜਾਣਾ ਯਕੀਨੀ ਹੋਵੇ। ਬੱਸ ਅੱਡੇ ਅਤੇ ਚੌਕਾਂ ਵਿਚ ਪੁਲਿਸ ਸਾਦੇ ਕੱਪੜਿਆਂ 'ਚ ਖੜ੍ਹੀ ਹੋਵੇ। ਬੱਸ ਕੰਡਕਟਰ ਜਾਂ ਡਰਾਈਵਰ ਵਲੋਂ ਕੀਤੀ ਜਾਂਦੀ ਮਾੜੀ ਘਟਨਾ ਦੀ ਲਿਖਤੀ ਇਤਲਾਹ ਬੱਸ ਮਾਲਕ ਪੁਲਿਸ ਤੱਕ ਪਹੁੰਚਾਵੇ। ਇਹ ਡਰਾਈਵਰ, ਮਾਲਕ ਜਾਂ ਕੰਡਕਟਰ ਦੀਆਂ ਡਿਊਟੀਆਂ ਹਨ ਜੋ ਵਰਮਾ ਕਮੇਟੀ ਦੀਆਂ ਸਿਫਾਰਸ਼ਾਂ 'ਚ ਅੰਕਿਤ ਹਨ, ਨੂੰ ਯਕੀਨੀ ਬਣਾਇਆ ਜਾਵੇ।

ਪੰਜਾਬ ਵਿਚ ਸਰਕਾਰੀ ਟਰਾਂਸਪੋਰਟ ਨੂੰ ਉਤਸ਼ਾਹਿਤ ਕੀਤਾ ਜਾਵੇ। ਲੰਮੇ ਰੂਟਾਂ ਉਤੇ ਸਰਕਾਰੀ ਰੂਟ ਨੂੰ ਯਕੀਨੀ ਬਣਾਇਆ ਜਾਵੇ ਅਤੇ ਪ੍ਰਾਈਵੇਟ ਨਿੱਜੀ ਬੱਸਾਂ ਪਾਸੋਂ ਇਹ ਰੂਟ ਵਾਪਸ ਲਏ ਜਾਣ। ਹਾਲਾਂਕਿ ਪਿਛਲੇਰੇ ਕਈ ਸਾਲਾਂ ਤੋਂ ਸੁਪਰੀਮ ਕੋਰਟ ਨੇ ਨਵੇਂ ਰੂਟ ਪਰਮਿਟ ਦੇਣ ਦੀ ਮਨਾਹੀ ਕੀਤੀ ਹੋਈ ਹੈ ਫਿਰ ਵੀ ਨਿੱਜੀ ਟਰਾਂਸਪੋਰਟ ਕੋਲ ਰੂਟ ਪਰਮਿਟ ਕਿਵੇਂ ਵਧਦੇ ਜਾ ਰਹੇ ਹਨ ਇਹ ਇਕ ਸਵਾਲ ਹੈ। ਦਰਅਸਲ ਸਰਕਾਰੀ ਨੀਤੀ ਨੂੰ ਇਵੇਂ ਬਣਾਇਆ ਗਿਆ ਹੈ ਕਿ ਵੱਡੇ ਟਰਾਂਸਪੋਰਟ ਘਰਾਣਿਆਂ ਨੂੰ ਇਸ ਦਾ ਲਾਹਾ ਮਿਲੇ। ਮਿਸਾਲ ਵਜੋਂ ਲਗਜ਼ਰੀ ਅਤੇ ਸੁਪਰ ਲਗਜ਼ਰੀ ਬੱਸਾਂ ਦੇ ਮਾਮਲੇ 'ਚ ਬਹੁਤ ਸਾਫ਼ ਹੈ, ਇਨ੍ਹਾਂ ਬੱਸਾਂ ਉਤੇ ਲੱਗਣ ਵਾਲੇ ਟੈਕਸ 'ਚੋਂ ਨਿੱਜੀ ਮਾਲਕੀ ਵਾਲੀਆਂ ਬੱਸਾਂ ਨੂੰ 90 ਫੀਸਦੀ ਟੈਕਸਾਂ ਦੀ ਰਿਆਇਤ ਹੈ ਜਦੋਂ ਕਿ ਸਰਕਾਰੀ ਖੇਤਰ ਦੀਆਂ ਅਜਿਹੀਆਂ ਹੀ ਬੱਸਾਂ ਲਈ ਸਿਰਫ਼ 5 ਫੀਸਦੀ ਛੋਟ ਹੈ। ਰਾਜ ਵਿਚ ਚਲ ਰਹੀਆਂ ਅਜਿਹੀਆਂ ਬੱਸਾਂ ਦੀ ਗਿਣਤੀ ਲਗਭਗ 492 ਹੈ ਜਿਨ੍ਹਾਂ 'ਚੋਂ 203 ਬੱਸਾਂ ਪ੍ਰਾਈਵੇਟ ਟਰਾਂਸਪੋਰਟ ਦੀਆਂ ਹਨ ਇਨ੍ਹਾਂ 'ਚੋਂ ਇਕੱਲੇ ਬਾਦਲ ਪਰਿਵਾਰ ਕੋਲ 176 ਬੱਸਾਂ ਹਨ। ਅੱਜ ਬੱਸ ਮੁਸਾਫ਼ਰਾਂ ਦਾ ਵੱਡਾ ਹਿੱਸਾ ਪ੍ਰਾਈਵੇਟ ਬੱਸਾਂ ਦੇ ਹਿੱਸੇ ਆਉਂਦਾ ਹੈ ਜਦੋਂ ਕਿ ਸਰਕਾਰੀ ਬੱਸਾਂ ਕੋਲ ਮਸੀਂ ਦੋ ਫੀਸਦੀ ਮੁਸਾਫਰ ਰਹਿ ਗਏ ਹਨ। ਉਧਰ ਛੋਟੀਆਂ ਮਿੰਨੀ ਬੱਸਾਂ ਉਤੇ ਟੈਕਸ ਦਾ ਬੋਝ ਲੱਦ ਦਿੱਤਾ ਗਿਆ ਹੈ। ਟਰਾਂਸਪੋਰਟ ਨੀਤੀ ਸਰਕਾਰੀ ਟਰਾਂਸਪੋਰਟ ਤੇ ਛੋਟੀ ਟਰਾਂਸਪੋਰਟ ਨੂੰ ਫੇਲ੍ਹ ਕਰਨ ਦੀ ਹੈ ਅਤੇ ਪ੍ਰਾਈਵੇਟ ਵੱਡੇ ਘਰਾਣਿਆਂ ਦੀ ਟਰਾਂਸਪੋਰਟ ਨੂੰ ਉਤਸ਼ਾਹਿਤ ਕਰਨ ਦੀ ਹੈ। ਸਾਡੇ ਗਵਾਂਢੀ ਸੂਬੇ ਹਰਿਆਣੇ ਵਿਚ 4000 ਸਰਕਾਰੀ ਬੱਸਾਂ ਹਨ ਅਤੇ ਮਹਿਜ 850 ਬੱਸਾਂ ਹੀ ਨਿੱਜੀ ਹਨ ਜਿਨ੍ਹਾਂ ਕੋਲ ਸਿਰਫ਼ ਜ਼ਿਲ੍ਹਾ ਪੱਧਰ ਦੇ ਹੀ ਰੂਟ ਹਨ ਅਤੇ ਇਹ ਰੂਟ ਪਰਮਿਟ ਵੀ ਬੇਰੁਜ਼ਗਾਰ ਨੌਜਵਾਨਾਂ ਦੀਆਂ ਕਮੇਟੀਆਂ ਨੂੰ ਦਿੱਤੇ ਗਏ ਹਨ, ਨਾ ਕਿ ਘਰਾਣਿਆਂ ਨੂੰ। ਟਰਾਂਸਪੋਰਟ ਖੇਤਰ ਇਕ ਐਸਾ ਅਦਾਰਾ ਹੈ ਜਿਸ ਦੀਆਂ ਸੇਵਾਵਾਂ ਦਾ ਸਿੱਧਾ ਅਤੇ ਰੋਜ਼ਾਨਾਂ ਸਬੰਧ ਰਾਜ ਦੇ ਲੋਕਾਂ ਨਾਲ ਹੈ। ਸੋ ਰਾਜ ਸਰਕਾਰ ਦੀ ਟਰਾਂਸਪੋਰਟ ਨੀਤੀ ਲੋਕਾਂ ਦੇ ਹਿੱਤਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ ਨਾ ਕਿ ਨਿੱਜੀ ਪੂੰਜੀ ਨੂੰ ਉਤਸਾਹਿਤ ਕਰਨ ਦੀ। ਇਸ ਖੇਤਰ ਵਿਚ ਸਰਕਾਰੀ ਟਰਾਂਸਪੋਰਟ ਨੂੰ ਉਤਸਾਹਿਤ ਕਰਕੇ ਹੀ, ਗੁੰਡਾਗਰਦੀ ਅਤੇ ਟਰਾਂਸਪੋਰਟ ਮਾਫ਼ੀਏ ਉਤੇ ਰੋਕ ਲਾਈ ਜਾ ਸਕਦੀ ਹੈ।

ਬੱਸਾਂ ਵਿਚ ਅਸ਼ਲੀਲ ਗੀਤ, ਅਸ਼ਲੀਲ ਵੀਡੀਓ ਫ਼ਿਲਮਾਂ ਉਤੇ ਮੁਕੰਮਲ ਪਾਬੰਦੀ ਹੋਣੀ ਚਾਹੀਦੀ ਹੈ ਅਤੇ ਇਸ ਦੀ ਜ਼ਿੰਮੇਵਾਰੀ ਮਾਲਕ ਅਤੇ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਦੀ ਹੋਣੀ ਚਾਹੀਦੀ ਹੈ ਕਿ ਉਹ ਇਹਨੂੰ ਮੁਸਾਫਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਯਕੀਨੀ ਬਣਾਉਣ।

ਪੰਜਾਬ ਵਿਚ ਟਰਾਂਸਪੋਰਟ ਖੇਤਰ ਲੋਕਾਂ ਨੂੰ ਸੇਵਾਵਾਂ ਦੇਣ ਵਾਲਾ ਇਕ ਕੁੰਜੀਵਤ ਖੇਤਰ ਹੈ ਕਿਉਂਕਿ ਪ੍ਰਾਈਵੇਟ ਟਰਾਂਸਪੋਰਟ ਪੂੰਜੀ ਦੀ ਵੱਡੀ ਲਾਬੀ ਹਮੇਸ਼ਾ ਰਾਜ ਸਰਕਾਰ ਅੰਦਰ ਭਾਰੂ ਰਹੀ ਹੈ ਅਤੇ ਟਰਾਂਸਪੋਰਟ ਨੀਤੀ ਨੂੰ ਪ੍ਰਭਾਵਿਤ ਕਰਦੀ ਆ ਰਹੀ ਹੈ। ਇਹੀ ਕਾਰਨ ਹੈ ਕਿ ਅੱਜ ਪੰਜਾਬ ਦੀ ਟਰਾਂਸਪੋਰਟ ਵਿਸ਼ੇਸ਼ ਕਰਕੇ ਪ੍ਰਾਈਵੇਟ ਟਰਾਂਸਪੋਰਟ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਨਾ ਮੋਟਰ ਵਹੀਕਲ ਐਕਟ ਦੇ ਅਨੁਕੂਲ ਹਨ ਨਾ ਹੀ ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪ੍ਰਵਾਨ ਕਰਦੀਆਂ ਹਨ। ਬਾਘਾਪੁਰਾਣਾ ਦੀ ਘਟਨਾ ਪਿਛੋਂ ਇਸ ਕੁੰਜੀਵਤ ਖੇਤਰ ਨਾਲ ਸਬੰਧਤ ਕਈ ਸਵਾਲ ਉਭਰੇ ਹਨ। ਇਸ ਖੇਤਰ ਵਿਚ ਵਧ ਰਹੀ ਗੁੰਡਾਗਰਦੀ ਦਾ ਸ਼ਿਕਾਰ ਦਲਿਤ ਅਤੇ ਗਰੀਬ ਇਸ ਕਰਕੇ ਵੀ ਹੋ ਰਹੇ ਹਨ ਕਿ ਇਨ੍ਹਾਂ ਸੇਵਾਵਾਂ ਨੂੰ ਵਰਤਣ ਵਾਲਾ ਜ਼ਿਆਦਾਤਰ ਉਹੀ ਵਰਗ ਰਹਿ ਗਿਆ ਹੈ। ਇਕ ਵਰਗ ਨਿੱਜੀ ਵਹੀਕਲਾਂ ਨੂੰ ਪਹਿਲ ਦਿੰਦਾ ਹੈ। ਇਹੀ ਕਾਰਨ ਕਿ ਉਸ ਵਰਗ ਦੀ ਚਿੰਤਾ ਵੀ ਨਹੀਂ। ਲੋਕਾਂ ਲਈ ਬੱਸ ਸੇਵਾਵਾਂ ਯਕੀਨੀ ਬਣਾਉਣ ਲਈ ਨਵੀਂ ਟਰਾਂਸਪੋਰਟ ਨੀਤੀ ਦੀ ਲੋੜ ਹੈ ਜਿਹੜੀ ਲੋਕਾਂ ਦੇ ਹਿੱਤਾਂ ਦੇ ਅਨੁਕੂਲ ਹੋਵੇ ਅਤੇ ਮਾਫ਼ੀਏ ਤੋਂ ਮੁਕਤ ਹੋਵੇ।


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੋਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉਤੇ ਪੈਦਲ ਤੁਰ ਸਕੇ, 11.ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜ਼ਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

### ਜਨਮ ਦਿਨ 'ਤੇ

# ਗੁਰੀਲਾ ਯੁੱਧ ਦਾ ਰਾਹ ਦਸੇਰਾ - ਚੀ ਗਵੇਰਾ



ਮਾਸਟਰ ਭਜਨ ਸਿੰਘ



ਚੀ ਗਵੇਰਾ ਦਾ ਜਨਮ ਜੂਨ 1928 ਨੂੰ ਅਰਜਨਟਾਈਨਾ ਦੇ ਸ਼ਹਿਰ ਰੋਸਾਰੀਓ ਵਿਚ ਹੋਇਆ ਸੀ। 39 ਸਾਲ ਦੀ ਉਮਰ 'ਚ ਉਹ 9 ਅਕਤੂਬਰ 1967 ਨੂੰ ਸ਼ਹੀਦ ਹੋ ਗਿਆ। ਸੀ. ਆਈ. ਏ. ਦੇ ਕਾਤਲਾਂ ਨੇ ਜ਼ਖ਼ਮੀ ਹੋਏ ਚੀ ਗਵੇਰਾ ਨੂੰ ਗ੍ਰਿਫ਼ਤਾਰ ਕਰਕੇ ਉਤਲੇ ਹਾਕਮਾਂ ਅਰਥਾਤ ਅਮਰੀਕੀ ਅਧਿਕਾਰੀਆਂ ਦੇ ਕਹਿਣ ਉਤੇ ਅਗਲੇ ਦਿਨ ਉਸ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਸਦੇ ਦੋਵੇਂ ਹੱਥ ਕੱਟ ਕੇ ਪਛਾਣ ਲਈ ਰੱਖ ਲਏ ਸਨ। ਉਸ ਦੀ ਦੇਹ ਨੂੰ ਉਸਦੇ ਤਿੰਨ ਹੋਰ ਸਾਥੀਆਂ ਸਮੇਤ ਅਣਜਾਣੀ ਥਾਂ ਉਤੇ ਦਫ਼ਨਾ ਦਿੱਤਾ ਗਿਆ ਸੀ। ਅਮਰੀਕੀ ਸਾਮਰਾਜੀ ਹਾਕਮ ਸੋਚਦੇ ਸਨ ਕਿ ਇੰਝ ਕੀਤਿਆਂ ਲੋਕ ਚੀ ਨੂੰ ਭੁੱਲ ਜਾਣਗੇ ਪਰ ਕੀ ਵਿਸ਼ਵ ਦੇ ਜੁਝਾਰੂ, ਅਮਨ, ਆਜ਼ਾਦੀ ਤੇ ਇਨਸਾਫ਼ ਲਈ ਲੜਨ ਵਾਲੇ ਲੋਕ ਚੀ ਨੂੰ ਭੁੱਲ ਗਏ ਹਨ? ਇਹ ਇਕ ਸਵਾਲ ਹੈ, ਜਿਸ ਦਾ ਜਵਾਬ ਲੱਭਣ ਲਈ ਬਹੁਤੀ ਖੋਜ ਕਰਨ ਦੀ ਲੋੜ ਨਹੀਂ। ਇਹ ਸੱਚਾਈ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਚੀ ਗਵੇਰਾ ਦਾ ਨਾਂ ਵਿਸ਼ਵ ਦੇ ਹਰ ਕੋਨੇ ਵਿਚ ਬੜੇ ਸਤਿਕਾਰ, ਮੋਹ ਪਿਆਰ ਨਾਲ ਲਿਆ ਜਾਂਦਾ ਹੈ।

ਚੀ ਗਵੇਰਾ ਨੇ ਕਿਹਾ ਸੀ ਕਿ "ਮੈਂ ਅਰਜਨਟਾਈਨਾ ਵਿਚ ਜੰਮਿਆ ਸੀ, ਕਿਊਬਾ ਵਿਚ ਲੜਿਆ ਸੀ ਤੇ ਗੁਆਟੇਮਾਲਾ ਵਿਚ ਕਰਾਂਤੀਕਾਰੀ ਬਣਨਾ ਆਰੰਭ ਕੀਤਾ ਸੀ।" ਉਹ ਬੋਲੀਵੀਆ ਵਿਚ ਸ਼ਹੀਦ ਹੋਇਆ ਸੀ।

ਚੀ ਇਕ ਖਾਂਦੇ ਪੀਂਦੇ ਪਰਿਵਾਰ 'ਚ ਜੰਮਿਆ ਅਤੇ ਤਰਕਸ਼ੀਲ ਵਿਚਾਰਾਂ 'ਚ ਪਲਿਆ। ਤਿੰਨ ਸਾਲ ਦੀ ਉਮਰ 'ਚ ਲੱਗੀ ਦਮੇ ਦੀ ਬੀਮਾਰੀ ਅੰਤਲੇ ਪਲਾਂ ਤੱਕ ਰਹੀ। ਪੜ੍ਹਾਈ 'ਚ ਹੁਸ਼ਿਆਰ ਪ੍ਰੰਤੂ ਖੋਜੀ ਪ੍ਰਵਿਰਤੀ ਕਾਰਨ ਸਿਰਫ਼ 5 ਡਾਲਰ ਅਤੇ ਥੋੜ੍ਹਾ ਸਮਾਨ ਲੈ ਕੇ ਯਾਤਰਾ ਤੇ ਤੁਰ ਪਿਆ। ਦਮੇ ਦਾ ਦੌਰਾ ਪੈਣ 'ਤੇ ਆਰਾਮ ਕਰਦਾ, ਖਰਚਾ ਮੁੱਕਣ 'ਤੇ ਕੰਮ ਕਰਦਾ ਤੇ ਥੋੜ੍ਹੇ ਪੈਸੇ ਕਮਾ ਕੇ ਫਿਰ ਅੱਗੇ ਤੁਰ ਪੈਂਦਾ। ਬਚਪਨ ਦੇ ਦਿਨਾਂ 'ਚ ਸੂਬੇ ਦੇ ਬਿਜਲੀ ਕਾਮਿਆਂ ਨੇ ਹੜਤਾਲ ਕਰ ਦਿੱਤੀ ਤੇ ਸਰਕਾਰ ਨੇ ਨਵੇਂ ਕਾਮੇ ਭਰਤੀ ਕਰ ਲਏ। ਚੀ ਨੇ ਆਪਣੀ ਨੌਜਵਾਨ ਟੋਲੀ ਇਕੱਠੀ ਕਰ ਲਈ ਤੇ ਰਾਤੋ ਰਾਤ ਗਲੇਲਾਂ ਨਾਲ ਸਾਰੇ ਬਲਬ ਤੋੜ ਦਿੱਤੇ। ਚੀ ਦੀ ਰਾਜਸੀ ਚੇਤਨਾ ਵਧਾਉਣ 'ਚ ਪਰਿਵਾਰਕ ਮਾਹੌਲ, ਦੇਸ਼ ਦੇ ਹਾਲਾਤ ਅਤੇ ਸਾਥੀਆਂ ਦੀ ਸੰਗਤ ਦੀ ਮੁੱਖ ਭੂਮਿਕਾ ਸੀ। ਰਾਜਨੀਤੀ ਦੀ ਚੇਟਕ ਉਸ ਨੂੰ ਆਪਣੀ ਮਾਂ ਸੀਲੀਆ ਤੋਂ ਲੱਗੀ ਜੋ ਔਰਤਾਂ ਦੇ ਵੋਟ ਹੱਕ ਅਤੇ ਹੋਰ ਨਾਰੀਵਾਦੀ ਅੰਦੋਲਨਾਂ 'ਚ ਸਰਗਰਮ ਹਿੱਸਾ ਲੈਂਦੀ ਸੀ। ਬੀਮਾਰੀ ਕਾਰਨ ਬਿਸਤਰੇ 'ਤੇ ਰਹਿਣ ਸਮੇਂ ਉਹ ਕਿਤਾਬਾਂ ਪੜ੍ਹ ਕੇ ਸੁਚੇਤ ਹੁੰਦਾ ਗਿਆ।

1947 'ਚ ਉਨੀ ਸਾਲ ਦੀ ਉਮਰ 'ਚ ਪ੍ਰੀ-ਮੈਡੀਕਲ 'ਚ ਯੂਨੀਵਰਸਿਟੀ 'ਚ ਦਾਖਲ ਹੋ ਗਿਆ। ਛੇ ਸਾਲਾਂ ਦੀ ਪੜ੍ਹਾਈ ਉਸਨੇ ਤਿੰਨ ਸਾਲਾਂ 'ਚ ਮੁਕਾ ਲਈ। ਡਾਕਟਰੀ ਦੀ ਪੜ੍ਹਾਈ ਸਮੇਂ ਮੋਟਰ ਸਾਈਕਲ ਤੇ ਦੱਖਣੀ ਅਮਰੀਕਾ ਦੀ ਲੰਮੀ ਯਾਤਰਾ 'ਤੇ ਨਿਕਲ ਗਿਆ। ਕਿਉਂਕਿ ਉਹ ਦੱਖਣੀ ਅਮਰੀਕਾ ਦੇ ਸਭਿਆਚਾਰ, ਭੂਗੋਲਕ ਹਾਲਤਾਂ ਅਤੇ ਲੋਕਾਂ ਦੇ ਜੀਵਨ ਬਾਰੇ ਚੰਗੀ ਤਰ੍ਹਾਂ ਜਾਨਣਾ ਚਾਹੁੰਦਾ ਸੀ। ਇਸ ਸਮੇਂ ਦੌਰਾਨ ਉਸ ਨੂੰ ਦਮੇ ਦੇ 45 ਦੌਰੇ ਪਏ। ਚੀ ਦੇ ਪਿਤਾ ਉਸ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ, ਪ੍ਰੰਤੂ ਨਾਨੀ ਦੀ ਬੀਮਾਰੀ ਕਾਰਨ ਚੀ ਨੇ ਡਾਕਟਰ ਬਣਨਾ ਪਸੰਦ ਕੀਤਾ।

ਚੀ ਗਵੇਰਾ ਕੋਲ ਕਵੀ ਦਾ ਦਿਲ ਸੀ। ਉਹ ਪਾਬਲੋ ਨਰੂਦੋ ਦੀਆਂ ਕਵਿਤਾਵਾਂ ਪੜ੍ਹਦਾ ਸੀ। ਉਸ ਨੂੰ ਕਵਿਤਾਵਾਂ ਲਿਖਣ ਦਾ ਸ਼ੌਕ ਸੀ ਪਰ ਉਹ ਕਵੀ ਨਾਲੋਂ ਵੱਧ ਕਰਾਂਤੀਕਾਰੀ ਬਣਨਾ ਚਾਹੁੰਦਾ ਸੀ। ਇਸ ਕਾਰਨ ਹੀ ਪੜ੍ਹਾਈ ਦੇ ਸਮੇਂ ਦੌਰਾਨ ਉਸਨੇ ਚਿੱਲੀ, ਕੋਲੰਬੀਆ, ਵੈਨਜ਼ੁਏਲਾ ਅਤੇ ਪੀਰੂ ਦੀ ਯਾਤਰਾ ਕੀਤੀ। ਪੀਰੂ ਵਿਚ ਘੁੰਮਦਿਆਂ ਉਸਨੇ ਕੋਹੜੀਆਂ ਦੀ ਬਸਤੀ ਵਿਚ ਜਾ ਕੇ ਡਾਕਟਰ ਵਜੋਂ ਕੰਮ ਕੀਤਾ। ਚੀ ਗਵੇਰਾ ਆਪਣੇ ਦੇਸ਼ ਅਰਜਨਟਾਈਨਾ ਤੋਂ ਬੋਲੀਵੀਆ ਜਾਣਾ ਚਾਹੁੰਦਾ ਹੈ ਤਾਂ ਕਿ ਉਥੋਂ ਦੇ ਇਨਕਲਾਬ ਨੂੰ ਸਮਝ ਸਕੇ। ਉਸ ਨੂੰ ਛੇਤੀ ਅਹਿਸਾਸ ਹੋ ਗਿਆ ਕਿ ਇਥੇ ਸੁਧਾਰਵਾਦੀ ਸਰਕਾਰ ਹੈ। ਸਪੇਨੀ ਕੰਪਨੀਆਂ ਜ਼ਮੀਨਾਂ ਦੀਆਂ ਮਾਲਕ ਹਨ। ਉਸ ਨੇ ਅਨੁਭਵ ਕਰ ਲਿਆ ਸੀ ਕਿ ਇਹ ਅਖੌਤੀ ਕਰਾਂਤੀ ਜ਼ਿਆਦਾ ਦੇਰ ਖੜ੍ਹ ਨਹੀਂ ਸਕਦੀ। ਕਿਉਂਕਿ ਕੁਦਰਤੀ ਵਸੀਲਿਆਂ ਤੇਲ, ਧਾਤ ਅਤੇ ਸੋਨੇ ਤੋਂ ਵਿਦੇਸ਼ੀ ਕੰਪਨੀਆਂ ਅਥਾਹ ਮੁਨਾਫ਼ਾ ਕਮਾ ਰਹੀਆਂ ਸਨ।

ਚੀ ਗਵੇਰਾ ਬੋਲੀਵੀਆ ਤੋਂ ਅੱਗੇ ਗੁਆਟੇਮਾਲਾ ਚਲਾ ਗਿਆ। ਉਥੇ ਕ੍ਰਾਂਤੀ ਦੇ ਮੁੱਖ ਆਗੂ ਜਾਕੋਬੋ ਅਰਬੈਨਜ ਦੀਆਂ ਕ੍ਰਾਂਤੀਕਾਰੀ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹੋਇਆ। ਕਿਉਂਕਿ ਉਸ ਦੀ ਸਰਕਾਰ ਨੇ ਯੂਨਾਇਟਿਡ ਫਰੂਟ ਕੰਪਨੀ ਕੋਲੋਂ ਹਜ਼ਾਰਾਂ ਏਕੜ ਜ਼ਮੀਨ ਲੈ ਕੇ ਮੂਲ ਇੰਡੀਅਨਾਂ ਅਤੇ ਹੋਰ ਕਿਸਾਨਾਂ 'ਚ ਵੰਡ ਦਿੱਤੀ ਸੀ। ਇਸ ਕਾਰਨ ਚੀ ਨੇ ਡਾਕਟਰ ਵਜੋਂ ਨੌਕਰੀ ਦੀ ਪੇਸ਼ਕਸ਼ ਕਰ ਦਿੱਤੀ। ਪ੍ਰੰਤੂ ਸਿਹਤ ਮੰਤਰੀ ਨੇ ਬੇਲੋੜੀਆਂ ਸ਼ਰਤਾਂ ਲਾ ਕੇ ਨੌਕਰੀ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਸਰਕਾਰ ਸੀ. ਆਈ. ਏ. ਦੇ ਘੁਸਪੈਠੀਏ ਭੇਜ ਕੇ ਰਾਜ ਪਲਟੇ ਲਈ ਪੱਬਾਂ ਭਾਰ ਹੋਈ ਪਈ ਸੀ। ਚੀ ਚਾਹੁੰਦਾ ਸੀ ਕਿ ਅਮਰੀਕਾ ਦੀ ਇਸ ਕੂਟਨੀਤੀ ਦਾ ਹਥਿਆਰਬੰਦ ਹੋ ਕੇ ਵਿਰੋਧ ਕੀਤਾ ਜਾਵੇ। ਹਾਲਤਾਂ ਦਾ ਫਾਇਦਾ ਲੈਂਦੇ ਹੋਏ ਅਮਰੀਕਾ ਨੇ ਰਾਜ ਪਲਟੇ ਰਾਹੀਂ ਸੱਤਾ ਆਪਣੇ ਪਿੱਠੂ ਅਰਮਾਸ ਨੂੰ ਸੌਂਪ ਦਿੱਤਾ। ਹੁਣ ਸੀ. ਆਈ. ਏ. ਚੀ ਦੇ ਖੂਨ ਦੀ ਪਿਆਸੀ ਸੀ। ਮਜਬੂਰੀ ਵੱਸ ਚੀ ਨੂੰ ਅਰਜਨਟਾਈਨਾ 'ਚ ਸ਼ਰਨ ਲੈਣੀ ਪਈ। ਦੋ ਮਹੀਨੇ ਇਸ ਇਨਕਲਾਬ ਦੀ ਹਾਰ ਦਾ ਚਿੰਤਨ ਕਰਨ ਤੋਂ ਬਾਅਦ ਚੀ ਇਸ ਸਿੱਟੇ 'ਤੇ ਪੁੱਜਾ ਕਿ "ਸਭ ਪੁਆੜਿਆਂ ਦੀ ਜੜ੍ਹ ਅਮਰੀਕਾ ਹੈ।" ਇਸ ਵਿਰੁੱਧ ਹਥਿਆਰਬੰਦ ਤਰੀਕੇ ਨਾਲ ਹੀ ਲੜਿਆ ਜਾ ਸਕਦਾ ਹੈ। ਗੁਆਟੇਮਾਲਾ ਦੇ ਇਨਕਲਾਬ ਦੀ ਦੁਖਾਂਤਕ ਹਾਰ ਨੇ ਚੀ ਨੂੰ, ਸਧਾਰਨ ਖੱਬੇਪੱਖੀ ਡਾਕਟਰ ਤੋਂ ਕਰਾਂਤੀਕਾਰੀ ਬਣਾ ਦਿੱਤਾ।

1955 'ਚ ਚੀ ਨੇ ਗੁਆਟੇਮਾਲਾ 'ਚ ਪੀਰੂ ਦੀ ਹਿਲਡਾ ਗਾਡੀਆ ਜੋ ਮਾਰਕਸਵਾਦੀ ਵਿਚਾਰ ਰੱਖਦੀ ਸੀ, ਸ਼ਾਦੀ ਕਰ ਲਈ। ਫਰਵਰੀ 1956 'ਚ ਚੀ ਦੇ ਘਰ ਲੜਕੀ ਨੇ ਜਨਮ ਲਿਆ। ਨਵੰਬਰ 1956 'ਚ ਚੀ ਨੇ ਫੀਦਲ ਕਾਸਤਰੋ ਨਾਲ ਕਿਊਬਾ ਜਾਣ ਦਾ ਫੈਸਲਾ ਕਰ ਲਿਆ। ਇਸ ਮੁਹਿੰਮ ਦੇ ਰਾਹ 'ਚ ਬਹੁਤ ਔਕੜਾਂ ਸਨ। ਗੁਰੀਲਾ ਯੁੱਧ ਦੀ ਟਰੇਨਿੰਗ ਦੀ ਬਹੁਤ ਲੋੜ ਸੀ। ਹਥਿਆਰ ਇਕੱਠੇ ਕਰਨ ਵਾਲੇ ਸਨ। ਟਾਪੂ 'ਤੇ ਪਹੁੰਚਣ ਲਈ ਬਹੁਤ ਸਾਰੇ ਹਮਦਰਦ ਲੋਕਾਂ ਦੀ ਲੋੜ ਸੀ। ਜਹਾਜ਼ ਕਿਰਾਏ 'ਤੇ ਲੈਣਾ ਸੀ। ਬਾਟਿਸਟਾ ਦੇ ਸੂਹੀਆਂ ਤੋਂ ਬਚਣ ਲਈ ਗੁਪਤ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਦੀ ਲੋੜ ਸੀ। ਕਿਊਬਾ 'ਤੇ ਹਮਲਾ ਕਰਨ ਦੀਆਂ ਤਿਆਰੀਆਂ 'ਚ ਜੁਟੇ ਗੁਰੀਲੇ ਭਾਵੇਂ ਤਜਰਬੇ ਪੱਖੋਂ ਅਣਜਾਣ ਸਨ। ਪ੍ਰੰਤੂ ਉਨ੍ਹਾਂ ਦੇ ਇਰਾਦੇ ਅਤੇ ਪ੍ਰਬਲ ਇੱਛਾ ਉਨ੍ਹਾਂ ਨੂੰ ਕੁਰਬਾਨੀ ਲਈ ਪ੍ਰੇਰ ਰਹੀ ਸੀ। ਉਨ੍ਹਾਂ ਨੂੰ ਅਨੁਭਵ ਹੋਇਆ ਕਿ ਗੁਰੀਲਾ ਯੁੱਧ ਦੇ ਦਾਅ-ਪੇਚਾਂ ਦੀ ਮੁਹਾਰਤ ਦੀ ਘਾਟ ਕਾਰਨ ਟਰੇਂਡ ਵਿਅਕਤੀ ਦੀ ਲੋੜ ਹੈ। ਆਖਰ ਸਪੇਨ ਫੌਜ ਦਾ ਸਿੱਖਿਆ ਪ੍ਰਾਪਤ ਕਰਨਲ ਐਲਬਰਟੋ ਬਾਓ ਜਿਸ ਨੂੰ ਸਪੇਨ ਦੇ ਗ੍ਰਹਿ ਯੁੱਧ ਦਾ ਕਾਫ਼ੀ ਤਜਰਬਾ ਹੈ ਮਿਲ ਗਿਆ। ਗੁਪਤ ਟਿਕਾਣਾ ਬਣਾ ਕੇ ਟਰੇਨਿੰਗ ਸ਼ੁਰੂ ਕਰ ਦਿੱਤੀ। ਕਾਸਤਰੋ ਦੀ ਡਿਊਟੀ ਬਾਕੀ ਕੰਮਾਂ ਜਿਵੇਂ ਹਥਿਆਰ ਇਕੱਠੇ ਕਰਨੇ, ਪੈਸੇ ਦਾ ਪ੍ਰਬੰਧ, ਸੁਨੇਹੇ ਲੈਣੇ-ਦੇਣੇ ਅਤੇ ਹੋਰ ਗਰੁੱਪਾਂ ਨਾਲ ਤਾਲਮੇਲ ਕਰਨਾ ਆਦਿ। ਚੀ ਡਾਕਟਰੀ ਦੀ ਡਿਊਟੀ ਨਿਭਾਉਂਦਾ ਸੀ। ਅਮਰੀਕਾ ਦੀ ਬਸਤੀ ਦਾ ਰੂਪ ਧਾਰ ਚੁੱਕੇ ਕਿਊਬਾ ਦੇ ਲੋਕਾਂ ਤੇ ਬਹੁਤ ਜ਼ੁਲਮ ਢਾਹੇ ਜਾ ਰਹੇ ਸਨ। ਲੋਕਾਂ ਵਿਚ ਸਰਕਾਰ ਪ੍ਰਤੀ ਭਾਰੀ ਰੋਹ ਜਾਗ ਰਿਹਾ ਸੀ। ਅਮਰੀਕਨ ਪਿੱਠੂ ਬਾਤਿਸ਼ਤਾ ਅਤੇ ਸੀ. ਆਈ. ਏ. ਦੇ ਸੂਹੀਆਂ ਨੇ 22 ਜੂਨ 1956 ਮੈਕਸੀਕੋ ਦੀ ਪੁਲਿਸ ਰਾਹੀਂ ਫੀਦਲ ਨੂੰ ਗ੍ਰਿਫ਼ਤਾਰ ਕਰ ਲਿਆ। ਟਰੇਨਿੰਗ ਸਥਾਨ 'ਤੇ ਛਾਪੇ ਮਾਰ ਕੇ ਚੀ ਅਤੇ ਕਈ ਹੋਰ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਮਹੀਨਾ ਬਾਅਦ ਸਭ ਨੂੰ ਰਿਹਾਅ ਕਰ ਦਿੱਤਾ।

ਮੁੜ ਤਿਆਰੀ ਕਰਕੇ 'ਗਰਾਨਮਾ' ਬੇੜੀ 'ਚ 82 ਬੰਦੇ ਲੈ ਚੀ ਗਵੇਰਾ ਅਤੇ ਕਾਸਤਰੋ ਨੇ ਮੈਕਸੀਕੋ ਤੋਂ ਕਿਊਬਾ ਦੇ ਸਮੁੰਦਰੀ ਤਟ ਵਲ ਚੜ੍ਹਾਈ ਕਰ ਦਿੱਤੀ। ਉਧਰ ਕਿਊਬਾ ਦੀ ਸਰਕਾਰ ਨੇ ਹਵਾਈ ਜਹਾਜ਼ ਅਤੇ ਫੌਜ ਰਾਹੀਂ ਗੋਲੀਆਂ ਦਾ ਤਾਬੜ ਤੋੜ ਹਮਲਾ ਕਰ ਦਿੱਤਾ। ਬਹੁਤ ਸਾਰੇ ਸਾਥੀ ਸ਼ਹੀਦੀਆਂ ਪਾ ਗਏ। ਸਿਰਫ਼ 12 ਸਾਥੀ ਘੇਰਾ ਤੋੜ ਕੇ ਬਚ ਸਕੇ। 8 ਵਿਚੋਂ ਨਿਖੜ ਗਏ ਸਨ। ਪਹਿਲੀ ਸਿੱਧੀ ਟੱਕਰ 'ਚ ਗੁਰੀਲੇ ਕਾਫ਼ੀ ਨੁਕਸਾਨ ਕਰਵਾ ਗਏ। ਪ੍ਰੰਤੂ ਸਰਕਾਰ ਨੇ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਖ਼ਬਰਾਂ ਫੈਲਾ ਦਿੱਤੀਆਂ ਕਿ 'ਗਰਾਨਮਾ' ਦੇ ਸਾਰੇ ਗੁਰੀਲੇ ਮਾਰ ਮੁਕਾ ਦਿੱਤੇ ਤਾਂ ਕਿ ਲੋਕਾਂ 'ਚ ਨਿਰਾਸ਼ਤਾ ਅਤੇ ਦਹਿਸ਼ਤ ਫੈਲ ਜਾਵੇ। ਚੀ ਗਵੇਰਾ ਅਤੇ ਕਾਸਤਰੋ ਨੇ ਬੜੀ ਦੂਰ ਅੰਦੇਸ਼ੀ ਅਤੇ ਦਲੇਰੀ ਨਾਲ ਹਾਲਤਾਂ ਦਾ ਟਾਕਰਾ ਕਰਦੇ ਹੋਏ ਲੋਕਾਂ ਦਾ ਮਨੋਬਲ ਡਿੱਗਣ ਤੋਂ ਬਚਾਉਣ ਲਈ ਫੌਜੀ ਬੈਰਕ ਜਿਸ 'ਚ 15 ਸੈਨਿਕ ਸਨ 'ਤੇ ਹਮਲਾ ਕਰ ਦਿੱਤਾ। 2 ਸੈਨਿਕ ਮਾਰੇ ਗਏ, ਪੰਜ ਜ਼ਖ਼ਮੀ ਹੋ ਗਏ ਅਤੇ 3 ਨੂੰ ਕੈਦੀ ਬਣਾ ਲਿਆ। ਢੇਰ ਸਾਰਾ ਅਸਲਾ ਗੁਰੀਲਿਆਂ ਦੇ ਹੱਥ ਲੱਗ ਗਿਆ। ਇਸ ਐਕਸ਼ਨ ਨਾਲ ਸਫ਼ਲਤਾ ਨਾਲ ਲੋਕਾਂ ਦਾ ਮਨੋਬਲ ਬਹੁਤ ਵਧਿਆ ਅਤੇ ਕਿਸਾਨੀ 'ਚ ਗੁਰੀਲਿਆਂ ਪ੍ਰਤੀ ਅਥਾਹ ਹਮਦਰਦੀ ਹੋ ਗਈ। ਇੰਝ ਚੀ ਗਵੇਰਾ ਦਾ ਗੁਰੀਲਾ ਯੁੱਧ ਦਾ ਅਮਲੀ ਤਜਰਬਾ ਬੁਨਿਆਦੀ ਸਿਧਾਂਤਾਂ ਨੂੰ ਵਿਕਸਿਤ ਕਰਨ 'ਚ ਸਹਾਈ ਹੋਇਆ। ਹੁਣ ਚੀ ਇਕ ਗੁਰੀਲੇ ਆਗੂ ਤੋਂ ਵਿਕਾਸ ਕਰਦਾ ਹੋਇਆ ਗੁਰੀਲਾ ਯੁੱਧ ਦਾ ਸਿਧਾਂਤਕਾਰ ਬਣ ਚੁੱਕਾ ਸੀ। ਕਿਊਬਾ 'ਚ ਗੁਰੀਲਾ ਫੌਜ ਦੀ ਸ਼ਕਤੀ ਵਧਣ ਕਾਰਨ 1957 'ਚ ਕਿਊਬਾ ਦੇ ਦੋ ਭਾਗ ਬਣਾ ਕੇ ਇਕ ਦਾ ਇੰਚਾਰਜ ਚੀ ਨੂੰ ਲਾਇਆ ਗਿਆ। ਕਿਊਬਾ ਸਰਕਾਰ ਕੋਲ 20,000 ਫੌਜ, ਅਮਰੀਕਾ ਵਲੋਂ ਹਰ ਸੰਭਵ ਸਹਾਇਤਾ, ਟੈਂਕ, ਜਹਾਜ਼ ਅਤੇ ਫੌਜੀ ਸਮਾਨ ਹੋਣ ਦੇ ਬਾਵਜੂਦ ਗੁਰੀਲਾ ਫੌਜ ਸਰਕਾਰ ਨਾਲ ਸਿੱਧੀ ਟੱਕਰ ਲੈਣ ਦੇ ਸਮਰੱਥ ਸੀ। ਇਨ੍ਹਾਂ ਦਿਨਾਂ 'ਚ ਇਕ ਕਿਊਬਨ ਲੜਕੀ ਅਲੀਡਾ ਮਾਰਚ ਚੀ ਦੇ ਸੰਪਰਕ 'ਚ ਆਈ, ਜੋ ਸੈਨਿਕ ਗੁਰੀਲੇ ਦੇ ਤੌਰ 'ਤੇ ਕੰਮ ਕਰਨ ਲੱਗੀ। ਕਿਊਬਾ ਦੀ ਜਿੱਤ ਤੋਂ ਬਾਅਦ ਚੀ ਨੇ ਉਸ ਨਾਲ ਵਿਆਹ ਕਰਵਾ ਲਿਆ ਅਤੇ ਪਹਿਲੀ ਪਤਨੀ ਹਿਲਡਾ ਤੋਂ ਤਲਾਕ ਲੈ ਲਿਆ। ਹਿਲਡਾ ਨੂੰ ਵੀ ਕਿਊਬਾ 'ਚ ਰਹਿਣ ਦੀ ਆਗਿਆ ਮਿਲ ਗਈ। 2 ਜੁਲਾਈ 1959 ਨੂੰ ਹਵਾਨਾ ਦੇ ਪੁਰਾਣੇ ਕਿਲ੍ਹੇ ਉਤੇ ਚੀ ਦੇ ਲੜਾਕਿਆਂ ਦਾ ਕਬਜ਼ਾ ਹੋ ਗਿਆ। 2 ਸਾਲਾਂ ਵਿਚ 20 ਗੁਰੀਲਿਆਂ ਨੇ ਲੋਕਾਂ ਦੇ ਭਾਰੀ ਸਮਰਥਨ ਨਾਲ ਚੀ ਗਵੇਰਾ ਅਤੇ ਫੀਦਲ ਕਾਸਤਰੋ ਦੀ ਅਗਵਾਈ 'ਚ ਇਨਕਲਾਬ ਸਿਰੇ ਚਾੜ੍ਹ ਕੇ ਇਤਿਹਾਸਕ ਕ੍ਰਿਸ਼ਮਾ ਕਰ ਵਿਖਾਇਆ। ਕੀ ਅਮਰੀਕਾ ਦੇ ਸਾਮਰਾਜ ਨੇ ਅਜਿਹੇ ਚਮਤਕਾਰ ਦੀ ਕਿਆਸਰਾਈ ਕੀਤੀ ਹੋਵੇਗੀ?

ਅਕਤੂਬਰ 1959 ਵਿਚ ਚੀ ਗਵੇਰਾ ਨੂੰ ਦਸਤਕਾਰੀ ਵਿਭਾਗ ਦਾ ਮੁਖੀ ਬਣਾ ਦਿੱਤਾ। 26 ਨਵੰਬਰ 1959 ਨੂੰ ਨੈਸ਼ਨਲ ਬੈਂਕ ਆਫ਼ ਕਿਊਬਾ ਦਾ ਪ੍ਰਧਾਨ ਬਣਾਇਆ ਗਿਆ। ਬੈਂਕ ਦਾ ਪ੍ਰਧਾਨ ਬਣਨ ਸਾਰ ਚੀ ਨੇ ਹੁਕਮ ਦਿੱਤਾ ਕਿ ਸਾਰਾ ਸੋਨਾ ਵੇਚਕੇ ਡਾਲਰਾਂ 'ਚ ਤਬਦੀਲ ਕਰ ਦਿੱਤਾ ਜਾਵੇ ਅਤੇ ਡਾਲਰ ਸਵਿਸ ਬੈਂਕ 'ਚ ਜਮ੍ਹਾਂ ਕਰਵਾਏ ਜਾਣ। ਇਸ ਦੂਰ ਅੰਦੇਸ਼ੀ ਵਾਲੇ ਫੈਸਲੇ ਨਾਲ ਕਿਊਬਾ ਦਾ ਸੋਨਾ ਅਮਰੀਕਾ ਵਲੋਂ ਜ਼ਬਤ ਹੋਣੋਂ ਬਚ ਗਿਆ। ਚੀ ਨੇ ਬੈਂਕ ਨੋਟਾਂ ਉਤੇ (che) ਚੀ ਅੱਖਰਾਂ ਨਾਲ ਦਸਤਖਤ ਕੀਤੇ। ਨਿੱਜ ਅਤੇ ਸੁਖ-ਅਰਾਮ ਛੱਡ ਕੇ 36-36 ਘੰਟੇ ਚੀ ਨੇ ਬੀਮਾਰੀ ਦੀ ਇਸ ਹਾਲਤ 'ਚ ਕੰਮ ਕੀਤਾ। 1960 ਵਿਚ ਚੀ ਚੈਕਸਲਵਾਕੀਆ, ਸੋਵੀਅਤ ਰੂਸ, ਚੀਨ ਅਤੇ ਕੋਰੀਆ ਦੀ ਰਾਜਦੂਤਕ ਯਾਤਰਾ 'ਤੇ ਗਿਆ। 1960 ਵਿਚ ਚੀ ਨੇ 'ਗੁਰੀਲਾ ਯੁੱਧ' ਪੁਸਤਕ ਲਿਖੀ। ਇਹ ਸੰਸਾਰ ਦੇ ਗੁਲਾਮ ਅਤੇ ਲਿਤਾੜੇ ਲੋਕਾਂ ਦੀ ਮੁਕਤੀ ਦੀ ਬਾਈਬਲ ਮੰਨੀ ਜਾਂਦੀ ਹੈ। 11 ਦਸੰਬਰ 1964 ਨੂੰ ਆਪਣੇ ਦੇਸ਼ ਵਲੋਂ ਸੰਸਾਰ ਪੱਧਰੀ ਸੰਸਥਾ ਯੂ. ਐਨ. ਓ. 'ਚ ਮੀਟਿੰਗ 'ਤੇ ਗਿਆ। ਉਸਨੇ ਸੰਸਥਾ ਨੂੰ ਵੰਗਾਰਦਿਆਂ ਕਿਹਾ ਕਿ ਗੰਭੀਰ ਸਮੱਸਿਆਵਾਂ ਦਾ ਹੱਲ ਲੱਭਣ ਲਈ ਢਿੱਲ ਮੱਠ ਦੀ ਨੀਤੀ ਤਿਆਗੀ ਜਾਵੇ। ਹਰ ਜਗ੍ਹਾ ਉਹ ਬੜੀ ਗੂੰਜਵੀਂ ਆਵਾਜ਼ ਵਿਚ, ਅਜ਼ਾਦੀ, ਅਮਨ ਅਤੇ ਸਮਾਜਵਾਦ ਦੇ ਸੁੱਚੇ ਆਦਰਸ਼ਾਂ ਦੀ ਗੱਲ ਕਰਦਾ ਸੁਣਾਈ ਦੇ ਰਿਹਾ ਸੀ। ਉਹ ਇਕ ਵਾਰੀ ਫਿਰ ਤਿੰਨ ਮਹੀਨੇ ਲਈ ਅਫ਼ਰੀਕਾ ਦੇਸ਼ਾਂ ਦੇ ਦੌਰੇ 'ਤੇ ਨਿਕਲਦਾ ਹੈ। ਅਲਜੀਰੀਆ, ਮਾਲੀ, ਕਾਂਗੋ, ਗੁਆਨਾ, ਤਨਜ਼ਾਨੀਆ ਤੇ ਮਿਸਰ ਦਾ ਗੇੜਾ ਲਾ ਅਲਜੀਰੀਆ 'ਚ ਅਫਰੀਕੀ-ਏਸ਼ੀਆਈ ਏਕਤਾ ਸੰਮੇਲਨ 'ਚ ਸ਼ਾਮਲ ਹੋ ਕੇ ਮਾਰਚ 'ਚ ਕਿਊਬਾ ਵਾਪਸ ਆਉਂਦਾ ਹੈ।

ਕਿਊਬਾ ਤੋਂ ਬਾਅਦ ਚੀ ਨੂੰ ਕਿਸੇ ਹੋਰ ਦੇਸ਼ ਦੀ ਤਲਾਸ਼ ਸੀ। ਜਿਥੇ ਗੁਰੀਲਾ ਹਥਿਆਰਬੰਦ ਯੁੱਧ ਆਰੰਭ ਕੀਤਾ ਜਾ ਸਕਦਾ ਸੀ। ਅਖੀਰ ਚੀ ਨੇ ਇਕ ਦੇਸ਼ ਲੱਭ ਹੀ ਲਿਆ, ਉਹ ਦੱਖਣੀ ਅਫਰੀਕਾ ਦਾ ਦੇਸ਼ ਕਾਂਗੋ ਸੀ। ਅਪ੍ਰੈਲ 1965 ਨੂੰ ਫੀਦਲ ਕਾਸਤਰੋ ਨੂੰ ਚਿੱਠੀ ਲਿਖ ਚੀ ਗਵੇਰਾ ਫਿਰ ਯੁੱਧ ਲਈ ਚਲਾ ਗਿਆ। 3 ਨਵੰਬਰ 1966 ਨੂੰ ਚੀ ਗਵੇਰਾ ਭੇਸ ਬਦਲ ਕੇ ਬੋਲੀਵੀਆ 'ਚ ਦਾਖਲ ਹੁੰਦਾ ਹੈ। ਗੁਰੀਲਿਆਂ ਨਾਲ ਰਲਕੇ ਇਨਕਲਾਬ ਲਈ ਮੁਢਲੀਆਂ ਤਿਆਰੀਆਂ 'ਚ ਜੁਟ ਜਾਂਦਾ ਹੈ। ਦਮੇ ਅਤੇ ਭੁੱਖ ਕਾਰਨ ਉਸਦੀ ਲੜਨ ਸ਼ਕਤੀ ਘਟਣ ਕਾਰਨ ਮਿਲਟਰੀ ਦੇ ਕਾਬੂ ਆ ਗਿਆ।

18 ਅਕਤੂਬਰ 1967 ਨੂੰ ਹਵਾਨਾ ਵਿਚ 10 ਲੱਖ ਲੋਕਾਂ ਦੇ ਭਾਰੀ ਇਕੱਠ 'ਚ ਫੀਦਲ ਕਾਸਤਰੋ ਨੇ ਚੀ ਗਵੇਰਾ ਨੂੰ ਸ਼ਰਧਾਂਜਲੀ ਦਿੰਦੇ ਕਿਹਾ ਸੀ, "ਉਹ ਪਹਿਲਾਂ ਨਾਲੋਂ ਵੱਧ ਜੀਵਤ ਹੈ।"

# ਨਸਲਘਾਤੀ ਅਮਰੀਕੀ ਫ਼ੌਜਦਾਰੀ ਨਿਆਂ ਸਿਸਟਮ ਕਟਹਿਰੇ 'ਚ



ਦਰਬਾਰਾ ਸਿੰਘ ਕਾਹਲੋਂ

ਅਪ੍ਰੈਲ 7, 2015 ਨੂੰ ਉਤਰੀ ਚਾਰਲੈਸਟਨ (ਅਮਰੀਕਾ) ਵਿਚ ਦੱਖਣੀ ਕਾਰੋਲੀਨਾ ਦੇ ਪੁਲਿਸ ਅਫ਼ਸਰ ਮਾਈਕਲ ਸਲੈਗਰ ਵਲੋਂ 50 ਸਾਲਾ ਕਾਲੇ ਵਿਅਕਤੀ ਵਾਲਟਰ ਸਕਾਟ ਨੂੰ ਪਿੱਠ ਵਿਚ 8 ਗੋਲੀਆਂ ਮਾਰ ਕੇ ਬੇਰਹਿਮੀ ਨਾਲ ਮਾਰੇ ਜਾਣ ਦੀ ਨਸਲਘਾਤੀ ਮੰਦਭਾਗੀ ਘਟਨਾ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ 19 ਅਪ੍ਰੈਲ ਨੂੰ ਬਾਲਟੀਮੋਰ ਵਿਚ ਪੁਲਿਸ ਹਿਰਾਸਤ ਵਿਚ ਅਣਮਨੁੱਖੀ ਤਸੀਹੇ ਦੇ ਕੇ, ਰੀੜ ਦੀ ਹੱਡੀ ਭੰਨ ਕੇ 25 ਸਾਲਾ ਕਾਲੇ ਨੌਜਵਾਨ ਫਰੈਡੀ ਗਰੇਅ ਨੂੰ ਮਾਰ ਮੁਕਾ ਦਿੱਤਾ। ਇਹ ਦਰਿੰਦਗੀ ਭਰੀਆਂ ਘਟਨਾਵਾਂ ਪਿਛਲੀਆਂ ਕੁਝ ਸਦੀਆਂ ਤੋਂ ਵਾਪਰਦੀਆਂ ਆ ਰਹੀਆਂ ਸੈਂਕੜੇ ਘਟਨਾਵਾਂ ਦੀ ਲਗਾਤਾਰਤਾ ਦਾ ਸ਼ਰਮਨਾਕ ਹਿੱਸਾ ਹਨ ਜੋ ਵਿਸ਼ਵ ਦੇ ਤਾਕਤਵਰ ਲੋਕਤੰਤਰ ਦੇ ਨਸਲਘਾਤੀ, ਨਿਕੰਮੇ, ਨਾਕਸ ਅਤੇ ਨਾਕਾਮ ਫੌਜਦਾਰੀ ਨਿਆਂ ਸਿਸਟਮ ਦਾ ਘਿਨਾਉਣਾ ਅਤੇ ਅਪਰਾਧੀ ਚਿਹਰਾ ਵਿਸ਼ਵ ਬਰਾਦਰੀ ਸਾਹਮਣੇ ਬੇਨਕਾਬ ਕਰਦੀਆਂ ਹਨ। ਇਨ੍ਹਾਂ ਸਬੱਬ ਨਿਸਚਿਤ ਤੌਰ 'ਤੇ ਅਮਰੀਕੀ ਲੋਕਤੰਤਰ ਦਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ।

ਸੰਨ 2016 ਨੂੰ ਹੋਣ ਜਾ ਰਹੀਆਂ ਅਮਰੀਕੀ ਪ੍ਰਧਾਨ ਦੇ ਪਦ ਲਈ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਸਬੰਧੀ ਉਮੀਦਵਾਰ ਅਤੇ ਸਾਬਕਾ ਪ੍ਰਧਾਨ ਬਿਲ ਕਲਿੰਟਨ ਦੀ ਪਤਨੀ ਹਿਲੇਰੀ ਕਲਿੰਟਨ ਨੇ ਮੰਨਿਆ ਹੈ ਕਿ ਅਮਰੀਕੀ ਫੌਜਦਾਰੀ ਨਿਆਂ ਸਿਸਟਮ ਦੋਸ਼ਪੂਰਨ ਹੈ ਅਤੇ ਦੇਸ਼ ਦੇ ਵਡੇਰੇ ਭਾਈਚਾਰਕ ਸਾਂਝ ਅਤੇ ਮਿਲਵਰਤਣ ਭਰੇ ਹਿੱਤਾਂ ਲਈ ਇਸ ਵਿਚ ਵੱਡੀਆਂ ਤਬਦੀਲੀਆਂ ਦੀ ਲੋੜ ਹੈ। ਐਸੀ ਹੀ ਮੰਗ ਵੱਖ-ਵੱਖ ਪਾਰਟੀਆਂ ਦੇ ਆਗੂ, ਸਮਾਜਿਕ ਅਤੇ ਨਿਆਂ ਖੇਤਰਾਂ ਨਾਲ ਸਬੰਧਤ ਪ੍ਰਸਿੱਧ ਵਿਅਕਤੀ ਕਰ ਰਹੇ ਹਨ।

ਅਮਰੀਕਾ ਅੰਦਰ ਪੁਲਿਸ ਅਧਿਕਾਰੀਆਂ ਦੇ ਨਸਲਘਾਤੀ, ਬਰਾਬਰਤਾਪੂਰਨ ਅਤੇ ਡਰਾਉਣੇ ਵਿਵਹਾਰ ਦਾ ਮੁੱਖ ਕਾਰਨ ਇਹ ਹੈ ਕਿ ਅਮਰੀਕੀ ਫੌਜਦਾਰੀ ਨਿਆਂ ਸਿਸਟਮ, ਸਿਵਲ ਅਤੇ ਰਾਜਨੀਤਕ ਸੰਸਥਾਵਾਂ ਕਾਲੇ ਅਤੇ ਭੂਰੇ ਅਮਰੀਕੀ-ਅਫਰੀਕਨ ਲੋਕਾਂ 'ਤੇ ਅਣਮਨੁੱਖੀ ਤਸ਼ੱਦਦ ਅਤੇ ਦਿਲ ਦਹਿਲਾ ਦੇਣ ਵਾਲਾ ਤਸੀਹੇ ਦੇਣ ਲਈ ਉਨ੍ਹਾਂ ਦੀ ਪਿੱਠ ਪੂਰਦਾ ਹੈ।

ਅਮਰੀਕੀ ਫੌਜ ਦਾ ਹੀ ਨਿਆਂ ਸਿਸਟਮ ਇਸ ਅਮਲ ਦੀ ਕੋਈ ਗੂੰਟੀ ਨਹੀਂ ਦਿੰਦਾ ਕਿ ਪੁਲਿਸ ਅਫ਼ਸਰ ਨੂੰ ਉਸਦੇ ਉਨੇ ਘਿਨਾਉਣੇ ਗੁਨਾਹ ਦੀ ਸਜ਼ਾ ਵਜੋਂ ਜੇਲ੍ਹ ਭੇਜ ਦੇਵੇ, ਜਿੰਨਾ ਉਸ ਦੇ ਕੀਤੇ ਹੈ। ਮਿਸਾਲ ਵਜੋਂ 26 ਨਵੰਬਰ, 2007 ਵਿਚ ਡੀਟਰਾਇਟ ਵਿਖੇ ਇਕ ਪੁਲਿਸ ਸੁਰੱਖਿਆ ਗਾਰਡ ਨੇ 16 ਸਾਲਾ ਨਿਹੱਥੇ ਕਾਲੇ ਲੜਕੇ ਬਰਾਂਡਨ ਮੂਰੇ ਨੂੰ ਇਕ ਖੇਡ ਤਮਾਸ਼ੇ ਵਜੋਂ ਮਾਰ ਮੁਕਾਇਆ। ਮੂਰੇ ਦਾ ਭਰਾ ਦੱਸਦਾ ਹੈ ਕਿ ਕੁਝ ਲੜਕੇ ਖੇਤ ਰਹੇ ਸਨ। ਗਾਰਡ ਤੋਂ ਡਰਦੇ ਉਹ ਦੌੜ ਪਏ। ਉਸ ਨੇ ਇਕ ਹੱਥ ਉਪਰ ਉਠਾਇਆ ਅਤੇ ਦੂਸਰੇ ਨਾਲ ਸਾਡੇ ਵੱਲ ਨਿਸ਼ਾਨਾ ਸਾਧਿਆ। ਦੌੜਨ ਵਾਲਿਆਂ ਵਿਚ ਉਸਦਾ ਭਰਾ ਮੂਰੇ ਅਖੀਰਲਾ ਸੀ ਜਿਸ ਨੂੰ ਉਸਨੇ ਮਾਰ ਮੁਕਾਇਆ। ਉਸਦਾ ਕੋਈ ਦੋਸ਼ ਨਹੀਂ ਸੀ।

ਇਹ ਗਾਰਡ ਅਪਰਾਧੀ ਕਿਸਮ ਦਾ ਵਿਅਕਤੀ ਸੀ। ਇਸ ਨੇ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਇਕ ਵਿਅਕਤੀ ਕੁਚਲ ਦਿੱਤਾ ਸੀ ਅਤੇ ਹਾਦਸੇ ਵਾਲੀ ਥਾਂ ਭੱਜ ਗਿਆ ਸੀ। ਸਜ਼ਾ ਭੁਗਤਣ ਬਾਅਦ ਉਸ ਨੂੰ ਫਿਰ ਬਹਾਲ ਕਰ ਦਿੱਤਾ। ਝਗੜਾ ਕਰਦੇ ਇਸ ਨੇ ਆਪਣੇ ਗੁਆਂਢੀ ਨੂੰ ਮਾਰ ਦਿੱਤਾ ਸੀ। ਘਰੇਲੂ ਹਿੰਸਾ ਵਿਚ ਆਪਣੀ ਪਤਨੀ ਨੂੰ ਜ਼ਖ਼ਮੀ ਕਰ ਦਿੱਤਾ ਸੀ। ਮੂਰੇ ਨੇ ਕਤਲ ਵਿਚ ਛਾਣਬੀਣ ਦੌਰਾਨ ਇਸ ਨੂੰ ਟਰੈਫਿਕ ਵਿੰਗ ਵਿਚ ਬਦਲ ਦਿੱਤਾ ਗਿਆ ਸੀ, ਜਦ ਤੱਕ ਉਹ ਬਰੀ ਨਹੀਂ ਸੀ ਹੋ ਗਿਆ।

ਸਟੇਟਨ ਜ਼ਰੀਏ ਵਿਚ ਐਰਿਕ ਗਾਰਨਰ ਨੂੰ ਇਸ ਲਈ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਸੀ ਉਸਤੇ ਗੋਲੀ ਇਸ ਲਈ ਦਾਗੀ ਸੀ ਕਿ ਉਸਨੇ ਪੁਲਿਸ ਅਧਿਕਾਰੀਆਂ ਦੀ ਜ਼ਿਆਦਾਤੀ ਦਾ ਵਿਰੋਧ ਕੀਤਾ ਸੀ। ਮਾਰਨ ਵਾਲੇ ਪੁਲਿਸ ਅਧਿਕਾਰੀ ਬਰੀ ਕਰ ਦਿੱਤੇ।

ਲਾਸ ਏਂਜਲਸ ਵਿਚ ਕਾਲੇ ਰੋਡਨੀ ਕਿੰਗ ਨੂੰ ਬਗੈਰ ਗੁਨਾਹ ਦੇ ਬੁਰੀ ਤਰ੍ਹਾਂ ਕੋਹਿਆ ਗਿਆ। ਅਪਰਾਧੀ ਪੁਲਸੀਏ ਖੁੱਲ੍ਹੇਆਮ ਘੁੰਮਦੇ ਰਹੇ। ਮੀਡੀਏ ਵਲੋਂ 24 ਘੰਟੇ ਖਬਰਾਂ ਦੇਣ, ਵੀਡੀਓਜ਼, ਸਮਾਜਿਕ ਮੀਡੀਏ ਆਦਿ ਵਲੋਂ ਐਸੇ ਮਸਲੇ ਉਠਾਉਣ ਦੇ ਬਾਵਜੂਦ ਕੁਝ ਨਹੀਂ ਹੁੰਦਾ। ਇਵੇਂ ਕਾਲੇ ਲੋਕਾਂ ਨੂੰ ਸਦੀਆਂ ਤੋਂ ਮਾਰਨਾ ਜਾਰੀ ਹੈ। ਮਾਈਕਲ ਬਰਾਊਨ ਇਵੇਂ ਮਾਰਿਆ। ਇਵੇਂ ਹੀ ਕਾਜ਼ਮੀ ਪਾਵੇਲ, ਤਾਸਿਰ ਰਈਸ ਅਤੇ ਜਸਟਸ ਹਾਵਲ ਆਦਿ ਮਾਰੇ ਗਏ। ਫਰੈਡੀਗਰੇਅ ਨੂੰ ਗੈਰ ਕਾਨੂੰਨੀ ਹਿਰਾਸਤ 'ਚ ਰੱਖਣ, ਮਾਨਵ ਹੱਤਿਆ, ਝਟਕਾਉਣ, ਵਾਰ ਵਾਰ ਤਸੀਹੇ ਦੇਣ ਦੇ ਦੋਸ਼ 6 ਪੁਲਿਸ ਅਫ਼ਸਰਾਂ 'ਤੇ ਲੱਗੇ ਹਨ। ਪਰ ਮੁੱਖ ਪ੍ਰਸ਼ਨ ਇਹ ਹੈ ਕਿ ਕੀ ਉਹ ਜੇਲ੍ਹ ਭੇਜੇ ਜਾਣਗੇ? ਕੀ ਉਨ੍ਹਾਂ ਨੂੰ ਢੁਕਵੀਆਂ ਸਜ਼ਾਵਾਂ ਮਿਲਣਗੀਆਂ? ਉਲਟ ਮਰਨ ਵਾਲਿਆਂ ਦੀ ਗਿਣਤੀ ਜਾਰੀ ਰਹੇਗੀ, ਜਿੰਨਾ ਚਿਰ ਕੋਈ ਢੁਕਵਾ ਹੱਲ ਨਹੀਂ ਕੀਤਾ ਜਾਂਦਾ, ਮੁਢਲਾ ਕਾਨੂੰਨੀ ਢਾਂਚਾ ਨਹੀਂ ਬਦਲਿਆ ਜਾਂਦਾ, ਮਾਨਸਿਕਤਾ ਨਹੀਂ ਬਦਲੀ ਜਾਂਦੀ।

ਪਿਛਲੇ 35 ਸਾਲ ਤੋਂ ਨਸ਼ੀਲਿਆਂ ਪਦਾਰਥਾਂ ਦੀ ਰੋਕਥਾਮ ਦੀ ਆੜ ਵਿਚ ਅਮਰੀਕਨ ਫੌਜਦਾਰੀ ਨਿਆਂ ਸਿਸਟਮ ਨਸਲਪ੍ਰਸਤ ਕੰਟਰੋਲ, ਅਤਿਆਚਾਰ ਅਤੇ ਘੇਰਾਬੰਦੀ ਦੇ ਸਾਧਨ ਵਜੋਂ ਸਥਾਪਤ ਹੋਇਆ ਪਿਆ ਹੈ। ਨਸਲੀ ਵਿਤਕਰਾ ਸਜ਼ਾਵਾਂ ਦੇ ਖੇਤਰ ਨੂੰ ਪ੍ਰਭਾਵਿਤ ਕਰਦਾ ਵਿਖਾਈ ਦਿੰਦਾ ਹੈ। ਭਾਵ ਗੋਰਿਆਂ ਅਤੇ ਕਾਲਿਆਂ ਦੀਆਂ ਸਜ਼ਾਵਾਂ ਸਮੇਂ ਵਿਤਕਰਾ ਸਪਸ਼ਟ ਨਜ਼ਰ ਆਉਂਦਾ ਹੈ। ਮੌਤ ਵਰਗੀ ਵੱਡੀ ਸਜ਼ਾ ਦਾ ਡਾਟਾ ਵੀ ਐਸਾ ਦਰਸਾਉਂਦਾ ਹੈ।

ਨਸ਼ੀਲੇ ਪਦਾਰਥਾਂ ਦੇ ਜੁਰਮ ਦੇ ਨਕਾਬ ਹੇਠ ਅਟਾਰਨੀ ਜਨਰਲ ਐਰਿਕ ਹੋਲਡਰ ਅਨੁਸਾਰ ਪੁਲਿਸ ਤਾਂ ਉਸ ਮਾਰੂ ਬਰਛੀ ਦੀ ਨੋਕ ਸਮਾਨ ਹੈ ਜਦਕਿ ਇਸ ਪੂਰੇ ਘਾਤਿਕ ਹਥਿਆਰ ਵਿਚ ਜੱਜ, ਅਟਾਰਨੀ, ਸਰਕਾਰੀ ਵਕੀਲ, ਪ੍ਰੋਬੇਸ਼ਨ ਅਫ਼ਸਰ ਅਤੇ ਰਾਜਨੀਤੀਵਾਨ ਵੀ ਸ਼ਾਮਲ ਹਨ।

ਨਸ਼ੀਲੇ ਪਦਾਰਥਾਂ ਦੀ ਰੋਕਥਾਮ ਦੇ ਨਸਲੀਕਰਨ ਨੂੰ ਹੋਰ ਮਾਰੂ ਅਤੇ ਪ੍ਰਭਾਵੀ ਬਣਾਉਣ ਵਿਚ ਪ੍ਰਧਾਨ ਰੋਨਾਲਡ ਰੀਗਨ ਵਲੋਂ ਨਸ਼ਿਆਂ ਵਿਰੋਧੀ ਬਿਲਾਂ ਤੇ ਦਸਤਖਤ ਕਰਨ ਨਾਲ ਇਨ੍ਹਾਂ ਦੀ ਵਰਤੋਂ ਕਰਨ ਵਾਲਿਆਂ ਦੇ ਨਾਲ ਇਨ੍ਹਾਂ ਦੇ ਵਿਕਰੇਤਾ ਤੇ ਵਪਾਰੀ ਵੀ ਇਸ ਦੀ ਜਿਦ ਵਿਚ ਆ ਗਏ। ਪ੍ਰਧਾਨ ਬਿਲ ਕਲਿੰਟਨ ਜਿਸ ਨੂੰ ਟੋਨੀ ਮੌਰੀਸਨ ਇਕ ਦਫ਼ਾ 'ਪਹਿਲਾ ਕਾਲਾ ਪ੍ਰਧਾਨ' ਗਰਦਾਨਿਆ ਸੀ ਵਲੋਂ ਜੋ ਅਪਰਾਧ ਅਤੇ ਭਲਾਈ ਸੁਧਾਰਾਂ ਤੇ ਸਹੀ ਪਾਈ ਉਨ੍ਹਾਂ ਨੇ ਕਾਲੇ ਅਪਰਾਧੀਆਂ ਲਈ ਜਨਤਕ ਘਰਾਂ, ਖਾਣਾ ਟਿਕਟਾਂ ਅਤੇ ਹੋਰ ਸਹੂਲਤਾਂ 'ਤੇ ਪਾਬੰਦੀ ਲਗਾ ਦਿੱਤੀ। ਬਹੁਤ ਸਾਰੇ ਸਿਵਲ ਅਧਿਕਾਰ ਖੋਹ ਲਏ।

ਪਿਛਲੀ ਸਦੀ ਦੇ 90ਵੇਂ ਦਹਾਕੇ ਵਿਚ ਦੇਸ਼ ਅੰਦਰ ਅਪਰਾਧ ਘਟਣ ਦੇ ਬਾਵਜੂਦ ਫੈਡਰਲ ਸਰਕਾਰ ਨੇ ਰਾਜਾਂ ਅਤੇ ਕਾਨੂੰਨ ਨਾਫਜ਼ ਕਰਨ ਵਾਲੀਆਂ ਅਥਾਰਟੀਆਂ ਨੂੰ ਬਿਲੀਅਨ ਡਾਲਰਾਂ ਦੀ ਗਰਾਂਟ ਦਿੱਤੀ। ਇਸ ਨੇ ਪੁਲਿਸ ਵਿਭਾਗ 'ਫੌਜੀਕਰਨ' ਵਿਚ ਵੱਡੀ ਭੂਮਿਕਾ ਅਦਾ ਕੀਤੀ।

ਨਿਆਂ ਸਿਸਟਮ ਏਨਾ ਢੰਡਾਤਮ ਬਣ ਗਿਆ ਕਿ ਜੋ ਕਾਲੇ ਸ਼ਹਿਰੀ ਜੇਲ੍ਹ ਤੋਂ ਰਿਹਾਅ ਹੋ ਕੇ ਆਉਂਦੇ ਉਨ੍ਹਾਂ ਨੂੰ ਬੇਰੁਜ਼ਗਾਰੀ, ਪੜ੍ਹਾਈ ਪੂਰੀ ਨਾ ਕਰ ਸਕਣ, ਵੋਟ ਨਾ ਪਾ ਸਕਣ, ਹਿੰਸਕ ਵਿਰੋਧਾਂ ਵਿਚ ਸ਼ਮੂਲੀਅਤ ਕਰਕੇ ਜੇਲ੍ਹ ਜਾਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬੱਚਿਆਂ ਨੂੰ ਮੁਹੱਈਆ ਕਰਵਾਈ ਜਾਂਦੀ ਸਰਕਾਰੀ ਅਦਾਇਗੀ ਤੋਂ ਵੰਚਿਤ ਹੋਣਾ ਪੈਂਦਾ ਹੈ।

ਕਾਲੇ ਅਤੇ ਭੂਰੇ ਨਸਲੀ ਲੋਕ ਅਮਰੀਕੀ ਜੇਲ੍ਹਾਂ ਦੇ ਕਮਰਿਆਂ ਵਿਚ ਪੰਜਾਬ ਦੀਆਂ ਜੇਲ੍ਹਾਂ ਵਾਂਗ ਤੁੜੇ ਜਾਂਦੇ ਹਨ। ਇਸ ਵਿਕਸਿਤ ਅਤੇ ਵਿਸ਼ਵ ਮਹਾਂਸ਼ਕਤੀ ਨੇ ਇਹ ਸਥਿਤੀ ਆਪਣੀ ਨਸਲਘਾਤੀ, ਨਸਲੀ ਘਿਰਣਾ ਅਤੇ ਵਿਤਕਰੇ ਭਰੀ ਮਾਨਸਿਕਤਾ ਕਰਕੇ ਕਾਇਮ ਰੱਖੀ ਹੋਈ ਹੈ। ਜਿਨ੍ਹਾਂ ਜੇਲ੍ਹਾਂ ਵਿਚ ਪਿਛਲੀ ਸਦੀ ਦੇ 80ਵੇਂ ਦਹਾਕੇ ਵਿਚ 350,000 ਕੈਦੀ ਰੱਖੇ ਜਾਂਦੇ ਸਨ ਹੁਣ 20 ਲੱਖ ਦੇ ਕਰੀਬ ਕੈਦੀ ਤੁੜੇ ਹੋਏ ਹਨ।

ਕਾਲੇ ਅਮਰੀਕੀ-ਅਫ਼ਰੀਕਨ ਸ਼ਹਿਰੀਆਂ ਨੂੰ ਅਪਰਾਧੀ ਨਸਲ ਗਰਦਾਨਦਿਆਂ ਨਿਹੱਥਿਆਂ ਤੇ ਗੋਲੀਆਂ ਦਾਗੀਆਂ ਜਾਂਦੀਆਂ ਹਨ। ਹੈਰਾਨਗੀ ਇਸ ਗੱਲ ਦੀ ਹੈ ਕਿ ਆਮ ਗੋਰੀ ਪਬਲਿਕ ਅਤੇ ਰਾਜਨੀਤੀਵਾਨ ਵੀ ਉਨ੍ਹਾਂ ਨੂੰ ਅਪਰਾਧੀ ਸਮਝਦਿਆਂ, ਉਨ੍ਹਾਂ ਨਾਲ ਹਮਦਰਦੀ ਨਹੀਂ ਵਿਖਾਉਂਦੇ।

ਜੇ ਉਹ ਆਪਣੇ 'ਤੇ ਹੁੰਦੇ ਅਣਮਨੁੱਖੀ ਜ਼ੁਲਮਾਂ ਅਤੇ ਵਰਤਾਰੇ, ਮਨੁੱਖੀ ਅਜ਼ਾਦੀਆਂ ਦੀ ਪਾਬੰਦੀ ਅਤੇ ਸਮਾਜਿਕ ਵਿਤਕਰੇ, ਨਸਲਕੁਸ਼ੀ ਅਤੇ ਬਰਾਬਰਤਾਪੂਰਵਕ ਘਿਰਣਾ ਵਿਰੁੱਧ ਆਵਾਜ਼ ਉਠਾਉਂਦੇ ਹਨ ਜਾਂ ਕਦੇ ਹਿੰਸਕ ਹੋ ਕੇ ਭੰਨ-ਤੋੜ ਅਤੇ ਅਗਜ਼ਨੀ ਤੇ ਉਤਾਰੂ ਹੋ ਉੱਠਦੇ ਹਨ ਤਾਂ ਪੁਲਿਸ ਸਥਿਤੀ ਸੰਭਾਲਣ ਦੇ ਨਕਾਬ ਹੇਠ ਫੌਜ ਵਾਂਗ ਉਨ੍ਹਾਂ 'ਤੇ ਅਧਿਕਾਰ ਜਮ੍ਹਾਂ ਲੈਂਦੀ ਹੈ, ਜ਼ੁਲਮ ਢਾਹੁੰਦੀ ਹੈ, ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨਹੀਂ ਕਰਦੀ।

ਪੁਲਿਸ ਫਰਗੂਸਨ ਅਤੇ ਹੁਣ ਬਾਲਟੀਮੋਰ ਵਿਚ ਕਾਲੇ ਲੋਕਾਂ ਵਲੋਂ ਹਿੰਸਕ ਵਿਰੋਧ ਇਸੇ ਨੀਤੀ ਦਾ ਨਤੀਜਾ ਹੀ ਹਨ। ਮਾਰਟਿਨ ਲੂਥਰ ਕਿੰਗ ਜਿਸ ਨੇ ਕਾਲੇ ਨਸਲ ਦੇ ਲੋਕਾਂ ਲਈ ਆਪਣੀ ਕੁਰਬਾਨੀ ਦੇ ਦਿੱਤੀ ਸੀ ਅਤੇ ਜੋ ਅਹਿੰਸਾ ਦੇ ਸਖ਼ਤ ਵਿਰੋਧੀ ਸਨ, ਨੇ ਮਾਰਚ 1968 ਵਿਚ ਕਿਹਾ ਸੀ ਕਿ (ਹਿੰਸਕ) ਦੰਗੇ ਅਣਸੁਣਿਆਂ ਦੀ ਜ਼ੁਬਾਨ ਹੁੰਦੇ ਹਨ। ਜਦੋਂ ਲੋਕਾਂ ਦੇ ਦੁੱਖ ਦਰਦ ਨਹੀਂ ਸੁਣੇ ਜਾਂਦੇ ਤਾਂ ਉਹ ਦੂਸਰਿਆਂ ਦਾ ਧਿਆਨ ਖਿੱਚਣ ਲਈ ਹਿੰਸਾ ਤੇ ਉਤਾਰੂ ਹੋ ਉਠਦੇ ਹਨ।

ਬਾਲਟੀਮੋਰ ਦੀ ਪੁਲਿਸ ਕਾਲੇ ਸ਼ਹਿਰੀਆਂ ਤੇ ਜ਼ੁਲਮ ਢਾਹੁਣ ਅਤੇ ਨਸਲੀ ਵਿਤਕਰਾ ਕਰਨ ਲਈ ਬਦਨਾਮ ਹੈ। ਘੱਟੋ-ਘੱਟ 100 ਲੋਕਾਂ ਨੇ ਇਸ ਦੇ ਪ੍ਰਸ਼ਾਸਨ ਵਿਰੁੱਧ ਅਦਾਲਤਾਂ ਵਿਚੋਂ ਕੇਸ ਜਿੱਤੇ ਹਨ ਜਿਨ੍ਹਾਂ ਦੇ ਮੁਆਵਜ਼ੇ ਵਜੋਂ ਉਨ੍ਹਾਂ ਨੂੰ 5.7 ਮਿਲੀਅਨ ਡਾਲਰ ਦੇਣੇ ਪਏ ਜਦਕਿ ਕੇਸ ਲੜਨ 'ਤੇ ਵਕੀਲਾਂ ਦੀ ਫੀਸ ਵਜੋਂ 5.8 ਮਿਲੀਅਨ ਡਾਲਰ ਖ਼ਰਚਣੇ ਪਏ।

ਪ੍ਰਧਾਨ ਓਬਾਮਾ ਨੇ ਨਸਲੀ ਵਿਤਕਰੇ ਬਾਰੇ ਬੋਲਦਿਆਂ ਸਪਸ਼ਟ ਕੀਤਾ ਕਿ ਇਹ ਵਿਤਕਰਾ ਲੰਬੇ ਸਮੇਂ ਤੋਂ ਜਾਰੀ ਹੈ। ਸਾਨੂੰ ਵਿਖਾਵਾ ਨਹੀਂ ਕਰਨਾ ਚਾਹੀਦਾ ਕਿ ਹੁਣ ਹੀ ਵਾਪਰ ਰਿਹਾ ਹੈ ਕਿਉਂਕਿ ਇਹ ਨਵਾਂ ਨਹੀਂ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਹੁਣ ਐਸੀਆਂ ਘਟਨਾਵਾਂ ਹਰ ਹਫ਼ਤੇ ਵਾਪਰਨੀਆਂ ਸ਼ੁਰੂ ਹੋ ਗਈਆਂ ਹਨ।

ਕਾਲੇ ਅਮਰੀਕੀ-ਅਫ਼ਰੀਕਨਾਂ ਸਬੰਧੀ ਇਕ ਤਾਜ਼ਾ ਅਧਿਐਨ ਅਨੁਸਾਰ ਜਿਥੇ ਅਪਰਾਧੀ ਗੋਰਿਆਂ ਨੂੰ ਆਪਣਾ ਭਵਿੱਖ ਸੰਵਾਰਨ ਅਤੇ ਪਿਛੋਕੜ ਭੁੱਲਣ ਲਈ ਵਧੀਆ ਮੌਕੇ ਦਿੱਤੇ ਜਾਂਦੇ ਹਨ, ਉਥੇ ਕਾਲੇ ਅਪਰਾਧੀਆਂ ਨੂੰ ਇਕ ਅਪਰਾਧਿਕ ਗਲਤੀ ਦਾ ਖ਼ਮਿਆਜ਼ਾ ਸਾਰੀ ਉਮਰ ਭੁਗਤਣਾ ਪੈਂਦਾ ਹੈ। ਉਸ ਨੂੰ ਸਾਰੀ ਉਮਰ ਨਰਕ ਭਰੇ ਬਦਤਰ ਹਲਾਤਾਂ ਵਿਚ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਦਰਅਸਲ ਅਮਰੀਕੀ ਪੁਲਿਸ ਸਿਸਟਮ ਗੁਲਾਮ ਬਣਾ ਕੇ ਅਮਰੀਕਾ ਲਿਆਂਦੇ ਅਫਰੀਕੀ ਕਾਲੇ ਲੋਕਾਂ ਨੂੰ ਕੰਟਰੋਲ ਕਰਨ ਲਈ ਵਰਤਿਆ ਜਾਂਦਾ ਸੀ। ਉਨ੍ਹਾਂ 'ਤੇ ਜ਼ੁਲਮ ਢਾਹੇ ਜਾਂਦੇ ਸਨ। ਕੁੱਟਣਾ, ਮਾਰਨਾ, ਜੇਲ੍ਹ ਡੱਕਣਾ ਅਤੇ ਗੋਲੀ ਮਾਰ ਦੇਣਾ ਆਮ ਗੱਲ ਸੀ। ਉਸੇ ਮਾਨਸਿਕਤਾ ਅਧੀਨ ਅੱਜ ਵੀ 'ਗੁਲਾਮੀ' ਭਰਿਆ ਵਰਤਾਰਾ ਜਾਰੀ ਹੈ।

ਕਾਲੇ-ਭੂਰੇ ਲੋਕਾਂ ਵਿਚ ਜਾਗ੍ਰਿਤੀ ਕਰਕੇ ਉਹ ਹੁਣ ਵਿਰੋਧ ਕਰਨੋਂ ਨਹੀਂ ਟਲਦੇ। ਉਨ੍ਹਾਂ ਅਤੇ ਗੋਰਿਆਂ ਦਰਮਿਆਨ ਤਨਖਾਹਾਂ ਵਿਚ ਅੰਤਰ, ਧੰਨ-ਦੌਲਤ, ਰਹਿਣ-ਸਹਿਣ ਵਿਚ ਅੰਤਰ, ਜੁਰਮ ਕਰਨ ਤੇ ਸਜ਼ਾਵਾਂ ਵਿਚ ਅੰਤਰ ਆਦਿ ਨੇ ਉਨ੍ਹਾਂ ਨੂੰ ਅਮਰੀਕੀ ਫੌਜਦਾਰੀ ਨਿਆਂ ਸਿਸਟਮ ਵਿਰੁੱਧ ਖੜ੍ਹਾ ਕਰ ਦਿੱਤਾ ਹੈ। ਅਮਰੀਕਾ ਨੂੰ ਹੁਣ ਉਨ੍ਹਾਂ ਦੀ ਸਮਾਜਿਕ ਬਰਾਬਰੀ ਅਤੇ ਇਨਸਾਫ਼ ਦੀ ਆਵਾਜ਼ ਸੁਣਨੀ ਹੀ ਪਵੇਗੀ। ਜਿਨ੍ਹਾਂ ਲੋਕਾਂ ਨੂੰ ਸਦੀਆਂ ਤੋਂ ਲਤਾੜਿਆ ਜਾ ਰਿਹਾ ਹੈ, ਉਹ ਹੁਣ ਲਤਾੜ ਸਹਿਣ ਨਹੀਂ ਕਰਨਗੇ। ਅਮਰੀਕੀ ਪੁਲਿਸ ਨੂੰ ਸਮਝਣਾ ਪਏਗਾ ਕਿ ਉਹ ਵੀ ਅਮਰੀਕੀ ਨਾਗਰਿਕਾਂ ਵਜੋਂ ਉਸੇ ਸਨਮਾਨ ਭਰੇ ਵਰਤਾਉ ਦੇ ਹੱਕਦਾਰ ਹਨ ਜਿਵੇਂ ਗੋਰੇ ਸ਼ਹਿਰੀ। ਉਨ੍ਹਾਂ ਕਾਲੇ ਮਨੁੱਖਾਂ ਦੇ ਮਨੁੱਖੀ ਅਧਿਕਾਰ ਉਨੀ ਹੀ ਰਾਖੀ ਦੇ ਹੱਕਦਾਰ ਹਨ ਜਿੰਨੇ ਕਿ ਦੂਸਰੇ ਗੋਰੇ ਮਨੁੱਖਾਂ ਦੇ।

ਪ੍ਰਧਾਨ ਬਰਾਕ ਓਬਾਮਾ ਜੋ ਉਸ ਨਸਲ ਵਿਚੋਂ ਹੀ ਹਨ, ਨੇ ਜਿਵੇਂ ਐਲਾਨ ਕੀਤਾ ਹੈ ਕਿ (ੳ) ਉਨ੍ਹਾਂ ਦੀਆਂ ਨੌਕਰੀਆਂ ਹਰ ਕੀਮਤ 'ਤੇ ਬਹਾਲ ਕੀਤੀਆਂ ਜਾਣ (ਅ) ਮਿਆਰੀ ਵਿਦਿਆ ਦਾ ਪ੍ਰਬੰਧ ਕੀਤਾ ਜਾਏ (ੲ) ਸਾਬਕਾ ਕਾਲੇ ਅਪਰਾਧੀਆਂ ਨੂੰ ਰੁਜ਼ਗਾਰ ਦਿੱਤੇ ਜਾਣ (ਸ) ਉਨ੍ਹਾਂ ਦੇ ਨਾਗਰਿਕ ਅਧਿਕਾਰ ਬਹਾਲ ਕੀਤੇ ਜਾਣ ਤੇ ਸਮਾਂਬੱਧਤਾ ਨਾਲ ਅਮਲ ਹੋਵੇ (ਹ) ਸਭ ਤੋਂ ਜ਼ਰੂਰੀ ਪੁਲਿਸ ਵਲੋਂ ਐਸੇ ਨਸਲਕੁਸ਼ੀ ਦੇ ਕੇਸਾਂ ਸਬੰਧੀ ਆਪੇ ਜਾਂਚ ਪੜਤਾਲ ਦਾ ਅਧਿਕਾਰ ਕਾਨੂੰਨੀ ਤੌਰ 'ਤੇ ਖੋਹ ਕੇ ਕਿਸੇ ਨਿਰਪੱਖ ਜਾਂਚ ਏਜੰਸੀ ਨੂੰ ਸੌਂਪਣਾ ਚਾਹੀਦਾ ਹੈ ਅਤੇ ਉਸ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣਾ ਚਾਹੀਦਾ ਹੈ ਜਿਨ੍ਹਾਂ ਦੀ ਰਾਖੀ ਦੀ ਸਹੁੰ ਚੁੱਕਦੇ ਹਨ ਅਤੇ ਜਿਨ੍ਹਾਂ ਵਲੋਂ ਦਿੱਤੇ ਜਾਂਦੇ ਟੈਕਸਾਂ ਵਿਚੋਂ ਉਨ੍ਹਾਂ ਨੂੰ ਤਨਖਾਹਾਂ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ (ਕ) ਅਮਰੀਕੀ ਫੌਜਦਾਰੀ ਨਿਆਂ ਪ੍ਰਣਾਲੀ ਨੂੰ ਮੁੜ ਤੋਂ ਸਾਰੇ ਨਾਗਰਿਕਾਂ ਪ੍ਰਤੀ ਬਰਾਬਰ ਅਤੇ ਇਨਸਾਫ਼ ਭਰਿਆ ਪ੍ਰਭਾਸ਼ਿਤ ਕਰਕੇ ਲਿਖਿਆ ਜਾਣਾ ਚਾਹੀਦਾ ਹੈ। ਅਮਰੀਕੀ ਲੋਕਤੰਤਰ ਦੀਆਂ ਉਚ ਕਦਰਾਂ-ਕੀਮਤਾਂ, ਮਾਣ ਅਤੇ ਮਰਿਆਦਾ ਨੂੰ ਮੁੜ ਤੋਂ ਬਹਾਲ ਕਰਨਾ ਚਾਹੀਦਾ ਹੈ।

ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ
ਬਰੈਂਪਟਨ, ਕੈਨੇਡਾ
001-416-857-7665





# ਖੇਤੀ ਸਬੰਧੀ ਗ਼ਲਤ ਨੀਤੀਆਂ ਦਾ ਸਿੱਟਾ ਹਨ ਕਿਸਾਨ ਖ਼ੁਦਕੁਸ਼ੀਆਂ







ਗੁਰਚਰਨ ਨੂਰਪੁਰ

ਖੇਤਾਂ ਨੂੰ ਜਦੋਂ ਕੁਦਰਤੀ ਕਰੋਪੀਆਂ ਦੀ ਹੱਦੋਂ ਵੱਧ ਮਾਰ ਪੈਂਦੀ ਹੈ, ਜਦੋਂ ਖੇਤਾਂ ਦਾ ਦਮ ਭਰਨ ਵਾਲੀ ਰਾਜਨੀਤੀ ਖੇਤਾਂ ਨਾਲ ਵਿਸਾਹਘਾਤ ਕਰਦੀ ਹੈ ਤਾਂ ਖੇਤਾਂ ਦੇ ਵਾਰਸ ਉਦਾਸ ਹੁੰਦੇ ਹਨ। ਜਦੋਂ ਆਪਣੀ ਔਲਾਦ ਦਾ ਭਵਿੱਖ ਧੁੰਦਲਾ ਜਾਪਦਾ ਹੈ, ਸੁਪਨੇ ਬਿਰਖਰਨ ਲੱਗਦੇ ਹਨ, ਨਿਰਾਸ਼ਾ ਅਤੇ ਬੇਬਸੀ ਦੇ ਆਲਮ ਵਿਚ ਟੁੱਟੇ ਮਨਾਂ ਲਈ ਜ਼ਿੰਦਗੀ ਜਿਊਣੀ ਵਧੇਰੇ ਕਠਿਨ ਹੋ ਜਾਂਦੀ ਹੈ ਅਤੇ ਘੋਰ ਨਿਰਾਸ਼ਾ ਦਾ ਸ਼ਿਕਾਰ ਹੋਏ ਖੇਤਾਂ ਦੇ ਪੁੱਤ ਖੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ।

ਕੁਦਰਤ ਤਾਂ ਸਦੀਆਂ ਤੋਂ ਖੇਤਾਂ ਦੇ ਲਈ ਕਦੇ ਵਰਦਾਨ ਅਤੇ ਕਦੇ ਕਹਿਰਵਾਨ ਹੁੰਦੀ ਆਈ ਹੈ ਮਨੁੱਖੀ ਇਤਿਹਾਸ ਵਿਚ ਇਹ ਕੋਈ ਅਲੋਕਾਰੀ ਗੱਲ ਨਹੀਂ। ਪਰ ਅਫ਼ਸੋਸ ਉਦੋਂ ਹੁੰਦਾ ਹੈ ਜਦੋਂ ਮੁਲਕ ਦੀਆਂ ਸਰਕਾਰਾਂ ਵੀ ਖੇਤਾਂ ਦੇ ਪੁੱਤਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ ਹਨ। ਆਜ਼ਾਦੀ ਤੋਂ ਬਾਅਦ ਇਕ ਸਮਾਂ ਉਹ ਸੀ ਜਦੋਂ ਬੰਗਾਲ, ਉੜੀਸਾ, ਬਿਹਾਰ ਤੋਂ ਇਲਾਵਾ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਕਾਲ ਪੈ ਜਾਂਦੇ ਸਨ। ਹਜ਼ਾਰਾਂ ਨਹੀਂ ਲੱਖਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਕੇ ਤਿਲ-ਤਿਲ ਕਰਕੇ ਮਰਦੇ ਸਨ। ਭੁੱਖਾਂ ਦੇ ਸਤਾਏ ਲੋਕ ਹੱਡੀਆਂ ਦੇ ਪਿੰਜਰ ਬਣ ਜਾਂਦੇ ਸਨ। ਹਾਲਾਤ ਦੀਆਂ ਮਾਰੀਆਂ ਮਾਵਾਂ ਰੋਟੀ ਦੇ ਇਕ-ਇਕ ਟੁਕੜੇ ਬਦਲੇ ਆਪਣੇ ਜਿਗਰ ਦੇ ਟੁਕੜੇ ਵੇਚਣ ਲਈ ਮਜਬੂਰ ਹੋ ਜਾਂਦੀਆਂ ਸਨ। ਇਸ ਅਤਿ-ਭਿਆਨਕ ਸਥਿਤੀ ਵਿਚ ਸਰਕਾਰਾਂ ਆਪਣੇ ਆਪ ਨੂੰ ਬੇਵਸ ਸਮਝਦੀਆਂ ਸਨ। ਇਨ੍ਹਾਂ ਹਾਲਾਤਾਂ ਵਿਚ ਦੇਸ਼ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਦੀ ਬਾਂਹ ਫੜੀ। ਖੇਤ, ਕਿਸਾਨਾਂ ਮਜ਼ਦੂਰਾਂ ਦੇ ਪਸੀਨੇ ਨਾਲ ਤਰ ਹੋਏ। ਬੰਜਰਾਂ ਨੂੰ ਪੱਧਰੇ ਕਰਕੇ ਖੇਤਾਂ ਦੀ ਸ਼ਕਲ ਦਿੱਤੀ ਗਈ। ਨਵੀਆਂ ਨਵੀਆਂ ਤਕਨੀਕਾਂ, ਖਾਦਾਂ ਅਤੇ ਸਿੰਚਾਈ ਦੇ ਸਾਧਨਾਂ ਦੇ ਨਾਲ-ਨਾਲ ਖੇਤਾਂ ਦੇ ਪੁੱਤਰਾਂ ਦੀ ਸਖ਼ਤ ਘਾਲਣਾ ਰੰਗ ਲਿਆਈ ਅਤੇ ਮੁਲਕ ਵਿਚ ਅਨਾਜ ਦੇ ਢੇਰ ਲੱਗ ਗਏ। ਜਿਸ ਦੇਸ਼ ਵਿਚ ਹਰ ਸਾਲ ਪੈਂਦੇ ਕਾਲ ਨਾਲ ਲੱਖਾਂ ਦੀ ਤਾਦਾਦ ਵਿਚ ਬੱਚੇ, ਬੁੱਢੇ, ਔਰਤਾਂ ਭੁੱਖਮਰੀ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਸਨ, ਉਹ ਦੇਸ਼ ਅੰਨ ਭੰਡਾਰ ਪੱਖੋਂ ਆਤਮ-ਨਿਰਭਰ ਹੋ ਗਿਆ। ਦੇਸ਼ ਦੇ ਕਿਸਾਨਾਂ ਨੇ ਰਾਤਾਂ ਦੀਆਂ ਨੀਂਦਰਾਂ ਨੂੰ ਤਿਆਗਿਆ। ਸਖ਼ਤ ਘਾਲਣਾ ਘਾਲੀਆਂ। ਹਜ਼ਾਰਾਂ ਖੇਤਾਂ ਦੇ ਪੁੱਤ ਕਦੇ ਬਿਜਲੀ ਦੇ ਕਰੰਟ ਲੱਗ ਕੇ ਮਰੇ, ਕਦੇ ਟੋਕਿਆਂ, ਥਰੈਸ਼ਰਾਂ ਵਿਚ ਬਾਹਵਾਂ ਕਟਵਾ ਕੇ ਜ਼ਿੰਦਗੀ ਭਰ ਲਈ ਅਪਾਹਜ ਬਣੇ, ਕਦੇ ਸਪਰੇਅ ਕਰਦਿਆਂ ਚੜ੍ਹੀਆਂ ਜ਼ਹਿਰਾਂ ਨੇ ਉਨ੍ਹਾਂ ਦੀ ਜੀਵਨ ਲੀਲ੍ਹਾ ਸਮਾਪਤ ਕੀਤੀ। ਕਦੇ ਖੂਹੀਆਂ ਕੱਢਦਿਆਂ ਰੁੱਸ ਗਏ ਪਾਣੀਆਂ ਨੂੰ ਲੱਭਣ ਗਏ ਧਰਤੀ ਵਿਚ ਜ਼ਿੰਦਾ ਦਫ਼ਨ ਹੋ ਗਏ। ਦੇਸ਼ ਦੇ ਹਰ ਪਿੰਡ ਜਿੱਥੇ ਖੇਤੀ ਹੁੰਦੀ ਹੈ, ਧਰਤੀ ਦੇ ਪੁੱਤਰਾਂ ਨੇ ਖੇਤਾਂ 'ਚ ਅਨਾਜ ਪੈਦਾ ਕਰਨ ਅਤੇ ਦੇਸ਼ ਦਾ ਢਿੱਡ ਭਰਨ ਲਈ ਆਪਣੀਆਂ ਜਾਨਾਂ ਦਿੱਤੀਆਂ ਪਰ ਇਹ ਸਭ ਕੁਝ ਕਿਸੇ ਇਤਿਹਾਸ ਦਾ ਹਿੱਸਾ ਨਾ ਬਣਿਆ। ਕਿਸੇ ਸਰਕਾਰ ਨੇ ਇਹ ਜ਼ਹਿਮਤ ਨਹੀਂ ਕੀਤੀ ਕਿ ਦੇਸ਼ ਦੇ ਕਮਾਊ ਪੁੱਤਰ ਜੋ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਦੇਸ਼ ਦਾ ਢਿੱਡ ਭਰਦੇ ਰਹੇ, ਕਦੋਂ ਕਦੋਂ, ਕਿਵੇਂ ਅਤੇ ਕਿੰਨੇ ਮੌਤ ਦੇ ਮੂੰਹ ਵਿਚ ਜਾ ਪਏ। ਸਰਕਾਰਾਂ ਬਦਲੀਆਂ, ਰਾਜ ਭਾਗ ਬਦਲੇ ਪਰ ਕਿਸਾਨ ਜਿਸ ਨੇ ਸਖ਼ਤ ਮਿਹਨਤ ਕਰਦਿਆਂ, ਸੱਪਾਂ ਦੀਆਂ ਸਿਰੀਆਂ ਮਿੱਧਦਿਆਂ, ਰਾਤਾਂ ਦਾ ਸੁੱਖ ਚੈਨ ਗਵਾਇਆ, ਦੀ ਹਾਲਤ ਹੋਰ ਖ਼ਰਾਬ ਹੁੰਦੀ ਗਈ।

ਕਰਜ਼ਿਆਂ ਦੀ ਮਾਰ ਦੇ ਸਤਾਏ ਕਿਸਾਨ ਲੰਮੇ ਸਮੇਂ ਤੋਂ ਖ਼ੁਦਕੁਸ਼ੀਆਂ ਕਰ ਰਹੇ ਹਨ। ਪਰ ਪਿਛਲੇ ਕੁਝ ਮਹੀਨਿਆਂ ਤੋਂ ਇਹ ਖ਼ੁਦਕੁਸ਼ੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਆਦਿ ਦੇ ਲੱਖਾਂ ਦੀ ਗਿਣਤੀ ਵਿਚ ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਇਆ ਕਿਸਾਨ ਜਦੋਂ ਕਿਤੇ ਖੁਦਕੁਸ਼ੀ ਕਰਦਾ ਹੈ ਤਾਂ ਮੁਲਕ ਦੀਆਂ ਰਾਜਸੀ ਪਾਰਟੀਆਂ ਇਸ ਨੂੰ ਮੁੱਦਾ ਬਣਾ ਕੇ ਆਪਣੀਆਂ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਕਿਰਸਾਨੀ ਦੇ ਮੁੱਦੇ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਪਿਛਲੇ ਕੁਝ ਸਾਲਾਂ ਵਿਚ ਲੱਖਾਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਆਜ਼ਾਦ ਭਾਰਤ ਦੇ ਮੱਥੇ 'ਤੇ ਕਲੰਕ ਵਾਂਗ ਹਨ। ਇਨੇ ਵੱਡੇ ਪੈਮਾਨੇ 'ਤੇ ਹੋਈਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਹਕੀਕਤ ਵਿਚ ਉਸ ਵਿਵਸਥਾ ਵੱਲੋਂ ਕੀਤੇ ਗਏ ਕਤਲ ਹਨ ਜੋ ਵਿਵਸਥਾ ਬੜੀ ਤੇਜ਼ੀ ਨਾਲ ਧਨਾਢ ਨੂੰ ਹੋਰ ਧਨਾਢ ਅਤੇ ਗ਼ਰੀਬ ਨੂੰ ਹੋਰ ਗ਼ਰੀਬ ਬਣਾ ਰਹੀ ਹੈ। ਖੇਤੀਬਾੜੀ ਸਬੰਧੀ ਗ਼ਲਤ ਸਰਕਾਰੀ ਨੀਤੀਆਂ ਕਰਕੇ ਪਿਛਲੇ ਕੁਝ ਅਰਸੇ ਤੋਂ ਲੱਖਾਂ ਦੀ ਗਿਣਤੀ ਵਿਚ ਛੋਟੇ ਕਿਸਾਨ ਆਪਣੀ ਜ਼ਮੀਨ ਗਵਾ ਬੈਠੇ ਹਨ। ਬੜੀ ਤੇਜ਼ੀ ਨਾਲ ਇਹ ਅਮਲ ਜਾਰੀ ਹੈ। ਭਾਜਪਾ ਅਤੇ ਕਾਂਗਰਸ ਸਮੇਤ ਉਹ ਪਾਰਟੀਆਂ ਜੋ ਆਪਣੇ-ਆਪ ਨੂੰ ਕਿਸਾਨ ਹਿਤੈਸ਼ੀ ਕਹਾਉਂਦੀਆਂ ਹਨ, 'ਗੱਲਾਂ ਦੇ ਕੜਾਹ' ਬਣਾ-ਬਣਾ ਕੇ ਕਿਸਾਨਾਂ ਅੱਗੇ ਪੇਸ਼ ਕਰਦੀਆਂ ਰਹੀਆਂ ਹਨ। ਪਰ ਕਰਜ਼ਿਆਂ ਦੀ ਮਾਰ ਦੇ ਝੰਭੇ ਕਿਸਾਨਾਂ ਨੂੰ ਮੰਦਹਾਲੀ ਚੋਂ ਕੱਢਣ ਲਈ ਕੋਈ ਠੋਸ ਯੋਜਨਾਵਾਂ ਨਹੀਂ ਬਣਾਈਆਂ ਗਈਆਂ। ਲੰਘੀਆਂ ਲੋਕ ਸਭਾ ਚੋਣਾਂ ਵਿਚ ਕਿਸਾਨਾਂ ਦਾ ਸਮਰਥਨ ਲੈਣ ਲਈ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਭਾਜਪਾ ਸਮਰਥਨ ਕਰਦੀ ਰਹੀ, ਪਰ ਚੋਣਾਂ ਜਿੱਤਣ ਬਾਅਦ ਇਸ ਨੂੰ ਵਿਸਾਰ ਦਿੱਤਾ ਗਿਆ। ਸਗੋਂ ਮੋਦੀ ਸਰਕਾਰ ਕਿਸਾਨ ਵਿਰੋਧੀ ਭੂਮੀ ਪ੍ਰਾਪਤੀ ਵਰਗੇ ਬਿੱਲ ਲਿਆਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਇਸ ਸਬੰਧੀ ਬੋਲਦਿਆਂ ਕਿਹਾ, 'ਜੇਕਰ ਅਸੀਂ ਗ਼ਰੀਬਾਂ ਦੇ ਰਹਿਣ ਲਈ ਜ਼ਮੀਨ ਦੀ ਮੰਗ ਕਰਦੇ ਹਾਂ ਤਾਂ ਇਹ ਕੋਈ ਗੁਨਾਹ ਹੈ?' ਪਰ ਦੇਸ਼ ਦੀਆਂ ਸਰਕਾਰਾਂ, ਗ਼ਰੀਬਾਂ ਅਤੇ ਗ਼ਰੀਬ ਕਿਸਾਨਾਂ, ਮਜ਼ਦੂਰਾਂ ਨੂੰ ਗ਼ਰੀਬੀ ਦੀ ਜਿੱਲ੍ਹਣ ਚੋਂ ਬਾਹਰ ਕੱਢਣ ਲਈ ਹੁਣ ਤੱਕ ਕੀ ਕੁਝ ਕਰਦੀਆਂ ਰਹੀਆਂ ਹਨ, ਇਹ ਕਿਸੇ ਤੋਂ ਲੁਕੀ ਛਿਪੀ ਗੱਲ ਨਹੀਂ। ਕਾਲੇ ਧਨ ਦੇ ਮਾਮਲੇ ਅਤੇ ਜਨ ਧਨ ਯੋਜਨਾ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦਾ ਧਿਆਨ ਖਿੱਚ ਕੇ ਫੋਕੀ ਵਾਹ ਵਾਹ ਕਰਵਾਉਣ ਲਈ ਕਿਸ ਤਰ੍ਹਾਂ ਗ਼ਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਇਹ ਸਭ ਦੇ ਸਾਹਮਣੇ ਹੈ। ਜਦੋਂ ਕੋਈ ਕਿਸਾਨ ਆਤਮਹੱਤਿਆ ਕਰਦਾ ਹੈ ਤਾਂ ਉਸ ਦੇ ਪਰਿਵਾਰ ਨੂੰ ਕੁਝ ਗਰਾਂਟ ਦਾ ਐਲਾਨ ਕਰਕੇ, ਉਸ ਦੀ ਮੌਤ 'ਤੇ ਰਾਜਸੀ ਰੋਟੀਆਂ ਸੇਕ ਕੇ ਮਾਮਲਾ ਆਇਆ ਗਿਆ ਕਰ ਦਿੱਤਾ ਜਾਂਦਾ ਹੈ। ਲੋੜ ਇਸ ਵੇਲੇ ਖੇਤੀਬਾੜੀ ਸਬੰਧੀ ਨੀਤੀਆਂ ਵਿਚ ਬਦਲਾਅ ਕਰਨ ਦੀ ਹੈ ਜਦਕਿ ਗੱਲਾਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀਆਂ ਕੀਤੀਆਂ ਜਾ ਰਹੀਆਂ ਹਨ।

ਸੌੜੀ ਅਤੇ ਸਵਾਰਥੀ ਰਾਜਨੀਤੀ ਕਰਕੇ ਖੇਤਾਂ (ਖਾਸ ਕਰਕੇ ਪੰਜਾਬ ਦੀ ਧਰਤੀ) ਦੀ ਆਬੋ ਹਵਾ ਵਿਚ ਜ਼ਹਿਰ ਘੁਲ ਗਿਆ, ਮਿੱਟੀ ਅਤੇ ਪਾਣੀ ਪਲੀਤ ਹੋ ਗਏ ਹਨ। ਉਹ ਧਰਤੀ ਜਿਸ ਨੇ ਦੇਸ਼ ਦੇ ਭੁੱਖੇ ਢਿੱਡਾਂ ਲਈ ਟਨਾਂ ਦੇ ਟਨ ਅਨਾਜ ਪੈਦਾ ਕੀਤਾ, ਉਸ ਧਰਤੀ ਦਾ ਸੱਚ ਹੁਣ ਇਹ ਹੈ ਕਿ ਇਹਦੇ ਖੇਤਾਂ ਵਿਚ ਹੁਣ ਕੈਂਸਰ ਉੱਗ ਰਿਹਾ ਹੈ। ਆਪਣੇ ਵਾਤਾਵਰਨ ਨੂੰ ਪਲੀਤ ਕਰਕੇ ਦੂਜਿਆਂ ਦਾ ਢਿੱਡ ਭਰਨ ਵਾਲੇ ਇਸ ਧਰਤੀ ਦੇ ਬਸ਼ਿੰਦੇ ਕੈਂਸਰ, ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਵਰਗੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਦੇਸ਼ ਦੇ ਕਿਸਾਨ ਨੇ ਦੇਸ਼ ਦੇ ਲੋਕਾਂ ਦਾ ਢਿੱਡ ਹੀ ਨਹੀਂ ਭਰਿਆ, ਦੇਸ਼ ਨੂੰ ਵਿਕਾਸ ਦੀ ਲੀਹ 'ਤੇ ਵੀ ਪਾਇਆ, ਲੱਖਾਂ ਖੇਤੀ ਨਾਲ ਸਬੰਧਤ ਸਾਜ਼ੋ-ਸਾਮਾਨ ਤਿਆਰ ਕਰਨ ਵਾਲੀਆਂ ਸਨਅਤਾਂ ਨਾਲ ਜੁੜੇ ਲੋਕਾਂ ਅਤੇ ਲੱਖਾਂ ਹੀ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ। ਦੇਸ਼ ਦੇ ਕਿਸਾਨਾਂ ਦੀ ਮਿਹਨਤ ਦਾ ਸਿੱਟਾ ਹੀ ਸੀ ਕਿ ਸਾਡੇ ਮੁਲਕ ਦੇ ਨੇਤਾ ਦੁਨੀਆਂ ਨੂੰ ਇਹ ਦੱਸਣ ਜੋਗੇ ਹੋ ਗਏ ਕਿ ਅਸੀਂ ਹਰ ਤਰ੍ਹਾਂ ਦੀਆਂ ਆਫ਼ਤਾਂ ਨਾਲ ਨਜਿੱਠਣ ਦੇ ਸਮਰੱਥ ਹਾਂ। ਇਸ ਸਭ ਕੁਝ ਦਾ ਇਨਾਮ ਸਰਕਾਰਾਂ ਵੱਲੋਂ ਇਹ ਕਹਿ ਕੇ ਦਿੱਤਾ ਜਾ ਰਿਹਾ ਹੈ ਕਿ ਕਿਸਾਨ ਹੁਣ ਸਰਕਾਰਾਂ ਤੋਂ ਕੋਈ ਝਾਕ ਨਾ ਰੱਖਣ ਅਤੇ ਕੁਦਰਤ 'ਤੇ ਨਿਰਭਰ ਨਾ ਰਹਿਣ। ਸਰਕਾਰ ਵਿਕਾਸ ਕਰਨਾ ਚਾਹੁੰਦੀ ਹੈ ਪਰ ਇਹ ਕਿਹੋ ਜਿਹਾ ਵਿਕਾਸ ਹੈ ਜੋ ਦੇਸ਼ ਦੇ ਖੇਤਾਂ ਦੇ ਪੁੱਤਰਾਂ ਦੇ ਉਜਾੜੇ ਨਾਲ ਹੀ ਸੰਭਵ ਹੈ? ਪੰਜਾਬ ਦੇ ਕਿਸਾਨਾਂ ਜਿਨ੍ਹਾਂ ਨੇ ਕਈ ਦਹਾਕੇ ਪਹਿਲਾਂ ਗੁਜਰਾਤ ਵਰਗੇ ਸੂਬਿਆਂ ਵਿਚ ਬੰਜਰ ਜ਼ਮੀਨਾਂ ਨੂੰ ਲਹਿ-ਲਹਾਉਂਦੇ ਖੇਤਾਂ ਵਿਚ ਬਦਲਿਆ, ਬਿਨਾਂ ਕਿਸੇ ਅਦਾਲਤ ਜਾਂ ਕਾਨੂੰਨ ਦੀ ਪ੍ਰਵਾਹ ਕਰਦਿਆਂ ਉਨ੍ਹਾਂ ਤੋਂ ਜ਼ਮੀਨਾਂ ਖੋਹਣ ਦੇ ਫ਼ੁਰਮਾਨ ਜਾਰੀ ਹੋ ਰਹੇ ਹਨ। ਅੱਜ ਦੇਸ਼ ਦੀਆਂ ਸਰਕਾਰਾਂ ਧਨਾਢ ਕਾਰਪੋਰੇਸ਼ਨਾਂ ਨੂੰ ਖੁਸ਼ ਕਰਨ ਲਈ ਕਿਸਾਨਾਂ ਦੀ ਮਰਜ਼ੀ ਤੋਂ ਬਗ਼ੈਰ ਉਸ ਦੀਆਂ ਜ਼ਮੀਨਾਂ ਖੋਹਣ ਲਈ ਬੇਤਾਬ ਹਨ। ਅਜਿਹੇ ਕਾਨੂੰਨ ਬਣਾਉਣ ਲਈ ਬਜ਼ਿੱਦ ਹਨ ਜਿਨ੍ਹਾਂ ਵਿਚ ਕਿਸਾਨ ਆਪਣੀ ਜ਼ਮੀਨ ਦਾ ਮਾਲਕ ਨਹੀਂ ਬਲਕਿ ਕਬਜ਼ੇਦਾਰ ਬਣ ਕੇ ਰਹਿ ਜਾਵੇਗਾ। ਜਦੋਂ ਮਰਜ਼ੀ ਕੁਝ ਪੈਸੇ ਦੇ ਕੇ ਉਸ ਤੋਂ ਉਸ ਦੀ ਜ਼ਮੀਨ ਦਾ ਕਬਜ਼ਾ ਛੁਡਵਾ ਲਿਆ ਜਾਵੇਗਾ।

ਲੁਕਵੇਂ ਢੰਗ ਨਾਲ ਖੇਤੀਬਾੜੀ ਦੇ ਧੰਦੇ ਨੂੰ ਤਬਾਹ ਕਰਨ ਦੀਆਂ ਨੀਤੀਆਂ ਅਪਣਾਉਣ ਕਰਕੇ ਹੁਣ ਤੱਕ ਖੇਤੀ ਸਬੰਧੀ ਕੋਈ ਠੋਸ ਯੋਜਨਾ ਨਹੀਂ ਬਣਾਈ ਗਈ। ਕਿਸਾਨਾਂ ਨੂੰ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਇਸ ਸਾਲ ਏਨੀ ਕਣਕ ਬੀਜਣ ਦੀ ਲੋੜ ਹੈ ਅਤੇ ਏਨੇ ਰਕਬੇ ਵਿਚ ਉਹ ਆਲੂ ਬੀਜਣਗੇ, ਇਸ ਰਕਬੇ ਵਿਚ ਇੰਨਾ ਗੰਨਾ ਬੀਜਿਆ ਜਾਵੇਗਾ ਵਗੈਰਾ। ਸਗੋਂ ਇਹਦੇ ਉਲਟ ਗ਼ਲਤ ਸਰਕਾਰੀ ਨੀਤੀਆਂ ਦੀ ਸ਼ਿਕਾਰ ਹੋਈ ਕਿਸਾਨੀ ਵੱਲੋਂ ਕਣਕ ਝੋਨੇ ਦੇ ਫ਼ਸਲੀ ਚੱਕਰ ਵਿਚ ਪੈ ਕੇ ਵੱਡੀ ਮਾਤਰਾ ਵਿਚ ਪਾਣੀ ਦੀ ਬਰਬਾਦੀ ਲਗਾਤਾਰ ਕੀਤੀ ਜਾ ਰਹੀ ਹੈ। ਹੋਰ ਫਸਲਾਂ ਦਾਲਾਂ, ਮੱਕੀ, ਸਬਜ਼ੀਆਂ ਦੇ ਨਿਸਚਿਤ ਭਾਅ ਨਾ ਹੋਣ ਕਰਕੇ ਕਈ ਵਾਰ ਲਾਗਤ ਮੁੱਲ ਤੋਂ ਵੀ ਘੱਟ ਉਜਰਤ ਕਿਸਾਨਾਂ ਪੱਲੇ ਪੈਂਦੀ ਹੈ। ਕਿਸਾਨ ਆਪਣੀ ਜਿਣਸ ਮੰਡੀ ਵਿਚ ਸੁੱਟਦਾ ਹੈ, ਏ.ਸੀ. ਕਮਰਿਆਂ ਵਿਚ ਰਹਿਣ ਵਾਲੀਆਂ ਵਪਾਰੀਆਂ ਦੀਆਂ ਟੀਮਾਂ ਦੂਰ ਖੜ੍ਹ ਕੇ ਉਹਦੀ ਮਿਹਨਤ ਨੂੰ ਵੇਖਦੀਆਂ ਹਨ ਤੇ ਨੱਕ ਬੁੱਲ੍ਹ ਵੱਟਦੀਆਂ ਹਨ। ਤਰਸ ਦਾ ਪਾਤਰ ਬਣਿਆ 'ਅੰਨਦਾਤਾ' ਖਰੀਦਦਾਰੀ ਕਰਨ ਵਾਲੇ ਸਫੈਦਪੋਸ਼ ਵੱਲ ਬੇਬਸੀ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ ਕਿ ਉਹ ਉਸ ਦੀ ਛੇ ਮਹੀਨੇ ਦੀ ਕਮਾਈ ਦਾ ਕੀ ਮੁੱਲ ਲਾਉਂਦੇ ਹਨ? ਉਹ ਲੋਕ ਜੋ ਵਾਤਾਵਰਨ ਅਨੁਕੂਲ ਕਮਰਿਆਂ ਵਿਚ ਬਹਿ ਕੇ ਖੇਤੀਬਾੜੀ ਲਈ ਨੀਤੀਆਂ ਘੜਦੇ ਹਨ, ਉਹ ਕੀ ਜਾਨਣ ਕਿ ਕਿਸਾਨ ਨੂੰ ਸਿਆਲ ਦੀਆਂ ਕੋਹਰੇ ਵਾਲੀਆਂ ਕਈ ਕਈ ਠੰਢੀਆਂ ਰਾਤਾਂ ਅਵਾਰਾ ਪਸ਼ੂਆਂ ਤੋਂ ਫਸਲ ਨੂੰ ਬਚਾਉਣ ਲਈ ਜਾਗ ਜਾਗ ਕੇ ਕੱਟਣੀਆਂ ਪੈਂਦੀਆਂ ਹਨ। ਮਹਿੰਗੇ ਬੀਜ, ਦਵਾਈਆਂ, ਖਾਦਾਂ ਅਤੇ ਹੱਢ ਭੰਨਵੀਂ ਮਿਹਨਤ ਨਾਲ ਮਜ਼ਦੂਰੀ ਕਰਨ ਵਾਲੇ ਆਪਣੇ ਸੰਗੀਆਂ ਸਾਥੀਆਂ ਨੂੰ ਕੁਝ ਦੇ ਕੇ ਵੱਡੇ ਖਰਚ ਕਰਕੇ ਜਦੋਂ ਕਿਸਾਨ ਆਲੂਆਂ ਦੀਆਂ ਭਰੀਆਂ ਟਰਾਲੀਆਂ ਮੰਡੀ ਵਿਚ ਲੈ ਕੇ ਆਵੇ ਤਾਂ ਉੱਥੇ ਉਸ ਦੀ ਫਸਲ ਨੂੰ ਕੋਈ ਰੁਪਏ ਕਿੱਲੋ ਵੀ ਨਾ ਪੁੱਛੇ ਤਾਂ ਉਸ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ? ਉਹ ਫਸਲ ਜਿਸ ਨੂੰ 'ਪੁੱਤਾਂ ਵਾਂਗ ਪਾਲੀ ਫ਼ਸਲ' ਕਿਹਾ ਜਾਂਦਾ ਹੈ, ਨੂੰ ਕਈ ਵਾਰ ਰੋਸ ਵਜੋਂ ਸੜਕਾਂ 'ਤੇ ਸੁੱਟਣ ਲਈ ਮਜਬੂਰ ਹੋ ਜਾਂਦਾ ਹੈ। ਨਿੱਕੇ ਬਾਲ ਜੋ ਪੈੱਨ ਪੈਨਸਲਾਂ, ਕਿਤਾਬਾਂ ਅਤੇ ਸਕੂਲਾਂ ਦੀਆਂ ਫੀਸਾਂ ਲਈ ਰੋਜ਼ ਕੁਝ ਨਾ ਕੁਝ ਮੰਗਦੇ ਹਨ ਤਾਂ ਉਹ ਜਦੋਂ ਉਨ੍ਹਾਂ ਦੇ ਮੂੰਹ ਨਹੀਂ ਵੇਖ ਸਕਦਾ ਤਾਂ ਇਸ ਜ਼ਲਾਲਤ ਭਰੀ ਜ਼ਿੰਦਗੀ ਦੀ ਟੇਕ ਸਲਫਾਸ ਦੀ ਗੋਲੀ ਬਣ ਜਾਂਦੀ ਹੈ। ਜਾਂ ਉਸ ਦੀ ਲਾਸ਼ ਉਨ੍ਹਾਂ ਖੇਤਾਂ ਦੇ ਕਿਸੇ ਰੁੱਖ ਨਾਲ ਲਟਕਦੀ ਮਿਲਦੀ ਹੈ ਜਿਨ੍ਹਾਂ ਖੇਤਾਂ ਵਿਚ ਉਹਦੇ ਪਿਓ ਦਾਦੇ ਸਦੀਆਂ ਤੋਂ ਆਪਣਾ ਖ਼ੂਨ ਪਸੀਨਾ ਡੋਲ੍ਹਦੇ ਆਏ ਹਨ। ਖੇਤ ਕੱਲ੍ਹ ਵੀ ਫਸਲਾਂ ਪੈਦਾ ਕਰਦੇ ਸਨ, ਅੱਜ ਵੀ ਕਰਦੇ ਹਨ ਪਰ ਦੇਸ਼ ਦੇ ਹਾਕਮਾਂ ਦੀਆਂ ਗ਼ਲਤ ਨੀਤੀਆਂ ਕਾਰਨ ਮੰਡੀ ਵਿਚ ਜਾ ਕੇ ਉਹ ਹਤਾਸ਼ ਹੋ ਜਾਂਦਾ ਹੈ ਅਤੇ ਵਧੀਆਂ ਲੋੜਾਂ ਅਤੇ ਕਰਜ਼ਿਆਂ ਦੀਆਂ ਭਾਰੀਆਂ ਪੰਡਾਂ ਅੱਗੇ ਹਥਿਆਰ ਸੁੱਟ ਦਿੰਦਾ ਹੈ। ਅੱਜ ਜਿੱਥੇ ਦੇਸ਼ ਦੀ ਕਿਰਸਾਨੀ ਨੂੰ ਬਚਾਉਣ ਲਈ ਖੇਤੀਬਾੜੀ ਨੀਤੀਆਂ ਵਿਚ ਵੱਡੇ ਬਦਲਾਅ ਕਰਨ ਦੀ ਲੋੜ ਹੈ, ਉੱਥੇ ਦੇਸ਼ ਦੇ ਕਿਸਾਨ ਨੂੰ ਬੇਵਸ ਤੇ ਨਿਰਾਸ਼ ਹੋ ਕੇ ਆਤਮਹੱਤਿਆ ਕਰਨ ਨਹੀਂ ਬਲਕਿ ਖੇਤੀਬਾੜੀ ਸਬੰਧੀ ਗ਼ਲਤ ਸਰਕਾਰੀ ਨੀਤੀਆਂ ਖਿਲਾਫ਼ ਸੰਘਰਸ਼ ਕਰਨ ਦੀ ਲੋੜ ਹੈ।

9855051099



# ਅਸੀਂ ਅਨਿਆਂ ਨੂੰ ਸੰਸਥਾਗਤ ਕਰਦੇ ਜਾ ਰਹੇ ਹਾਂ : ਅਰੁੰਧਤੀ ਰਾਏ




ਮੁਲਾਕਾਤੀ- ਪੰਕਜ ਸ਼੍ਰੀਵਾਸਤਵ
ਅਨੁਵਾਦ-ਬੇਅੰਤ ਮੀਤ

**ਗੋਰਖਪੁਰ** ਫ਼ਿਲਮ ਫੈਸਟੀਵਲ ਦੌਰਾਨ 23 ਮਾਰਚ ਨੂੰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨਾਲ ਹੋਈ, ਮੇਰੀ ਗਲਬਾਤ ਅੰਗਰੇਜ਼ੀ ਰਸਾਲੇ ਗਵਰਨੈਂਸ ਨਾਓ ਵਿੱਚ ਛਪੀ । ਪ੍ਰੰਤੂ ਜਦੋਂ ਲੋਕਾਂ ਨੂੰ ਪਤਾ ਲਗਾ ਕਿ ਇਹ ਮੁਲਾਕਾਤ ਹਿੰਦੀ ਵਿੱਚ ਕੀਤੀ ਗਈ ਹੈ ਤਾਂ ਸਾਰੇ ਇਸਨੂੰ ਮੂਲ ਰੂਪ ਵਿਚ ਹੀ ਸੁਣਨਾ-ਪੜ੍ਹਨਾ ਲੋਚ ਰਹੇ ਹਨ । ਇਥੋਂ ਇਹ ਗੱਲ ਸਾਬਿਤ ਹੁੰਦੀ ਹੈ ਕਿ ਜੇਕਰ ਆਪਣੀ ਭਾਸ਼ਾ ਵਿੱਚ ਹੀ ਗਿਆਨ-ਵਿਗਿਆਨ ਅਤੇ ਵਿਚਾਰਾਂ ਵਿੱਚ ਸੰਵਾਦ ਕੀਤਾ ਜਾਵੇ ਤਾਂ ਅੰਗਰੇਜ਼ੀ ਨੂੰ ਕੋਈ ਮੂੰਹ ਨਹੀਂ ਲਾਵੇਗਾ । ਇਸ ਮੁਲਾਕਾਤ ਦੀ ਤਕਰੀਬਨ 40 ਮਿਨਟ ਦੀ ਰਿਕਾਰਡਿੰਗ ਮੋਬਾਇਲ ਵਿੱਚ ਹੈ ਪ੍ਰੰਤੂ ਇਸਨੂੰ ਫੇਸਬੁਕ ਉੱਤੇ ਅਪਲੋਡ ਕਰਨਾ ਮੁਸ਼ਕਿਲ ਹੋ ਰਿਹਾ ਸੀ । ਫਿਲਹਾਲ ਪੜਕੇ ਹੀ ਕੰਮ ਚਲਾਓ -

**ਗੋਰਖਪੁਰ ਫ਼ਿਲਮ ਫੈਸਟੀਵਲ ਵਿੱਚ ਤੁਸੀਂ ਦੂਜੀ ਵਾਰ ਆਏ ਹੋ। ਜਿਹੜਾ ਸ਼ਹਿਰ ਗੀਤਾ ਪ੍ਰੈਸ, ਗੋਰਖਨਾਥ ਮੰਦਿਰ ਅਤੇ ਉਸਦੇ ਮਹੰਤਾਂ (ਪੁਜਾਰੀਆਂ) ਦੀ ਰਾਜਨੀਤਿਕ ਪਕੜ ਕਰ ਕੇ ਜਾਣਿਆ ਜਾਂਦਾ ਹੈ। ਉਥੇ ਪ੍ਰਤੀਰੋਧ ਦਾ ਸਿਨੇਮਾ ਆਪਣੇ 10 ਸਾਲ ਪੂਰੇ ਕਰ ਰਿਹਾ ਹੈ। ਇਸਨੂੰ ਤੁਸੀਂ ਕਿਵੇਂ ਵੇਖ ਰਹੇ ਹੋ ?**

- ਦੂਜੀ ਨਹੀਂ ਤੀਜੀ ਵਾਰ। ਇੱਕ ਵਾਰ ਆਜ਼ਮਗੜ੍ਹ ਫ਼ੈਸਟੀਵਲ ਵਿੱਚ ਵੀ ਜਾ ਚੁੱਕੀ ਹਾਂ। ਦਰਅਸਲ ਪ੍ਰਤੀਰੋਧ ਦਾ ਸਿਨੇਮਾ ਇੱਕ ਮਹੱਤਵਪੂਰਨ ਧਾਰਨਾ ਹੈ ਜੋ ਸਿਰਫ ਗੋਰਖਪੁਰ ਲਈ ਹੀ ਅਹਿਮ ਨਹੀਂ ਹੈ। ਇਹ ਵਾਕਈ ਪ੍ਰਤੀਰੋਧ ਹੈ ਜੋ ਸਿਰਫ ਜਨਸਹਿਯੋਗ ਨਾਲ ਚੱਲ ਰਿਹਾ ਹੈ, ਨਹੀਂ ਤਾਂ ਪ੍ਰਤੀਰੋਧ ਨੂੰ ਵੀ 'ਬ੍ਰਾਂਡ'ਬਣਾ ਦਿੱਤਾ ਗਿਆ ਹੈ। ਅਮਰੀਕਾ ਤੋਂ ਲੈ ਕੇ ਭਾਰਤ ਤੱਕ, ਜਿੱਥੇ ਵੀ ਦੇਖੋ ਪ੍ਰਤੀਰੋਧ ਨੂੰ ਵਿਵਸਥਾ (ਸੱਤਾ) ਵਿੱਚ ਸਮੋ ਕੇ ਇੱਕ ਬ੍ਰਾਂਡ ਬਨਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਜਦੋਂ ਮੈਂ ਐਂਡ ਆਫ ਇਮੇਜੀਨੇਸ਼ਨ ਲਿਖਿਆ ਸੀ, ਤਾਂ ਸਭ ਤੋਂ ਪਹਿਲਾ ਰਿਐਕਸ਼ਨ ਇਹ ਹੋਇਆ ਕਿ ਬਹੁਤ ਸਾਰੇ ਬ੍ਰਾਂਡਸਜਿਨ੍ਹਾਂ ਵਿੱਚ ਕੁੱਝ ਜੀਨਸ (ਪੈਂਟ) ਦੇ ਵੀ ਸੀ, ਨੇ ਮੇਰੇ ਨਾਲ ਸੰਪਰਕ ਕੀਤਾ।

ਇਹ ਇੱਕ ਪੁਰਾਣੀ ਖੇਡ ਹੈ। ਅਮਰੀਕਾ ਵਿੱਚ ਨਾਗਰਿਕਾਂ ਦੀ ਜਾਸੂਸੀ ਦਾ ਖੁਲਾਸਾ ਕਰਨ ਵਾਲੇ 'ਐਡਵਰਡ ਸਨੋਡਨ' ਦੇ ਬਾਰੇ ਵਿੱਚ ਫ਼ਿਲਮ ਬਣੀ ਹੈ, ਜਿਹਦੇ ਲਈ 'ਫੋਰਡ ਫਾਊਂਡੇਸ਼ਨ' ਨੇ ਪੈਸਾ ਦਿੱਤਾ ਹੈ। ਫ਼ਰੀਡਮ ਆਫ ਪ੍ਰੈਸ ਫ਼ਾਊਂਡੇਸ਼ਨ ਵਿੱਚ ਵੀ ਫੋਰਡ ਦਾ ਪੈਸਾ ਲਗਾ ਹੈ। ਇਹ ਲੋਕ ਪ੍ਰਤੀਰੋਧ ਦੀ ਧਾਰ ਤੇ ਰੇਗਮਾਰ ਘਿਸਾ ਕੇ ਉਸਨੂੰ ਕੁੰਠ/ਪੇਤਲਾ ਕਰ ਦਿੰਦੇ ਹਨ। ਭਾਰਤ ਵਿੱਚ ਹੀ ਵੇਖ ਲਵੋ, ਜੰਤਰ-ਮੰਤਰ ਤੇ ਇਕੱਠੀ ਹੋਣ ਵਾਲੀ ਭੀੜ ਦਾ ਚਰਿਤੱਰ/ਕਿਰਦਾਰ ਬਦਲ ਗਿਆ ਹੈ। ਤਮਾਮ ਐਨ. ਜੀ. ਓਜ਼., ਫੋਰਡ ਫਾਊਂਡੇਸ਼ਨ ਵਰਗੀਆਂ ਸੰਸਥਾਂਵਾਂ ਤੋਂ ਪੈਸੇ ਲੈ ਕੇ 'ਪ੍ਰਤੀਰੋਧ' ਨੂੰ ਜਥੇਬੰਦ ਕਰਦੀਆਂ ਹਨ। ਅਜਿਹੇ ਵਿੱਚ ਗੋਰਖਪੁਰ ਵਰਗੇ ਸੱਜਪਿਛਾਕੜੀ ਪ੍ਰਭਾਵ ਵਾਲੇ ਸ਼ਹਿਰ ਵਿੱਚ ਪ੍ਰਤੀਰੋਧ ਦੇ ਸਿਨੇਮਾ ਦਾ ਉੱਤਸਵ ਮਨਾਉਣਾ ਕਾਫੀ ਅਹਿਮੀਅਤ ਰੱਖਦਾ ਹੈ। ਮੈਂ ਸੋਚ ਰਹੀ ਸੀ ਕਿ ਆਰ. ਐਸ. ਐਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਾਲੇ ਅਕਸਰ ਮੇਰਾ ਵਿਰੋਧ ਕਰਦੇ ਹਨ, ਮੇਰੇ ਖਿਲਾਫ ਪ੍ਰਦਰਸ਼ਨ ਕਰਦੇ ਹਨ, ਪ੍ਰੰਤੂ ਗੋਰਖਪੁਰ ਫ਼ਿਲਮ ਫੈਸਟੀਵਲ ਨੂੰ ਲੈ ਕੇ ਅਜਿਹਾ ਨਹੀਂ ਹੋਇਆ। ਇਸਦੇ ਦੋ ਮਤਲਬ ਨਿਕਲਦੇ ਹਨ। ਜਾਂ ਤਾਂ ਉਨ੍ਹਾਂ ਨੂੰ ਇਸਦੀ ਪ੍ਰਵਾਹ ਨਹੀਂ, ਜਾਂ ਫਿਰ ਉਨ੍ਹਾਂ ਨੂੰ ਪਤਾ ਹੈ ਕਿ ਇਸ ਫੈਸਟੀਵਲ ਨੇ ਗੋਰਖਪੁਰ ਦੇ ਲੋਕਾਂ ਦੇ ਦਿਲਾਂ ਦੇ ਵਿਚ ਥਾਂ ਬਣਾ ਲਈ ਹੈ। ਮੇਰੇ ਕੋਲ ਇਸਦਾ ਠੀਕ-ਠੀਕ ਜਵਾਬ ਨਹੀਂ ਹੈ। ਪ੍ਰੰਤੂ ਇਸ ਸ਼ਹਿਰ ਵਿੱਚ ਇਸ ਫੈਸਟੀਵਲ ਦਾ ਹੋਣਾ ਵੱਡੀ ਗੱਲ ਹੈ। ਕੋਈ ਕਹਿ ਰਿਹਾ ਸੀ ਕਿ ਇਸ ਫੈਸਟੀਵਲ ਨਾਲ ਕੀ ਫ਼ਰਕ ਪਵੇਗਾ? ਮੈਂ ਸੋਚ ਰਹੀ ਸੀ ਕਿ ਜੇ ਇਹ ਨਾ ਹੁੰਦਾ ਤਾਂ ਮਹੌਲ ਨੇ ਹੋਰ ਕਿੰਨਾ ਖਰਾਬ ਹੋਣਾ ਸੀ।

**ਅੱਜ ਦਾ ਭਾਰਤ ਤੁਹਾਡੀ ਨਜ਼ਰ ਵਿੱਚ ਕਿਵੇਂ ਦਾ ਹੈ ? ਸਮਕਾਲੀ ਰਾਜਨੀਤਿਕ ਦ੍ਰਿਸ਼ ਕੀ ਕਹਿ ਰਿਹਾ ਹੈ?**

- ਮਈ 2014 ਵਿੱਚ ਜਦੋਂ ਮੋਦੀ ਦੀ ਸਰਕਾਰ ਬਣੀ ਸੀ ਤਾਂ ਮੇਰੇ ਸਮੇਤ ਬਹੁਤ ਸਾਰੇ ਲੋਕਾਂ ਨੂੰ ਇਹ ਯਕੀਨ ਨਹੀਂ ਹੋਇਆ ਸੀ ਕਿ ਇਹ ਸਾਡੇ ਦੇਸ਼ ਵਿੱਚ ਹੋਇਆ ਹੈ, ਪਰ ਇਤਿਹਾਸਿਕ ਨਜ਼ਰੀਏ ਤੋਂ ਵੇਖੀਏ ਤਾਂ ਇਹ ਹੋਣਾ ਹੀ ਸੀ। 1925 ਵਿੱਚ ਜਦੋਂ ਆਰ. ਐਸ. ਐਸ. ਬਣੀ ਸੀ, ਜਾਂ ਉਸ ਤੋਂ ਪਹਿਲਾਂ ਹੀ ਭਾਰਤੀ ਸਮਾਜ ਵਿੱਚ ਫ਼ਾਸ਼ੀਵਾਦੀ ਪ੍ਰਵਿਰਤੀਆਂ ਨਜ਼ਰ ਆਉਣ ਲੱਗ ਗਈਆਂ ਸਨ। ਘਰ ਵਾਪਸੀ ਵਰਗੇ ਪ੍ਰੋਗਰਾਮ 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਦਸ਼ਕਾਂ ਵਿੱਚ ਵਿਚ ਹੋਣ ਲੱਗੇ ਸੀ। ਮਤਲਬ ਕਿ ਅਸੀਂ ਇਸ ਦੌਰ ਵਿੱਚੋਂ ਲੰਘਣਾ ਹੀ ਸੀ। ਹੁਣ ਵੇਖਣਾ ਇਹ ਹੈ ਕਿ ਇਹ ਸਭ ਕਿੰਨਾ ਸਮਾਂ ਜਾਰੀ ਰਹਿੰਦਾ ਹੈ ਕਿਉਂਕਿ ਅੱਜਕਲ ਤਬਦੀਲੀ ਬੜੀ ਛੇਤੀ ਵਾਪਰਦੀ ਹੈ। ਮੋਦੀ ਨੇ ਆਪਣੇ ਨਾਮ ਦਾ ਸੂਟ ਪਾ ਲਿਆ ਤੇ ਆਪਣੇ ਆਪ ਆਪਣੀ ਅਸਲੀਅਤ ਨੂੰ ਨੰਗਾ ਕਰ ਲਿਆ। ਚੰਗੀ ਗੱਲ ਹੈ ਕਿ ਕੋਈ ਗੰਭੀਰ ਵਿਰੋਧੀ ਧਿਰ ਨਹੀਂ ਹੈ। ਇਸ ਤਰਾਂ ਕਰ ਕੇ ਇਹ ਆਪਣੇ ਆਪ ਨੂੰ ਤੋੜ ਲੈਣਗੇ। ਅਖੀਰ ਮੂਰਖੱਤਾ ਨੂੰ ਕਿੰਨੇ ਦਿਨਾਂ ਤੱਕ ਬਰਦਾਸ਼ਤ ਕੀਤ ਜਾ ਸਕਦਾ ਹੈ। ਲੋਕਾਂ ਨੂੰ ਸ਼ਰਮ ਆਉਂਦੀ ਹੈ ਜਦੋਂ ਪ੍ਰਧਾਨ ਮੰਤਰੀ ਖੁੱਲੇਆਮ ਇਹ ਕਹਿੰਦੇ ਹਨ ਕਿ ਪ੍ਰਾਚੀਨ ਭਾਰਤ ਵਿੱਚ ਪਲਾਸਟਿਕ ਸਰਜਰੀ ਹੁੰਦੀ ਸੀ। ਗਣੇਸ਼ ਦੇ ਧੜ ਉੱਤੇ ਹਾਥੀ ਦਾ ਸਿਰ ਐਵੇਂ ਹੀ ਜੋੜਿਆ ਗਿਆ ਸੀ। ਫ਼ਾਸ਼ੀਵਾਦ ਦੇ ਨਾਲ ਲੋਕ ਅਜਿਹੀਆਂ ਮੂਰਖਤਾਂਵਾਂ ਕਦੋਂ ਤੱਕ ਸਹਿਣਗੇ।

ਮੈਂ ਪਹਿਲਾਂ ਤੋਂ ਕਹਿੰਦੀ ਰਹੀ ਹਾਂ ਕਿ ਜਦੋਂ ਰਾਜੀਵ ਗਾਂਧੀ ਨੇ ਅਯੁੱਧਿਆ'ਚ ਰਾਮ ਮੰਦਿਰ ਦਾ ਜਿੰਦਾ ਖੁੱਲਵਾਇਆ ਨਾਲ ਹੀ ਬਾਜ਼ਾਰ ਦਾ ਜਿੰਦਾ ਵੀ ਖੋਲਿਆ ਗਿਆ। ਇਸਦੇ ਨਾਲ ਹੀ ਦੋ ਕਿਸਮ ਦੇ ਕੱਟੜਤਾਵਾਦ ਦਾ ਹਊਆ ਖੜਾ ਕੀਤਾ ਗਿਆ। ਇੱਕ ਇਸਲਾਮਿਕ ਅੱਤਵਾਦ ਅਤੇ ਦੂਸਰਾ ਮਾਓਵਾਦ। ਇਹਨਾਂ ਨਾਲ ਲੜਨ/ਨਜਿੱਠਣ ਦੇ ਨਾਂ ਹੇਠ ਸੱਤਾ (ਤਵ ਨੇ ਆਪਣਾ ਸੈਨਿਕਕਰਨ/ਫ਼ੌਜੀਕਰਨ ਕੀਤਾ। ਕਾਂਗਰਸ ਅਤੇ ਭਾਜਪਾ ਦੋਨਾਂ ਨੇ ਇਹ ਰਾਸਤਾ ਅਪਨਾਇਆ ਕਿਉਂਕਿ ਨਵ-ਉਦਾਰਵਾਦੀ ਆਰਥਿਕ ਨੀਤੀਆਂ ਬਿਨ੍ਹਾਂ ਸੈਨਿਕਕਰਨ/ਫੌਜੀਕਰਨ ਦੇ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਜੰਮੂ-ਕਸ਼ਮੀਰ ਵਿੱਚ ਪੁਲਿਸ ਸੈਨਾ ਦੀ ਤਰ੍ਹਾਂ ਕੰਮ ਕਰ ਰਹੀ ਹੈ ਅਤੇ ਛੱਤੀਸਗੜ੍ਹ ਵਿੱਚ ਸੈਨਾ ਪੁਲਿਸ ਦੀ ਭੂਮਿਕਾ ਨਿਭ੍ਹਾ ਰਹੀ ਹੈ। ਇਹ ਜੋ ਖੁਫੀਆ ਨਿਗਰਾਨੀ ਯੂ.ਆਈਡੀ.(unique identification), ਆਧਾਰ ਕਾਰਡ ਵਰਗੀਆ ਗਲ੍ਹਾਂ ਹਨ ਸਭ ਉਸ ਮੁਹਿਮ ਦਾ ਹਿੱਸਾ ਹੈ। ਅਦਿੱਖ ਜਨਸੰਖਿਆ ਨੂੰ ਨਜ਼ਰਾਂ ਹੇਠ ਲੈ ਕੇ ਆਉਣਾ ਹੈ। ਯਾਨੀ ਕਿ ਇੱਕ-ਇੱਕ ਆਦਮੀ ਦੀ ਸਾਰੀ ਜਾਣਕਾਰੀ ਰੱਖਣੀ ਹੈ। ਜੰਗਲ ਦੇ ਆਦਿਵਾਸੀਆਂ ਨੂੰ ਪੁੱਛਿਆ ਜਾਵੇਗਾ ਕਿ ਉਹਨਾਂ ਦੀ ਜ਼ਮੀਨ ਦਾ ਰਿਕਾਰਡ ਕਿੱਥੇ ਹੈ। ਜੇ ਰਿਕਾਰਡ ਨਹੀਂ ਤਾਂ ਉਹਨਾਂ ਨੂੰ ਕਿਹਾ ਜਾਵੇਗਾ ਕਿ ਇਹ ਜ਼ਮੀਨ ਤੁਹਾਡੀ ਨਹੀਂ ਹੈ। ਡਿਜ਼ੀਟਲੀਕਰਨ ਦਾ ਮਕਸਦ ਅਦਿੱਖ ਨੂੰ ਦਿੱਖ ਬਨਾਉਣਾ ਹੈ। ਇਸ ਪ੍ਰਕਿਰਿਆ ਦੌਰਾਨ ਬਹੁਤ ਸਾਰੇ ਲੋਕ ਗਾਇਬ ਹੋ ਜਾਣਗੇ।

ਇਸ ਵਿੱਚ ਆਈ. ਐਮ.ਐਫ., ਵਰਲਡ ਬੈਂਕ ਤੋਂ ਲੈ ਕੇ ਫੋਰਡ ਫ਼ਾਊਂਡੇਸ਼ਨ ਵਰਗੀਆਂ ਸੰਸਥਾਂਵਾਂ ਸਭ ਮਿਲੇ ਹੋਏ ਹਨ। ਇਹ ਕਾਨੂੰਨ ਦੇ ਰਾਜ 'ਤੇ ਬਹੁਤ ਜ਼ੋਰ ਦਿੰਦੇ ਹਨ ਅਤੇ ਕਾਨੂੰਨ ਬਨਾਉਣ ਦਾ ਹੱਕ ਆਪਣੇ ਕੋਲ ਰੱਖਣਾ ਚਾਹੁੰਦੇ ਹਨ। ਇਹ ਸੰਸਥਾਂਵਾਂ ਸਭ ਤੋਂ ਜ਼ਿਆਦਾ ਗੈਰਪਾਰਦ੍ਰਸ਼ੀ ਢੰਗ ਨਾਲ ਕੰਮ ਕਰਦੀਆਂ ਹਨ ਪ੍ਰੰਤੂ ਆਪਣੀਆਂ ਯੋਜਨਾਵਾਂ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਨੂੰ ਅੰਕੜਿਆਂ ਦੀ ਪਾਰਦ੍ਰਸ਼ਤਾ ਚਾਹੀਦੀ ਹੈ। ਇਸੇ ਲਈ ਇਹ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਹਮਾਇਤ ਕਰਦੇ ਹਨ। ਫੋਰਡ ਫਾਊਂਡੇਸ਼ਨ ਇੱਕ ਨਵਾਂ ਪਾਠਕ੍ਰਮ ਘੜਨ ਵਿੱਚ ਜੁਟੀ ਹੈ। ਉਨ੍ਹਾਂ ਅਨੁਸਾਰ ਸਾਰੀ ਦੁਨੀਆ ਇੱਕੋ ਤਰ੍ਹਾਂ ਦੀ ਭਾਸ਼ਾ ਬੋਲੇ। ਉਹ ਹਰ ਤਰ੍ਹਾਂ ਦੇ ਕ੍ਰਾਂਤੀਕਾਰੀ ਅਤੇ ਖੱਬੇ ਪੱਖੀ ਵਿਚਾਰਾਂ ਨੂੰ ਖੱਤਮ ਕਰਨ, ਨੌਜਵਾਨਾਂ ਦੀਆਂ ਕਲਪਨਾਵਾਂ ਨੂੰ ਸੀਮਿਤ ਕਰਨ ਵਿੱਚ ਜੁਟੇ ਹਨ। ਫ਼ਿਲਮਾਂ, ਸਾਹਿਤਕ ਮੇਲਿਆਂ ਅਤੇ ਅਕਾਦਮਿਕ ਖੇਤਰ ਵਿੱਚ ਕਬਜ਼ਾ ਕਰ ਕੇ ਸ਼ੋਸ਼ਣ ਮੁਕਤ ਦੁਨੀਆ ਅਤੇ ਉਸਦੇ ਲਈ ਸੰਘਰਸ਼ ਦੇ ਵਿਚਾਰਾਂ ਨੂੰ ਪਾਠਕ੍ਰਮਾ ਤੋਂ ਬਾਹਰ ਕੀਤਾ ਜਾ ਰਿਹਾ ਹੈ।

**ਕੀ ਤੁਹਾਨੂੰ ਹਾਲਾਤ ਨੂੰ ਬਦਲਣ ਲਈ ਕੋਈ ਮਜ਼ਬੂਤ ਜੱਦੋ-ਜਹਿਦ ਨਜ਼ਰ ਆਉਂਦੀ ਹੈ.....ਭਵਿੱਖ ਕਿਵੇਂ ਦਾ ਲਗ ਰਿਹਾ ਹੈ?**

-ਪ੍ਰਤੀਰੋਧ ਅੰਦੋਲਨ (Rasistance Struggle) ਜਾਂ ਕ੍ਰਾਂਤੀ ਜੋ ਵੀ ਸ਼ਬਦ ਵਰਤ ਲਵੋ ਇਸਨੂੰ ਪਿਛਲੇ ਕੁਝ ਸਾਲਾਂ ਵਿੱਚ ਕਾਫੀ ਧੱਕਾ ਲੱਗਾ ਹੈ। 1968-70 ਵਿੱਚ ਜਦੋਂ ਨਕਸਲਬਾੜੀ ਲਹਿਰ ਸ਼ੁਰੂ ਹੋਈ, ਜਾਂ ਤਮਾਮ ਸੀਮਾਵਾਂ ਦੇ ਬਾਵਜੂਦ ਜੈ ਪ੍ਰਕਾਸ਼ ਨਰਾਇਣ ਦੀ ਸੰਪੂਰਨ ਕ੍ਰਾਂਤੀ ਦੀਆਂ ਮੰਗਾਂ ਵੱਲ ਜ਼ਰਾ ਗੌਰ ਫਰਮਾਇਏ। ਉਦੋਂ ਮੰਗ ਸੀ-ਨਿਆਂ। ਜਿਵੇਂ ਜ਼ਮੀਨ ਹੱਲ ਵਾਹਕ ਦੀ ਜਾਂ ਸੰਪਤੀ ਦੀ ਬਰਾਬਰ ਵੰਡ। ਪ੍ਰੰਤੂ ਅੱਜ ਸਭ ਤੋਂ ਜਿਆਦਾ ਰੈਡੀਕਲ ਕਹਾਉਣ ਵਾਲੇ ਮਾਓਵਾਦੀ ਬਸ ਏਹੀ ਤਾਂ ਕਹਿ ਰਹੇ ਨੇ ਜ਼ਮੀਨ ਆਦਿਵਾਸੀਆਂ ਦੀ ਹੈ, ਉਨ੍ਹਾਂ ਤੋਂ ਨਾ ਖੋਹੀ ਜਾਵੇ। ਨਰਮਦਾ ਅੰਦੋਲਨ ਦੀ ਮੰਗ ਹੈ ਕਿ ਉਜਾੜਾ ਨਾ ਹੋਵੇ। ਯਾਨੀ ਜਿਸਦੇ ਕੋਲ ਜੋ ਹੈ ਉਸ ਤੋਂ ਖੋਹਿਆ ਨਾ ਜਾਵੇ। ਪਰ ਜਿਨ੍ਹਾਂ ਕੋਲ ਕੁਝ ਵੀ ਨਹੀਂ, ਜਿਵੇਂ ਕਿ ਦਲਿਤਾਂ ਕੋਲ ਜ਼ਮੀਨ ਨਹੀਂ ਹੈ, ਉਨ੍ਹਾਂ ਲਈ ਜ਼ਮੀਨ ਕੋਈ ਨਹੀਂ ਮੰਗ ਰਿਹਾ ਹੈ। ਯਾਨੀ ਨਿਆਂ ਦੇ ਵਿਚਾਰ ਨੂੰ ਤਿਲਾਂਜਲੀ ਦੇ ਕੇ ਮਨੁੱਖੀ ਅਧਿਕਾਰਾਂ ਦੇ ਵਿਚਾਰ ਨੂੰ ਅਹਿਮ ਬਣਾ ਦਿੱਤਾ ਗਿਆ ਹੈ। ਮਨੁੱਖੀ ਅਧਿਕਾਰਾਂ ਦੇ ਨਾਮ 'ਤੇ ਤੁਸੀਂ ਮਾਓਵਾਦੀਆਂ ਤੋਂ ਲੈ ਕੇ ਸਰਕਾਰ ਨੂੰ ਇੱਕੋ ਸ਼ਬਦਾਂ ਵਿੱਚ ਕੋਸ ਸਕਦੇ ਹੋ। ਕਹਿ ਸਕਦੇ ਹੋ ਕਿ ਦੋਨੋਂ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ, ਪ੍ਰੰਤੂ ਜਦੋਂ ਤੁਸੀਂ ਅਨਿਆਂ ਦੇ ਬਾਬਿਤ ਗੱਲ ਕਰਨੀ ਹੈ ਤਾਂ ਤੁਹਾਨੂੰ ਇਸਦੇ ਪਿੱਛੇ ਦੀ ਰਾਜਨੀਤੀ ਬਾਰੇ ਵੀ ਗੱਲ ਕਰਨੀ ਪਵੇਗੀ।

ਕੁੱਲ ਮਿਲਾ ਕੇ ਇਹ ਇਮੇਜੀਨੇਸ਼ਨ (ਕਲਪਨਾ) 'ਤੇ ਹਮਲਾ ਹੈ। ਸਿਖਾਇਆ ਜਾ ਰਿਹਾ ਹੈ ਕਿ ਕ੍ਰਾਂਤੀ ਯੂਟੋਪੀਅਨ (ਕਾਲਪਨਿਕ) ਵਿਚਾਰ ਹੈ, ਮੂਰਖਤਾ ਹੈ। ਛੋਟੇ ਸਵਾਲ ਵੱਡੇ ਬਣ ਰਹੇ ਹਨ ਜਦੋਂ ਕਿ ਵੱਡੇ ਸਵਾਲ ਗਾਇਬ ਹਨ। ਜੋ ਸਿਸਟਮ ਤੋਂ ਬਾਹਰ ਹੈ, ਉਹਨਾਂ ਦੀ ਕੋਈ ਰਾਜਨੀਤੀ ਨਹੀਂ ਹੈ। ਤਮਾਮ ਖ਼ੁਆਬ ਟੁੱਟੇ ਪਏ ਹਨ। ਰਾਜ ਅੰਤਰਾਸ਼ਟਰੀ ਵਿੱਤੀ ਪੂੰਜੀ ਦੇ ਹਥਾਂ ਦਾ ਉਪਕਰਨ ਬਣਿਆ ਹੋਇਆ ਹੈ। ਦੁਨੀਆ ਦੀ ਅਰਥਵਿਵਸਥਾ ਇੱਕ ਅੰਤਰਾਸ਼ਟਰੀ ਪਾਇਪਲਾਇਨ ਦੀ ਤਰ੍ਹਾਂ ਹੈ, ਜਿਸ ਲਈ ਸਰਹੱਦਾਂ ਦੇ ਕੋਈ ਮਾਇਨੇ ਨ੍ਹਹੀਂ।

**ਤਾਂ ਕੀ 'ਇਮੇਜੀਨੈਸ਼ਨ' ਦੀ ਇਸ ਲੜਾਈ 'ਚ ਪ੍ਰਤੀਰੋਧ ਦੀਆਂ ਤਾਕਤਾਂ ਨੇ ਸਮਰਪਣ ਕਰ ਦਿੱਤਾ ਹੈ?**

-ਮੇਰੇ ਖਿਆਲ ਵਿੱਚ ਉਹ ਬਹੁਤ ਕਮਜ਼ੋਰ ਸਥਿਤੀ ਵਿੱਚ ਹਨ। ਜੋ ਸਾਲਾਂ ਤੋਂ ਲੜਾਈ ਲੜ ਰਹੇ ਹਨ, ਉਹ ਸੋਚ ਹੀ ਨਹੀਂ ਪਾ ਰਹੇ ਹਨ। ਰਾਜ ਲੜਾਈ ਨੂੰ ਇਨ੍ਹਾਂ ਥਕਾਊ ਬਣਾ ਦਿੰਦਾ ਹੈ ਕਿ ਮੁੜ ਵਿਚਾਰ (Rethink) ਦੇ ਪੱਧਰ ਤੇ ਸੋਚਣਾ ਮੁਸ਼ਕਿਲ ਹੋ ਜਾਂਦਾ ਹੈ। ਇਥੋਂ ਤੱਕ ਕਿ ਅਦਾਲਤਾਂ ਵੀ ਥਕਾ ਦਿੰਦਿਆਂ ਹਨ। ਲੋਕ ਹਰ ਤਰ੍ਹਾਂ ਦੀ ਕੋਸ਼ਿਸ਼ ਕਰ ਕੇ ਹਾਰ ਜਾਂਦੇ ਹਨ। ਕੁਝ ਅਪਵਾਦਾਂ ਨੂੰ ਛੱਡ ਕੇ ਦੇਸ਼ ਵਿੱਚ ਕੋਈ ਅਜਿਹੀ ਸੰਸਥਾ ਨਹੀਂ ਹੈ ਜੋ ਇਹ ਮੰਨਦੀ ਹੋਵੇ ਕਿ ਉਸਦਾ ਕੰਮ ਲੋਕਾਂ ਦੀ ਮੱਦਦ ਕਰਨਾ ਹੈ। ਨਿਆਂ, ਕਲਪਨਾ ਤੋਂ ਬਾਹਰ ਦੀ ਚੀਜ਼ ਹੁੰਦਾ ਜਾ ਰਿਹਾ ਹੈ। 28 ਸਾਲ ਬਾਅਦ 'ਹਾਸ਼ਿਮਪੁਰਾ ਹੱਤਿਆਕਾਂਡ'ਦਾ ਫੈਸਲਾ ਆਇਆ। ਸਾਰੇ ਦੋਸ਼ੀ ਛੱਡ ਦਿੱਤੇ ਗਏ। ਵੈਸੇ ਐਨੇ ਸਾਲਾਂ ਬਾਅਦ ਸਜ਼ਾ ਹੋ ਵੀ ਜਾਂਦੀ ਤਾਂ ਅਨਿਆਂ ਹੀ ਕਿਹਾ ਜਾਂਦਾ।

**ਤੁਸੀਂ ਗੋਰਖਪੁਰ ਫ਼ਿਲਮ ਫੈਸਟੀਵਲ ਦਾ ਉਦਘਾਟਨ ਕਰਦੇ ਹੋਏ 'ਗਾਂਧੀ ਜੀ' ਨੂੰ ਪਹਿਲਾ 'ਕਾਰਪੋਰੇਟ ਸਪਾਂਸਰਡ ਐਨ. ਜੀ. ਓ.' ਕਰਾਰ ਦਿੱਤਾ ਸੀ। ਇਸਤੇ ਬਹੁਤ ਹੰਗਾਮਾ ਵੀ ਹੋਇਆ। ਤੁਹਾਡੀ ਗੱਲ ਦਾ ਆਧਾਰ ਕੀ ਹੈ?**

-ਅਜ਼ਾਦੀ ਦੇ ਇੰਨੇ ਸਾਲਾਂ ਬਾਅਦ ਸਾਡੇ ਵਿੱਚ ਐਨੀ ਕੁ ਹਿੰਮਤ ਤਾਂ ਹੋਣੀ ਚਾਹੀਦੀ ਹੈ ਕਿ ਅਸੀਂ ਤੱਥਾਂ ਦੇ ਆਧਾਰ ਤੇ ਆਪਣੀ ਰਾਏ ਬਣਾ ਸਕੀਏ। ਮੈਂ ਗਾਂਧੀ ਨੂੰ ਪਹਿਲਾ ਕਾਰਪੋਰੇਟ ਸਪਾਂਸਰਡ ਐਨ. ਜੀ. ਓ. ਕਿਹਾ ਹੈ ਤਾਂ ਉਸਦੇ ਪ੍ਰਮਾਣ ਹਨ। ਉਸਦੀ ਸ਼ੁਰੂ ਤੋਂ ਹੀ ਪੂੰਜੀਪਤੀਆਂ ਨੇ ਕਿਵੇਂ ਮੱਦਦ ਕੀਤੀ, ਇਹ ਸਭ ਇਤਿਹਾਸ ਦਾ ਹਿੱਸਾ ਹੈ। ਉਹਨਾਂ ਨੇ ਗਾਂਧੀ ਦੀ ਖ਼ਾਸ ਮਸੀਹਾਈ ਦਿੱਖ ਘੜਨ ਵਿੱਚ ਤਾਕਤ ਲਗਾਈ। ਗਾਂਧੀ ਦੀਆਂ ਲਿਖਤਾਂ ਪੜ੍ਹ ਕੇ ਬਹੁਤ ਕੁਝ ਸਾਫ਼ ਹੋ ਜਾਂਦਾ ਹੈ। ਦੱਖਣੀ ਅਫਰੀਕਾ ਵਿੱਚ ਗਾਂਧੀ ਦੇ ਕੰਮ-ਕਾਜ ਬਾਰੇ ਸਾਨੂੰ ਬਹੁਤ ਗਲਤ ਪੜਾਇਆ ਜਾਂਦਾ ਹੈ। ਸਾਨੂੰ ਦੱਸਿਆ ਗਿਆ ਕਿ ਗਾਂਧੀ ਨੂੰ ਰੇਲ ਦੇ ਡੱਬੇ ਵਿੱਚੋਂ ਬਾਹਰ ਕੱਢ ਦਿੱਤਾ ਗਿਆ, ਜਿਸਦੇ ਖ਼ਿਲਾਫ ਉਹਨਾਂ ਨੇ ਸੰਘਰਸ਼ ਸ਼ੁਰੂ ਕੀਤਾ। ਇਹ ਗ਼ਲਤ ਹੈ। ਗਾਂਧੀ ਨੇ ਕਦੇ ਵੀ ਬਰਾਬਰੀ ਦੀ ਗੱਲ ਦਾ ਸਮਰਥਨ ਨਹੀਂ ਕੀਤਾ। ਬਲਕਿ ਭਾਰਤੀਆਂ ਨੂੰ ਅਫਰੀਕਾ ਦੇ ਕਾਲੇ ਰੰਗ ਦੇ ਲੋਕਾਂ ਤੋਂ ਉੱਚਾ ਦੱਸਿਆ ਅਤੇ ਭਾਰਤੀਆਂ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕੀਤੀ। ਦੱਖਣੀ ਅਫਰੀਕਾ ਵਿੱਚ ਗਾਂਧੀ ਦਾ ਪਹਿਲਾ ਸੰਘਰਸ਼ ਡਰਬਨ ਡਾਕਖਾਨੇ ਵਿੱਚ ਭਾਰਤੀਆਂ ਲਈ ਲੰਘਣ ਲਈ ਅਲਗ ਤੋਂ ਦਰਵਾਜ਼ਾ ਖੋਲਣ ਲਈ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਅਫਰੀਕੀ ਕਾਲੇ ਲੋਕ ਅਤੇ ਭਾਰਤੀ ਇੱਕੋ ਦਰਵਾਜ਼ੇ ਵਿੱਚੋਂ ਕਿਵੇਂ ਲੰਘ ਸਕਦੇ ਹਨ। ਭਾਰਤੀ ਉਹਨਾਂ ਤੋਂ ਉੱਚਤਮ ਹਨ। ਗਾਂਧੀ ਨੇ ਬੋਅਰ ਯੁੱਧ ਵਿੱਚ ਅੰਗਰੇਜਾਂ ਦਾ ਖੁੱਲ ਕੇ ਸਾਥ ਦਿੱਤਾ ਅਤੇ ਕਿਹਾ ਕਿ ਇਹ ਭਾਰਤੀਆਂ ਦਾ ਫ਼ਰਜ਼ ਬਣਦਾ ਹੈ। ਇਹ ਸਭ ਖੁਦ ਗਾਂਧੀ ਨੇ ਲਿਖਿਆ ਹੈ।

ਦੱਖਣੀ ਅਫਰੀਕਾ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਹੀ ਅੰਗਰੇਜ਼ ਸਰਕਾਰ ਨੇ ਉਸਨੂੰ ਕੇਸਰ-ਏ-ਹਿੰਦ ਦੇ ਖਿਤਾਬ ਨਾਲ ਨਵਾਜ਼ਿਆ ਸੀ।

**ਅੱਜਕਲ ਤੁਸੀਂ ਗਾਂਧੀ ਅਤੇ ਅੰਬੇਦਕਰ ਦੀ ਬਹਿਸ ਨੂੰ ਨਵੇਂ ਸਿਰੇ ਤੋਂ ਉਠਾ ਰਹੇ ਹੋ। ਤੁਹਾਡਾ ਨਿਬੰਧ 'ਡਾਕਟਰ ਐਂਡ ਦ ਸੈਂਟ'ਉੱਤੇ ਵੀ ਕਾਫੀ ਵਿਵਾਦ ਹੋਇਆ ਹੈ?**

-ਇਹ ਜਟਿਲ ਵਿਸ਼ਾ ਹੈ। ਮੈਂ ਇਸ ਬਾਰੇ ਬਹੁਤ ਵਿਸਥਾਰ ਪੂਰਵਕ ਲਿਖਿਆ ਹੈ। ਇਸਦੀ ਬੁਨਿਆਦ ਡਾ. ਅੰਬੇਦਕਰ ਅਤੇ ਗਾਂਧੀ ਦੀ ਵਿਚਾਰਧਾਰਕ ਟਕਰਾਅ ਵਿੱਚ ਹੈ। ਅੰਬੇਦਕਰ ਸ਼ੁਰੂ ਤੋਂ ਸਵਾਲ ਉਠਾ ਰਹੇ ਸਨ ਕਿ ਅਸੀਂ ਕਿਹੋ ਜਿਹੀ ਆਜ਼ਾਦੀ ਲਈ ਲੜ ਰਹੇ ਹਾਂ। ਪ੍ਰੰਤੂ ਗਾਂਧੀ ਕਦੇ ਵੀ ਜਾਤ ਪ੍ਰਬੰਧ ਦੀ ਆਲੋਚਨਾ ਨਹੀਂ ਕਰਦੇ, ਜੋ ਨਾ-ਬਰਾਬਰੀ ਵਾਲੇ ਪ੍ਰਬੰਧ ਦਾ ਇੰਜਨ ਹੈ। ਸਭ ਨਾਲ ਚੰਗਾ ਵਰਤਾਵ ਹੋਣਾ ਚਾਹੀਦਾ ਹੈ, ਇਹ ਕਹਿ ਕੇ ਗਾਂਧੀ ਰੁਕ ਜਾਂਦੇ ਹਨ। ਉਨ੍ਹਾਂ ਜਾਤ ਪ੍ਰਬੰਧ ਨੂੰ ਹਿੰਦੂ ਸਮਾਜ ਦਾ ਮਹਾਨ ਤੋਹਫਾ ਕਿਹਾ। ਇਹ ਸਭ ਉਨ੍ਹਾਂ ਖੁਦ ਲਿਖਿਆ ਹੈ। ਮੈਂ ਕੋਈ ਆਪਣੇ ਵਲੋਂ ਵਿਆਖਿਆ ਨਹੀਂ ਕਰ ਰਹੀ। ਜਦੋਂ ਕਿ ਅੰਬੇਦਕਰ ਲਗਾਤਾਰ ਜਾਤੀ ਉਤਪੀੜਨ ਅਤੇ ਸੰਭਾਵਿਤ ਅਜਾਦੀ ਦੇ ਸਰੂਪ ਬਾਰੇ ਸਵਾਲ ਉਠਾਉਂਦੇ ਰਹੇ ਹਨ। ਪੂਨਾ ਪੈਕਟ ਤੋਂ ਪਹਿਲਾਂ ਗਾਂਧੀ ਦੁਆਰਾ ਕੀਤੀ ਭੁੱਖ ਹੜਤਾਲ ਦਾ ਨਤੀਜਾ ਅੱਜ ਵੀ ਦੇਸ਼ ਨੂੰ ਪ੍ਰਭਾਵਿਤ ਕਰ ਰਿਹਾ ਹੈ। ਅਸੀਂ ਇਹ ਸਵਾਲ ਕਿਉਂ ਨਹੀਂ ਉਠਾ ਸਕਦੇ ਕਿ, ਕੀ ਠੀਕ ਹੈ ਤੇ ਕੀ ਗ਼ਲਤ। ਭਾਰਤ ਸਰਕਾਰ ਦੀ ਸਹਾਇਤਾ ਨਾਲ ਰੀਚਰਡ ਐਟਨਬੋਰੋ ਨੇ ਜੋ 'ਗਾਂਧੀ'ਫ਼ਿਲਮ ਬਣਾਈ ਉਸ ਵਿੱਚ ਅੰਬੇਦਕਰ ਦਾ ਛੋਟਾ ਜਿਹਾ ਵੀ ਰੋਲ ਨਹੀਂ ਹੈ, ਜੋ ਗਾਂਧੀ ਦੇ ਸਭ ਤੋਂ ਪ੍ਰਭਾਵੀ ਆਲੋਚਕ ਸੀ। ਜੇ ਅਸੀਂ ਐਨੇ ਸਾਲਾਂ ਬਾਅਦ ਵੀ ਬੌਧਿਕ ਜਾਂਚ-ਪੜਤਾਲ ਤੋਂ ਕਤਰਾਉਂਦੇ ਰਹਾਂਗੇ, ਤਾਂ ਅਸੀਂ ਬੌਨੇ ਲੋਕ ਹਾਂ। ਅੰਬੇਦਕਰ ਅਤੇ ਗਾਂਧੀ ਦੀ ਬਹਿਸ ਬੇਹੱਦ ਗੰਭੀਰ ਵਿਸ਼ਾ ਹੈ।

ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵੀ ਗਾਂਧੀ ਨਾਲ ਕਈ ਮਤਭੇਦ ਸੀ। ਪ੍ਰੰਤੂ ਉਨ੍ਹਾਂ ਨੇ ਵੀ ਕਿਹਾ ਸੀ ਕਿ ਕਿਸਮਤਵਾਦ ਜਿਹੀਆਂ ਤਮਾਮ ਚੀਜ਼ਾਂ ਦੇ ਸਮਰਥਨ ਦੇ ਬਾਵਜੂਦ ਗਾਂਧੀ ਨੇ ਜਿਸ ਤਰੀਕੇ ਦੇ ਨਾਲ ਦੇਸ਼ਵਾਸੀਆਂ ਨੂੰ ਜਗਾਇਆ ਹੈ, ਉਸਦਾ ਬਣਦਾ ਮਾਣ ਉਸਨੂੰ ਨਾ ਦੇਣਾ ਅਘ੍ਰਿਤਘਣਤਾ ਹੀ ਹੋਵੇਗੀ।

ਹੁਣ ਗੱਲ ਸ਼ੁਕਰਗੁਜ਼ਾਰ ਹੋਣ ਜਾਂ ਨਾ ਹੋਣ ਤੋਂ ਬਹੁਤ ਅਗੇ ਵੱਧ ਗਈ । ਇਹ ਠੀਕ ਹੈ ਕਿ ਗਾਂਧੀ ਨੇ ਆਧੁਨਿਕ ਉਦਯੋਗਿਕ ਸਮਾਜ ਵਿੱਚ ਅੰਤਰਨਿਹਿੱਤ ਨਾਸ਼ ਦੇ ਬੀਜਾਂ ਦੀ ਪਹਿਚਾਣ ਕਰ ਲਈ ਸੀ ਜਿਸਨੂੰ ਸ਼ਾਇਦ ਅੰਬੇਦਕਰ ਨਹੀਂ ਕਰ ਸਕੇ। ਗਾਂਧੀ ਦੀ ਆਲੋਚਨਾ ਦਾ ਅਰਥ ਇਹ ਵੀ ਨਹੀਂ ਕਿ ਗਾਂਧੀਵਾਦੀਆਂ ਨਾਲ ਕੋਈ ਵਿਰੋਧ ਹੈ ਜਾਂ ਉਹਨਾਂ ਨੇ ਅਲੱਗ-ਅਲੱਗ ਖੇਤਰਾਂ ਵਿੱਚ ਕੰਮ ਨਹੀਂ ਕੀਤਾ । ਨਰਮਦਾ ਅੰਦੋਲਨ ਦਾ ਤਰਕ ਬਹੁੱਤ ਗੰਭੀਰ ਅਤੇ ਪ੍ਰਭਾਵੀ ਰਿਹਾ ਹੈ । ਪ੍ਰੰਤੂ ਸੋਚਣਾ ਹੋਵੇਗਾ ਕਿ ਇਹ ਸਫਲ ਕਿਉਂ ਨਹੀਂ ਹੋਇਆ । ਅੰਦੋਲਨਾਂ ਦੇ ਹਿੰਸਕ ਅਤੇ ਅਹਿੰਸਕ ਸਰੂਪ ਦੀ ਗੱਲ ਵੀ ਬੇਮਾਇਨੀ ਜਾਂ ਬੇਮਤਲਬ ਹੈ। ਇਹ ਸਿਰਫ ਪੱਤਰਕਾਰਾਂ ਅਤੇ ਅਕਾਦਮਿਕ ਖੇਤਰ ਦੇ ਲੋਕਾਂ ਦੀ ਬਹਿਸ ਦਾ ਮਾਮਲਾ ਤਾਂ ਹੈ ਪ੍ਰੰਤੂ ਜਿਥੇ ਹਜ਼ਾਰਾਂ ਸੁਰੱਖਿਆ ਕਰਮੀਆਂ ਦੀ ਹਾਜ਼ਰੀ 'ਚ ਬਲਾਤਕਾਰ ਹੁੰਦੇ ਹੋਣ, ਉਥੇ ਹਿੰਸਾ ਜਾਂ ਅਹਿੰਸਾ ਕੋਈ ਮਾਇਨੇ ਨਹੀਂ ਰੱਖਦੀ । ਉਂਜ ਅਹਿੰਸਾ ਦੇ ਪੋਲੀਟੀਕਲ ਥਿਏਟਰ ਲਈ ਦਰਸ਼ਕ ਵਰਗ ਬਹੁਤ ਜ਼ਰੂਰੀ ਹੁੰਦਾ ਹੈ। ਪ੍ਰੰਤੂ ਜਿਥੇ ਕੈਮਰੇ ਨਹੀਂ ਪਹੁੰਚ ਸਕਦੇ, ਜਿਵੇਂ ਛੱਤੀਸਗੜ੍ਹ, ਉਥੇ ਇਸਦਾ ਕੋਈ ਅਰਥ ਨਹੀਂ ਰਹਿ ਜਾਂਦਾ ।

ਸਾਨੂੰ ਅੰਬੇਦਕਰ ਜਾਂ ਗਾਂਧੀ ਨੂੰ ਰੱਬ ਨਹੀਂ ਬੰਦੇ ਸਮਝ ਕੇ ਠੰਡੇ ਦਿਮਾਗ ਨਾਲ ਉਨ੍ਹਾਂ ਦੇ ਵਿਚਾਰਾਂ ਦੇ ਵਿਸ਼ਲੇਸ਼ਣ ਲਈ ਸਮੇਂ ਅਤੇ ਸੰਦਰਭ ਨੂੰ ਸਮਝਦੇ ਹੋਏ ਪਰਖਣਾ ਹੋਵੇਗਾ । ਪਰ ਸਾਡੇ ਦੇਸ਼ ਵਿੱਚ ਹਾਲ ਇਹ ਹੋ ਗਿਆ ਹੈ ਕਿ ਤੁਸੀਂ ਕੁਝ ਬੋਲ ਹੀ ਨਹੀਂ ਸਕਦੇ । ਨਾ ਇਹਦੇ ਬਾਰੇ ਨਾ ਉਹਦੇ ਬਾਰੇ । ਸੈਂਸਰ ਬੋਰਡ ਸੜਕਾਂ ਤੇ ਹੈ ਸਰਕਾਰ ਵਿੱਚ ਨਹੀਂ । ਨਾਰੀਵਾਦੀਆਂ ਨੂੰ ਵੀ ਤਕਲੀਫ ਹੁੰਦੀ ਹੈ, ਦਲਿਤ ਵਰਗਾਂ ਨੂੰ ਵੀ, ਲੇਫਟ ਨੂੰ ਵੀ, ਅਤੇ ਸੱਜੇਪੱਖੀਆਂ ਨੂੰ ਵੀ । ਖ਼ਤਰਾ ਇਹ ਹੈ, ਕਿਤੇ ਅਸੀਂ ਬੌਧਿਕ ਕਾਇਰਾਂ ਦਾ ਦੇਸ਼ ਨਾ ਬਣ ਜਾਇਏ ।

**ਤੁਸੀਂ ਨੇ ਪੂੰਜੀਵਾਦ ਅਤੇ ਜਾਤ ਪ੍ਰਥਾ ਨਾਲ ਇੱਕਠੇ ਲੜਨ ਦੀ ਗੱਲ ਕੀਤੀ ਹੈ, ਪ੍ਰੰਤੂ ਇਧਰ ਦਲਿਤ ਬੱਧੀਜੀਵੀ ਆਪਣੇ ਸਮਾਜ ਵਿੱਚ ਪੂੰਜੀਪਤੀ ਪੈਦਾ ਕਰਨ ਦੀ ਗੱਲ ਕਰ ਰਹੇ ਹਨ । ਨਾਲ ਹੀ ਜਾਤ ਨੂੰ ਖ਼ਤਮ ਨਾ ਕਰ ਕੇ ਆਪਣੇ ਪੱਖ ਵਿੱਚ ਵਰਤੱਣ ਤੇ ਵੀ ਜ਼ੋਰ ਦੇ ਰਹੇ ਹਨ । ਜਾਤ ਨੂੰ ਵੋਟ ਦੀ ਤਾਕਤ ਬਦਲਿਆ ਜਾ ਰਿਹਾ ਹੈ। ਅੰਬੇਦਕਰਵਾਦੀਆਂ ਦੇ ਇਸ ਨਜ਼ਰੀਏ ਨੂੰ ਕਿਵੇਂ ਦੇਖਦੇ ਹੋ?**

– ਇਹ ਸੁਭਾਵਿਕ ਹੈ, ਜਦੋਂ ਹਰ ਪਾਸੇ ਅਜਿਹਾ ਮਾਹੌਲ ਹੋਵੇ ਤਾਂ ਉਹਨਾਂ ਨੂੰ ਕਿਵੇਂ ਰੋਕ ਸਕਦੇ ਹਾਂ । ਜਿਵੇਂ ਕੁੱਝ ਬੁੱਧੀਜੀਵੀ ਲੋਕ ਕਸ਼ਮੀਰ ਜਾ ਕੇ ਕਹਿੰਦੇ ਹਨ ਕਿ ਰਾਸ਼ਟਰਵਾਦ ਬਹੁਤ ਖਰਾਬ ਚੀਜ਼ ਹੈ । ਭਰਾ, ਪਹਿਲਾਂ ਆਪਣੇ ਘਰ ਵਿੱਚ ਤਾਂ ਇਹ ਸਮਝਾਓ। ਦਲਿਤ ਮੌਜੂਦਾ ਵਿਵਸਥਾ ਵਿੱਚ ਆਪਣੇ ਲਈ ਥੋੜ੍ਹੀ ਸਪੇਸ ਖ਼ੋਜ ਰਹੇ ਹਨ। ਸਿਸਟਮ ਵੀ ਉਹਨਾਂ ਨੂੰ ਵਰਤ ਰਿਹਾ ਹੈ। ਮੈਂ ਪਹਿਲਾਂ ਵੀ ਕਿਹਾ ਹੈ ਦਲਿਤ ਸਟੱਡੀਜ਼ਹੋ ਰਹੀ ਹੈ। ਅਧਿਐਨ ਕੀਤਾ ਜਾ ਰਿਹਾ ਹੈ ਮਿਊਂਸਪੈਲਟੀ ਵਿੱਚ ਕਿੰਨੇ ਬਾਲਮਿਕ ਹਨ, ਪਰ ਉਪਰ ਕੋਈ ਨਹੀਂ ਦੇਖਦਾ। ਕੋਈ ਇਸ ਗੱਲ ਦਾ ਅਧਿਐਨ ਕਿਉਂ ਨਹੀਂ ਕਰਦਾ ਕਿ ਕਾਰਪੋਰੇਟ ਕੰਪਨੀਆਂ ਤੇ ਬਾਣੀਆਂ ਅਤੇ ਮਾਰਵਾੜੀਆਂ ਦਾ ਕਿਸ ਕਦਰ ਕਬਜ਼ਾ ਹੈ । ਜਾਤੀਵਾਦ ਦੇ ਮਿਸ਼ਰਣ ਨੇ ਪੂੰਜੀਵਾਦ ਦੇ ਸਰੂਪ ਨੂੰ ਹੋਰ ਜ਼ਹਿਰੀਲਾ ਬਣਾ ਦਿੱਤਾ ਹੈ ।

**ਤੁਹਾਨੂੰ ਕਿਤੇ ਕੋਈ ਉਮੀਦ ਨਜ਼ਰ ਆਉਂਦੀ ਹੈ ?**

–ਮੈਨੂੰ ਲਗਦਾ ਹੈ ਕਿ ਹੁਣ ਦੁਨੀਆ ਦੀ ਜੋ ਸਥਿਤੀ ਹੈ ਇਹ ਕਿਸੇ ਇੱਕ ਵਿਅਕਤੀ ਦੇ ਫੈਸਲੇ ਦਾ ਨਤੀਜਾ ਨਹੀਂ ਹੈ। ਹਜ਼ਾਰਾਂ ਫੈਸਲਿਆਂ ਦੀ ਲੜੀ ਹੈ। ਫੈਸਲੇ ਕੁਝ ਹੋਰ ਵੀ ਹੋ ਸਕਦੇ ਸੀ। ਇਸੇ ਲਈ ਸਾਰੀਆਂ ਛੋਟੀਆਂ-ਛੋਟੀਆਂ ਲੜਾਈਆਂ ਦਾ ਮਹਤੱਵ ਹੈ। ਛੱਤੀਸਗੜ੍ਹ, ਝਾਰਖੰਡ ਅਤੇ ਬਸਤਰ ਵਿੱਚ ਜੋ ਲੜਾਈਆਂ ਚੱਲ ਰਹੀਆਂ ਹਨ, ਉਹ ਮਹਤੱਵਪੂਰਨ ਹਨ। ਵੱਡੇ ਬਾਘਾਂ ਦੇ ਖ਼ਿਲਾਫ ਲੜਾਈ ਜ਼ਰੂਰੀ ਹੈ ਨਾਲ ਹੀ ਜਿੱਤ ਵੀ ਜ਼ਰੂਰੀ ਹੈ ਤਾਂ ਕਿ ਇਮੈਜੀਨੈਸ਼ਨ ਨੂੰ ਬਦਲਿਆ ਜਾ ਸਕੇ । ਅਜੇ ਵੀ ਵੱਡੀ ਅਬਾਦੀ ਅਜਿਹੀ ਹੈ, ਜਿਸਦੇ ਸੁਪਨੇ ਖ਼ਤਮ ਨਹੀਂ ਹੋਏ ਹਨ । ਉਹ ਅਜੇ ਵੀ ਬਦਲਾਅ ਦੀ ਕਲਪਨਾ ਵਿੱਚ ਯਕੀਨ ਰੱਖਦੇ ਹਨ ।

**ਦਿੱਲੀ ਦੇ ਨਿਰਭਿਯਾ ਕਾਂਡ ਤੇ ਬੀ. ਬੀ. ਸੀ. ਦੀ ਡਾਕੂਮੈਂਟਰੀ ਇੰਡੀਆਜ਼ ਡਾਟਰ ਤੇ ਪਾਬੰਦੀ ਲੱਗੀ। ਤੁਹਾਡੀ ਰਾਏ?**

–ਕਿੰਨੀ ਵੀ ਖ਼ਰਾਬ ਫ਼ਿਲਮ ਕਿਉਂ ਨਾ ਹੋਵੇ, ਚਾਹੇ ਘ੍ਰਿਣਾ ਫੈਲਾਉਂਦੀ ਹੋਵੇ ਮੈਂ ਬੈਨ ਦੇ ਹੱਕ 'ਚ ਨਹੀਂ। ਬੈਨ ਦੀ ਮੰਗ ਕਰਨਾ ਸਰਕਾਰ ਦੇ ਹੱਥ ਵਿੱਚ ਹਥਿਆਰ ਫੜਾਉਣਾ ਹੈ । ਇਸਦੀ ਵਰਤੋਂ ਆਮ ਲੋਕਾਈ ਦੇ ਵਿਚਾਰ ਪ੍ਰਗਟਾਵੇ ਦੇ ਖ਼ਿਲਾਫ ਹੀ ਹੋਵੇਗੀ ।

**ਮੋਦੀ ਸਰਕਾਰ ਨੇ ਅੱਛੇ ਦਿਨਾਂ ਦਾ ਨਾਅਰਾ ਦਿੱਤਾ ਸੀ । ਕੀ ਕਹੋਂਗੇ?**

–ਅਮੀਰਾਂ ਦੇ ਅੱਛੇ ਦਿਨ ਆਏ ਹਨ । ਖੋਹਣ ਵਾਲਿਆਂ ਦੇ ਅੱਛੇ ਦਿਨ ਆਏ ਹਨ। ਭੂਮੀ ਅਧਿਗ੍ਰਹਿਣ ਆਰਡੀਨੈਂਸ ਸਬੂਤ ਹੈ ।

**ਤੁਹਾਡੇ ਆਲੋਚਕ ਕਹਿੰਦੇ ਹਨ ਕਿ ਗਾਂਧੀ ਹੁਣ ਤੱਕ ਆਰ. ਐਸ. ਐਸ. ਦੇ ਨਿਸ਼ਾਨੇ 'ਤੇ ਰਹੇ ਹਨ। ਹੁਣ ਤੁਸੀਂ ਵੀ ਉਸੇ ਸੁਰ ਵਿੱਚ ਬੋਲ ਰਹੇ ਹੋ?**

– ਆਰ. ਐਸ.ਐਸ. ਗਾਂਧੀ ਦੀ ਆਲੋਚਨਾ ਫਿਰਕਾਪ੍ਰਸਤ ਨਜ਼ਰੀਏ ਤੋਂ ਕਰਦਾ ਹੈ। ਆਰ. ਐਸ. ਐਸ. ਐਲਾਨੀਆ ਫ਼ਾਸ਼ੀਵਾਦੀ ਸੰਗਠਨ ਹੈ ਜੋ ਹਿਟਲਰ ਅਤੇ ਮੁਸੋਲੀਨੀ ਦਾ ਸਮਰਥਨ ਕਰਦਾ ਹੈ । ਮੇਰੀ ਆਲੋਚਨਾ ਦਾ ਆਧਾਰ ਗਾਂਧੀ ਦੇ ਅਜਿਹੇ ਵਿਚਾਰ ਹਨ ਜਿਨ੍ਹਾਂ ਨਾਲ ਦਲਿਤਾਂ ਅਤੇ ਮਜਦੂਰ ਜਮਾਤ ਦਾ ਨੁਕਸਾਨ ਹੋਇਆ ।

**ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਤੁਹਾਡਾ ਕੀ ਵਿਚਾਰ ਹੈ ?**

–ਦਿੱਲੀ ਵਿਧਾਨ ਸਭਾ ਚੌਣਾਂ ਦਾ ਨਤੀਜਾ ਆਇਆ ਤਾਂ ਮੈਂ ਵੀ ਖੁਸ਼ ਹੋਈ ਕਿ ਮੋਦੀ ਦੀ ਫ਼ਾਸ਼ੀਵਾਦੀ ਮੁਹਿੰਮ ਦੀ ਹਵਾ ਨਿਕਲ ਗਈ। ਪਰ ਸਰਕਾਰ ਦੇ ਕੰਮ ਬਾਰੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ । ਸਿਰਫ ਭ੍ਰਿਸ਼ਟਾਚਾਰ ਦੀ ਗੱਲ ਨਹੀਂ ਹੈ, ਇਹ ਵੇਖਦੇ ਹਾਂ ਦੂਸਰੇ ਹੋਰ ਜ਼ਰੂਰੀ ਮੁਦਿਆਂ ਤੇ ਪਾਰਟੀ ਕੀ ਸਟੈਂਡ ਲੈਂਦੀ ਹੈ।

**ਅੱਜ ਕਲ ਕੀ ਲਿਖ ਰਹੇ ਹੋ ?**

–ਇੱਕ ਨਾਵਲ ਤੇ ਕੰਮ ਕਰ ਰਹੀਂ ਹਾਂ। ਜ਼ਾਹਿਰ ਤੌਰ 'ਤੇ ਇਹ ਦੂਜਾ ਗਾੱਡ ਆਫ਼ ਸਮਾਲ ਥਿੰਗਸ ਨਹੀਂ ਹੋਵੇਗਾ। ਲਿਖ ਰਹੀਂ ਹਾਂ ਕੁਝ ਅੱਲਗ।

# ਸੁਰਾਂ ਤੋਂ ਪਾਰ ਜ਼ੰਜੀਰਾਂ ਤੋੜਦੀ ਕਵਿਤਾ ਦੇ ਫ਼ੈਲਦੇ ਅਰਥ





**ਤੂਮ ਲਾਖ ਲਗਾਓ ਜ਼ੰਜੀਰੇ,**
**ਹਮ ਹਰ ਜ਼ੰਜੀਰ ਕੋ ਤੋੜੇਂਗੇ,**
**ਖੋਨੇ ਕੋ ਕੁਛ ਨਹੀਂ ਪਾਸ ਹਮਾਰੇ,**
**ਛੀਨੇਂਗੇ ਤੁਝ ਸੇ ਵੀ ਇਤਨਾ,**
**ਖੋਨੇ ਕੋ ਕੁਛ ਨਾ ਛੋਡੇਂਗੇ,**

ਇੱਕ ਕੁੜੀ ਪੰਜਾਬੀ ਲਹਿਜ਼ੇ ਵਿੱਚ ਇਹ ਗੀਤਨੁਮਾ ਕਵਿਤਾ ਸੈਕਟਰ ਸਤਾਰਾਂ ਦੇ ਪਲਾਜ਼ਾ ਵਿੱਚ ਗਾ ਰਹੀ ਹੈ। ਉਸ ਦਾ ਸੁਰ ਵਾਰ-ਵਾਰ ਉਖੜਦਾ ਹੈ। ਕਈ ਅੱਖਰਾਂ ਉੱਤੇ ਉਹ ਅੜਕਦੀ ਹੈ। ਕਈ ਅੱਖਰਾਂ ਨੂੰ ਉਹ ਦੁਹਰਾਕੇ ਦਰੁਸਤ ਕਰਦੀ ਹੈ। ਉਖੜਦਾ ਸੁਰ, ਅੜਕਦੇ ਅੱਖਰ ਅਤੇ ਦੁਹਰਾਅ ਉਸ ਦੇ ਚਿਹਰੇ ਦੀ ਦ੍ਰਿੜਤਾ ਵਿੱਚ ਖਲਲ ਨਹੀਂ ਪਾਉਂਦੇ। ਉਸ ਦੇ ਦੁਆਲੇ ਸਰੋਤਿਆਂ ਦੇ ਘੇਰਾ ਹੈ। ਕੁਝ ਆਉਂਦੇ-ਜਾਂਦੇ ਲੋਕ ਇਸ ਘੇਰੇ ਦੇ ਵਿੱਚੋਂ ਇਹ ਦੇਖਣ ਦਾ ਤਰਦੱਦ ਕਰ ਰਹੇ ਹਨ ਕਿ ਅੰਦਰੋਂ ਆਉਂਦੀ ਆਵਾਜ਼ ਕਿਸ ਦੀ ਹੈ। ਘੇਰਾ ਬਣਾਉਣ ਵਾਲੇ ਲੋਕਾਂ ਦੇ ਹੱਥਾਂ ਵਿੱਚ ਤਖ਼ਤੀਆਂ ਹਨ। ਤਖ਼ਤੀਆਂ ਉੱਤੇ ਨਾਅਰੇਨੁਮਾ ਲਿਖਤਾਂ ਦਰਜ ਹਨ। ਇਨ੍ਹਾਂ ਉੱਤੇ ਲਿਖਿਆ ਹੈ, "ਵਿਕਾਸ ਕੇ ਨਾਮ ਪਰ ਉਜਾੜਾ ਬੰਦ ਕਰੋ।"

**"ਘਰ ਅਧਿਕਾਰ ਸਭ ਕਾ ਅਧਿਕਾਰ।"**

**"ਚੰਡੀਗੜ੍ਹ ਪ੍ਰਸ਼ਾਸਨ ਹੋਸ਼ ਕਰੋ।"**

ਕੁਝ ਅੰਗਰੇਜ਼ੀ ਵਿੱਚ ਸਵਾਲ ਲਿਖੇ ਹਨ ਕਿ ਸ਼ਹਿਰ ਨੂੰ ਬਣਾਉਣ, ਵਸਾਉਣ ਅਤੇ ਸਾਫ਼-ਸੁਥਰਾ ਰੱਖਣ ਵਾਲਿਆਂ ਦੇ ਹਕੂਕ ਦੀ ਜ਼ਾਮਨੀ ਕੌਣ ਭਰੇਗਾ? ਚੰਡੀਗੜ੍ਹ ਨੂੰ ਖ਼ੂਬਸੂਰਤ ਸ਼ਹਿਰ ਦਾ ਰੁਤਬਾ ਦੇਣ ਵਾਲਿਆਂ ਦਾ ਉਜਾੜਾ ਕਿਉਂ?

ਇਨ੍ਹਾਂ ਸਵਾਲਾਂ ਨਾਲ ਜੋੜ ਕੇ ਉਸ ਕੁੜੀ ਦੇ ਬੋਲਾਂ ਦੇ ਅਰਥ ਸਾਫ਼ ਹੁੰਦੇ ਹਨ। ਕਵਿਤਾ ਤੋਂ ਬਾਅਦ ਉਹ ਕੁੜੀ ਸਾਹਮਣੇ ਜਮਾਂ ਹੋਈ ਖਲਕਤ ਨਾਲ ਗੱਲ ਸ਼ੁਰੂ ਕਰਦੀ ਹੈ। ਉਹ ਆਪਣੀ ਪਛਾਣ ਤੋਂ ਸ਼ੁਰੂ ਕਰਦੀ ਹੈ ਕਿ ਯੂਨੀਵਰਸਿਟੀ ਵਿੱਚ ਪੜ੍ਹਣਾ ਅਤੇ ਸ਼ਹਿਰ ਨੂੰ ਸਮਝਣਾ ਆਪਸ ਵਿੱਚ ਕਿਵੇਂ ਜੁੜਦਾ ਹੈ। ਪੰਜਾਬ ਯੂਨੀਵਰਸਿਟੀ ਦੇ ਕੁਝ ਵਿਦਿਆਰਥੀ ਉਸ ਵੇਲੇ ਪੰਜ ਨੰਬਰ ਕਲੋਨੀ ਗਏ ਸਨ ਜਦੋਂ ਇਸ ਦੇ ਢਾਹੇ ਜਾਣ ਦੀਆਂ ਖ਼ਬਰਾਂ ਨਵੰਬਰ 2013 ਵਿੱਚ ਅਖ਼ਬਾਰਾਂ ਵਿੱਚ ਛਪੀਆਂ ਸਨ। ਇਹ ਕੁੜੀ ਉਨ੍ਹਾਂ ਵਿੱਚੋਂ ਇੱਕ ਹੈ। ਠੰਢ ਵਿੱਚ ਬਿਨਾਂ ਛੱਤ ਤੋਂ ਬੈਠੇ ਮਜ਼ਦੂਰਾਂ ਦੀ ਹੋਣੀ ਇਨ੍ਹਾਂ ਵਿਦਿਆਰਥੀਆਂ ਦੇ ਮਨ ਉੱਤੇ ਅਸਰਅੰਦਾਜ਼ ਹੋਈ। ਯੂਨੀਵਰਸਿਟੀ ਵਿੱਚ ਪੜ੍ਹ ਕੇ ਨੀਤੀਆਂ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੇ ਤੌਰ-ਤਰੀਕੇ ਸਮਝ ਆਉਂਦੇ ਹਨ। ਜਦੋਂ ਇਹੋ ਪੜ੍ਹਾਈ ਉਜੜੇ ਮਜ਼ਦੂਰਾਂ ਦੇ ਹਾਲਾਤ ਨਾਲ ਦੋਚਾਰ ਹੁੰਦੀ ਹੈ ਤਾਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੁੰਦਾ ਹੈ। ਨਤੀਜੇ ਵਜੋਂ ਇਹ ਵਿਦਿਆਰਥੀ ਮਜ਼ਦੂਰਾਂ ਦੀਆਂ ਕਲੋਨੀਆਂ ਨਾਲ ਜੁੜੀਆਂ ਨੀਤੀਆਂ ਦਾ ਅਧਿਐਨ ਕਰਦੇ ਹਨ ਅਤੇ ਮਜ਼ਦੂਰਾਂ ਨੂੰ ਜਾਗਰੂਕ ਕਰਨ ਦਾ ਬੀੜਾ ਚੁੱਕਦੇ ਹਨ। ਜਲਸੇ ਵਿੱਚ ਉਹ ਕੁੜੀ ਸਵਾਲ ਪੁੱਛਦੀ ਹੈ, "ਸਾਨੂੰ ਸਾਰਿਆਂ ਨੂੰ ਇਨ੍ਹਾਂ ਮਜ਼ਦੂਰਾਂ ਨਾਲ ਖੜਨਾ ਚਾਹੀਦਾ ਹੈ। ਇਨ੍ਹਾਂ ਤੱਕ ਲੜਨ ਅਤੇ ਹੱਕ ਮੰਗਣ ਦੀ ਸੋਝੀ ਲੈਕੇ ਜਾਣੀ ਚਾਹੀਦੀ ਹੈ। ਕੀ ਇਹ ਸਾਡੀ ਜ਼ਿੰਮੇਵਾਰੀ ਨਹੀਂ ਬਣਦੀ?"

ਆਲੇ ਦੁਆਲੇ ਜੁੜੀ ਭੀੜ ਉਸ ਕੁੜੀ ਦੀ ਹਾਂ ਵਿੱਚ ਹਾਂ ਮਿਲਾਉਂਦੀ ਹੈ। ਇਸੇ ਤਰਜ਼ ਉੱਤੇ ਡਾ ਪਿਆਰੇ ਲਾਲ ਗਰਗ, ਮਨਮੋਹਨ ਸ਼ਰਮਾ, ਰਾਜਵਿੰਦਰ ਸਿੰਘ ਬੈਂਸ ਅਤੇ ਲਲਨ ਸਿੰਘ ਬੰਗੇਲ ਤਕਰੀਰਾਂ ਕਰਦੇ ਹਨ। ਅਰਜੁਨ ਸ਼ਿਓਰਾਨ ਦੱਸਦੇ ਹਨ ਕਿ ਪੰਡਿਤ ਕਲੋਨੀ, ਮਜ਼ਦੂਰ ਕਲੋਨੀ, ਨਹਿਰੂ ਕਲੋਨੀ ਅਤੇ ਕੁਲਦੀਪ ਕਲੋਨੀ ਨੂੰ ਢਾਹੁਣ ਦਾ ਨੋਟਿਸ ਜਾਰੀ ਹੋਇਆ ਹੈ। ਇਨ੍ਹਾਂ ਕਲੋਨੀਆਂ ਦੇ ਤਕਰੀਬਨ ਵੀਹ ਹਜ਼ਾਰ ਵਾਸੀਆਂ ਨੂੰ ਦਸ ਤਰੀਕ ਨੂੰ ਬੇਘਰ ਕਰ ਦਿੱਤਾ ਜਾਵੇਗਾ। ਅਰਜੁਨ ਸ਼ਹਿਰ ਦੇ ਪਿਛੋਕੜ ਦੀ ਗੱਲ ਕਰਦੇ ਹਨ ਕਿ ਕਦੇ ਇਸ ਥਾਂ ਤੋਂ ਸਿੰਧੂ ਘਾਟੀ ਸਭਿਅਤਾ ਦੀਆਂ ਨਿਸ਼ਾਨੀਆਂ ਮਿਲੀਆਂ ਸਨ। ਉਹ ਸਭਿਅਤਾ ਹੁਣ ਸਿਰਫ਼ ਕਿਤਾਬਾਂ ਵਿੱਚ ਦਰਜ ਹੋ ਗਈ ਹੈ। ਕੀ ਮੌਜੂਦਾ ਵਿਕਾਸ ਮਜ਼ਦੂਰਾਂ ਨੂੰ ਘਰਾਂ ਜਾਂ ਸ਼ਹਿਰਾਂ ਦੀ ਥਾਂ ਕਿਤਾਬਾਂ ਤੱਕ ਮਹਿਦੂਦ ਕਰਨ ਉੱਤੇ ਲੱਗਿਆ ਹੋਇਆ ਹੈ? ਅਰਜੁਨ ਦਾ ਵਕਾਲਤ ਦਾ ਹੁਨਰ ਵੀ ਉਸ ਕੁੜੀ ਦੀ ਪੜ੍ਹਾਈ ਨਾਲ ਜੋਟੀ ਪਾਉਂਦਾ ਜਾਪਦਾ ਹੈ। ਇਸ ਤਰ੍ਹਾਂ ਇਸ ਸ਼ਹਿਰ ਦੇ ਸ਼ਹਿਰੀ ਦੀ ਪਛਾਣ ਕੁਝ ਬਦਲਦੀ ਜਾਪਦੀ ਹੈ। ਸੁੱਖ-ਸਹੂਲਤਾਂ ਅਤੇ ਨੌਕਰੀਆਂ-ਤਰੱਕੀਆਂ ਨਾਲ ਜੁੜਿਆ ਸ਼ਹਿਰ ਸਰੋਕਾਰਾਂ ਨਾਲ ਜੁੜਦਾ ਜਾਪਦਾ ਹੈ। ਇਨ੍ਹਾਂ ਵਿਦਿਆਰਥੀਆਂ, ਵਕੀਲਾਂ, ਡਾਕਟਰਾਂ, ਪੱਤਰਕਾਰਾਂ ਅਤੇ ਅਧਿਆਪਕਾਂ ਦਾ ਮਜ਼ਦੂਰਾਂ ਦੇ ਪੱਖ ਵਿੱਚ ਬੋਲਣਾ 'ਪੱਥਰਾਂ ਦੇ ਸ਼ਹਿਰ' ਵਿੱਚ ਪਸਰੀ ਚੁੱਪ ਤੋੜਦਾ ਜਾਪਦਾ ਹੈ।

ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਿੱਚ ਬੁੱਧੀਜੀਵੀ ਤਬਕੇ ਦੇ ਲੋਕ ਹਰ ਮੁੱਦੇ ਉੱਤੇ ਰੋਸ-ਮੁਜ਼ਾਹਰੇ ਕਰਨ ਆਉਂਦੇ ਹਨ। ਇਨ੍ਹਾਂ ਮੁੱਦਿਆਂ ਵਿੱਚ ਕੌਮੀ ਅਤੇ ਕੌਮਾਂਤਰੀ ਮੁੱਦੇ ਸ਼ਾਮਲ ਹੁੰਦੇ ਹਨ। ਜਮਹੂਰੀਅਤ, ਨਿਰਪੱਖਤਾ, ਵੰਨ-ਸਵੰਨਤਾ, ਇਨਸਾਫ਼ ਅਤੇ ਮਨੁੱਖਤਾ ਨਾਲ ਜੁੜੇ ਤਮਾਮ ਸਵਾਲ ਵੱਖ-ਵੱਖ ਘਟਨਾਵਾਂ ਦੇ ਹਵਾਲੇ ਨਾਲ ਇਸੇ ਥਾਂ ਉੱਤੇ ਵਿਚਾਰੇ ਜਾਂਦੇ ਹਨ। ਅਮਰੀਕਾ ਦੀ ਜੰਗੀ ਮੁਹਿੰਮ, ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ, ਕਸ਼ਮੀਰ ਵਿੱਚ ਹੁੰਦੀ ਨਾਇਨਸਾਫ਼ੀ ਅਤੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਉੱਤੇ ਸਵਾਲ ਇਸੇ ਥਾਂ ਉੱਤੇ ਕੀਤੇ ਜਾਂਦੇ ਹਨ। ਹਰ ਵਾਰ ਜਲਸਿਆਂ ਤੋਂ ਬਾਅਦ ਇਹ ਗੱਲ ਹੁੰਦੀ ਹੈ ਕਿ ਨਵੀਂ ਪੀੜੀ ਇਨ੍ਹਾਂ ਸਵਾਲਾਂ ਵਿੱਚ ਦਿਲਚਸਪੀ ਨਹੀਂ ਲੈਂਦੀ।

ਕਲੋਨੀਆਂ ਢਾਹੁਣ ਦੇ ਖ਼ਿਲਾਫ਼ ਚੱਲ ਰਹੇ ਜਲਸੇ ਵਿੱਚ ਇਸ ਕੁੜੀ ਨੇ ਪੁਰਾਣੀ ਪੀੜ੍ਹੀ ਦੇ ਖ਼ਦਸ਼ਿਆਂ ਨੂੰ ਘਟਾ ਦਿੱਤਾ ਜਾਪਦਾ ਹੈ। ਡਾ ਪਿਆਰੇ ਲਾਲ ਗਰਗ ਅਤੇ ਮਨਮੋਹਨ ਸ਼ਰਮਾ ਨੂੰ ਤਾਂ ਵਿਦਿਆਰਥੀਆਂ ਦੀ ਝੁੱਗੀਆਂ-ਝੋਪੜੀਆਂ ਦੇ ਵਾਸੀਆਂ ਨਾਲ ਸਾਂਝ ਸਮੁੱਚੇ ਸਮਾਜ ਲਈ ਆਸ ਦੀ ਕਿਰਨ ਜਾਪਦੀ ਹੈ। ਜਦੋਂ ਇਹ ਕੁੜੀ ਮਜ਼ਦੂਰਾਂ ਦੀ ਜਾਗਰੂਕਤਾ, ਏਕੇ ਅਤੇ ਹਕੂਕ ਦੇ ਮਸਲਿਆਂ ਵਿੱਚ ਪੜ੍ਹੇ-ਲਿਖੇ ਤਬਕੇ ਦੀ ਸ਼ਮੂਲੀਅਤ ਦੀ ਗੱਲ ਕਰਦੀ ਹੈ ਤਾਂ ਇਹ ਪੁਰਾਣੀ ਪੀੜ੍ਹੀ ਨੂੰ ਜ਼ਿੰਮੇਵਾਰੀਆਂ ਦਾ ਅਹਿਸਾਸ ਨਵੇਂ ਸਿਰੇ ਤੋਂ ਕਰਵਾਉਂਦੀ ਹੈ।

ਰਾਜਵਿੰਦਰ ਬੈਂਸ ਮਨੁੱਖੀ ਹਕੂਕ ਦੇ ਮਾਮਲਿਆਂ ਦੀ ਪੈਰਵੀ ਲਈ ਜਾਣੇ-ਜਾਂਦੇ ਹਨ। ਉਹ ਇਨ੍ਹਾਂ ਮਾਮਲਿਆਂ ਨੂੰ ਵਕਾਲਤ ਤੋਂ ਜ਼ਿਆਦਾ ਅਹਿਮ ਮੰਨਦੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਬਸਤੀਆਂ ਨੂੰ ਤੋੜ ਕੇ ਮਜ਼ਦੂਰਾਂ ਨੂੰ ਬੇਘਰ ਕਰਨਾ ਜਮਹੂਰੀ ਅਤੇ ਮਨੁੱਖੀ ਹਕੂਕ ਦੇ ਖ਼ਿਲਾਫ਼ ਹੈ। ਉਹ ਚੰਡੀਗੜ੍ਹ ਨਾਲ ਜੋੜ ਕੇ ਸਮਝਾਉਂਦੇ ਹਨ ਕਿ ਇੱਕ ਝੁੱਗੀ ਲਈ ਕਾਰ ਤੋਂ ਵੀ ਘੱਟ ਥਾਂ ਦੀ ਲੋੜ ਹੈ। ਉਹ ਆਪਣੇ ਅਧਿਐਨ ਨੂੰ ਵੀ ਮਜ਼ਦੂਰਾਂ ਦੇ ਮਸਲੇ ਨਾਲ ਜੋੜਦੇ ਹਨ ਅਤੇ ਦੱਸਦੇ ਹਨ ਕਿ ਪੂਰੀ ਦੁਨੀਆਂ ਵਿੱਚ ਬਸਤੀਆਂ ਦੀ ਥਾਂ ਮਜ਼ਦੂਰਾਂ ਦੀਆਂ ਰਿਹਾਇਸ਼ੀ ਇਮਾਰਤਾਂ ਅਤੇ ਕਾਰੋਬਾਰੀ ਸਹੂਲਤਾਂ ਉਸਾਰੀਆਂ ਗਈਆਂ ਹਨ। ਇਸ ਤਰ੍ਹਾਂ ਰਿਹਾਇਸ਼ੀ ਅਤੇ ਕਾਰੋਬਾਰੀ ਲੋੜਾਂ ਦਾ ਧਿਆਨ ਇੱਕੋ ਵੇਲੇ ਰੱਖਿਆ ਜਾ ਸਕਦਾ ਹੈ। ਰਾਜਵਿੰਦਰ ਬੈਂਸ ਮੁਤਾਬਕ ਇਸ ਤਰ੍ਹਾਂ ਝੁੱਗੀਆਂ ਨੂੰ ਤੋੜਨਾ ਪ੍ਰਸ਼ਾਸਨ ਦੀ ਗ਼ੈਰ-ਸੰਜੀਦਗੀ ਦੀ ਨਿਸ਼ਾਨੀ ਹੈ। ਜਲਸੇ ਵਿੱਚ ਰਾਜਵਿੰਦਰ ਬੈਂਸ ਦੀ ਵਕਾਲਤ, ਲਲਨ ਸਿੰਘ ਬੰਘੇਲ ਦਾ ਫਲਸਫ਼ਾ, ਪਿਆਰੇ ਲਾਲ ਦੀ ਡਾਕਟਰੀ, ਅਰਜੁਨ ਸ਼ਿਓਰਾਨ ਦਾ ਇਤਿਹਾਸ, ਸਚਿੰਦਰਪਾਲ ਪਾਲੀ ਦੀ ਸਿਆਸਤ ਅਤੇ ਉਸ ਕੁੜੀ ਦੀ ਕਵਿਤਾ ਇੱਕਸੁਰ ਹੋਕੇ ਪ੍ਰਸ਼ਾਸਨ ਦੇ ਫ਼ੈਸਲੇ ਉੱਤੇ ਠੋਸ ਸਵਾਲ ਕਰ ਰਹੀ ਹੈ। ਪੰਡਿਤ ਕਲੋਨੀ ਤੋਂ ਆਏ ਰਾਮੇਸ਼ ਸਿੰਘ ਇਸ ਜਲਸੇ ਦਾ ਨਿਚੋੜ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਵਿਦਿਆਰਥੀਆਂ ਦੀ ਆਮਦ ਨਾਲ ਮਜ਼ਦੂਰਾਂ ਨੂੰ ਬਲ ਮਿਲਿਆ ਹੈ। ਉਨ੍ਹਾਂ ਨੂੰ ਦੋ ਦਿਨ ਬਾਅਦ ਆਪਣੀਆਂ ਕਲੋਨੀਆਂ ਤੋੜੇ ਜਾਣ ਦਾ ਡਰ ਹੈ ਪਰ ਆਸ ਵੀ ਹੈ ਕਿ ਸ਼ਾਇਦ ਇਸ ਤਬਕੇ ਦੀ ਇਮਦਾਦ ਨਾਲ ਪ੍ਰਸ਼ਾਸਨ ਆਪਣਾ ਫ਼ੈਸਲਾ ਵਾਪਸ ਲੈ ਹੀ ਲਵੇ।

ਜਲਸਾ ਅੰਤਿਮ ਪੜਾਅ ਉੱਤੇ ਹੈ ਪਰ ਉਸ ਕੁੜੀ ਦੀ ਕਵਿਤਾ ਦੇ ਅਰਥ ਲਗਾਤਾਰ ਫੈਲ ਰਹੇ ਹਨ। ਉਹ ਕੁੜੀ ਆਪਣੇ ਨਾਲਦੀਆਂ ਕੁੜੀਆਂ ਵਿੱਚ ਰਲ ਗਈ ਹੈ ਪਰ ਉਸ ਦੀ ਕਵਿਤਾ ਤੇਰ-ਮੇਰ ਦੀ ਪਿਰਤ ਦੀਆਂ ਜ਼ੰਜੀਰਾਂ ਤੋੜ ਕੇ ਦਰਦਮੰਦੀ ਦੀ ਤਸਵੀਰ ਬਣਦੀ ਜਾਪਦੀ ਹੈ। ਜਦੋਂ ਇਹ ਜਲਸਾ ਵਿਖਰ ਰਿਹਾ ਹੈ ਤਾਂ ਕਵਿਤਾ ਦਾ ਉਖੜਦਾ ਸੁਰ ਅਤੇ ਅੜਕਦੇ ਅੱਖਰ ਪਿੱਛੇ ਰਹਿ ਗਏ ਹਨ ਪਰ ਅਰਥ ਹਵਾ ਵਿੱਚ ਫੈਲ ਰਹੇ ਹਨ।

ਸੁਆਲ ਸੰਵਾਦ

# ਜਿੱਥੇ ਜਿਉਂਦੇ ਰਹਿਣ ਦਾ ਸੁਫ਼ਨਾ ਇਰਾਦਾ ਕਤਲ ਹੈ ?



ਦਲਜੀਤ ਅਮੀ

ਮੌਜੂਦਾ ਪੰਜਾਬੀ ਘਰਾਂ ਵਿੱਚ ਜਦੋਂ ਅਮਰੀਕਾ, ਯੂਰਪ ਜਾਂ ਆਸਟਰੇਲੀਆ ਦੇ ਪੱਕੇ ਵੀਜ਼ੇ ਦਾ ਬੰਦੋਬਸਤ ਹੋ ਜਾਵੇ ਤਾਂ ਨੇੜਲੇ ਰਿਸ਼ਤੇਦਾਰਾਂ ਤੋਂ ਲੁਕੋ ਕੇ ਰੱਖਿਆ ਜਾਂਦਾ ਹੈ। ਭਾਨੀ, ਈਰਖਾ ਅਤੇ ਤੋਹਮਤਾਂ ਤੋਂ ਬਚਣ ਦੇ ਇਸ ਤਰਦੱਦ ਪਿੱਛੇ ਮਿਸਾਲਾਂ ਬਹੁਤ ਹਨ। ਜੇ ਅਜਿਹੇ ਮੌਕੇ ਕੋਈ ਵੀਜ਼ਾ ਲੈਣ ਤੋਂ ਇਨਕਾਰ ਕਰ ਦੇਵੇ ਤਾਂ ਹੇਠਲੀ ਉੱਤੇ ਆ ਜਾਂਦੀ ਹੈ। ਇਸ ਤੋਂ ਬਾਅਦ ਹਰ ਰਿਸ਼ਤੇਦਾਰ ਅਤੇ ਸੰਗੀ-ਸਨੇਹੀ ਨੂੰ ਸਮਝਾਉਣ ਲਈ ਸੱਦਿਆ ਜਾਂਦਾ ਹੈ। ਦਲੀਲਾਂ ਦਿੱਤੀਆਂ ਜਾਂਦੀਆਂ ਹਨ: ਸਵਰਗ ਨੂੰ ਠੋਕਰ ਨਹੀਂ ਮਾਰਨੀ ਚਾਹੀਦੀ ਕਿਉਂਕਿ ਇਹ ਕਰਮਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਸਵਰਗ ਜਾ ਕੇ ਹੋਰਾਂ ਦੀ ਬਾਂਹ ਫੜ ਕੇ ਭਵਜਲ ਪਾਰ ਕਰਵਾਉਣ ਦਾ ਪੁੰਨ ਤਾਂ ਵਿਰਲਿਆਂ ਨੂੰ ਨਸੀਬ ਹੁੰਦਾ ਹੈ। ਚਲੋ ਜੇ ਰਹਿਣਾ ਨਹੀਂ ਤਾਂ ਇੱਕ ਵਾਰ ਜਾ ਕੇ ਦੇਖਣ ਵਿੱਚ ਕੀ ਹਰਜ ਹੈ। ਵੀਜ਼ਾ ਪੱਕਾ ਕਰਵਾ ਕੇ ਜਾਂ ਨਾਗਰਿਕ ਬਣ ਕੇ ਜਾਂ ਕੁਝ ਕਮਾਈ ਕਰ ਕੇ ਵਾਪਸ ਆ ਜਾਇਓ। ਇਨ੍ਹਾਂ ਦਲੀਲਾਂ ਦੀ ਜੇ ਕੋਈ ਸੁਣਵਾਈ ਨਾ ਹੋਵੇ ਤਾਂ ਇਨਕਾਰੀ ਨੂੰ ਹੰਕਾਰੀ ਤੋਂ ਪਾਗ਼ਲ ਤੱਕ ਕੁਝ ਵੀ ਕਰਾਰ ਦਿੱਤਾ ਜਾ ਸਕਦਾ ਹੈ। ਇੱਕ ਪਾਸੇ ਵਿਦੇਸ਼ ਜਾਣ ਦਾ ਭੇਦ ਹੈ ਅਤੇ ਦੂਜੇ ਪਾਸੇ ਵਿਦੇਸ਼ ਭੇਜਣ ਦਾ ਧੂਮ-ਧੜੱਕਾ ਹੈ। ਕੱਚੇ, ਵੱਟੇ, ਕਾਗ਼ਜ਼ੀ ਅਤੇ ਮੁੱਲ ਦੇ ਵਿਆਹਾਂ ਵਿੱਚ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਦੇ ਸਜ-ਧਜ ਕੇ ਨੱਚਦੇ-ਗਾਉਂਦੇ ਮੇਲ ਦੂਜੇ ਮੁਲਕਾਂ ਦੇ ਸਫ਼ਾਰਤਖ਼ਾਨਿਆਂ ਨੂੰ ਯਕੀਨ ਦਵਾਉਣ ਉੱਤੇ ਲੱਗੇ ਹੋਏ ਹਨ ਕਿ ਵਿਆਹ ਤਸੱਲੀਬਖ਼ਸ਼ ਹੈ। ਅਜਿਹੇ ਮੌਕੇ ਸਿਆਸਤਦਾਨਾਂ, ਅਫ਼ਸਰਸ਼ਾਹੀ ਅਤੇ ਸਰਦੇ-ਪੁਜਦੇ 'ਸੱਜਣਾਂ ਨਾਲ ਸ਼ੋਭਦੇ ਹਨ' ਕਿਉਂਕਿ ਇਹ ਵਿਆਖਿਆਨ ਸਫ਼ਾਰਤਖ਼ਾਨਿਆਂ ਵਿੱਚ 'ਭਰੋਸੇਯੋਗ' ਜਾਪਦੇ ਹਨ।

ਇਨ੍ਹਾਂ ਵਿਆਹਾਂ ਦੀ 'ਭਰੋਸੇਯੋਗਤਾ' ਕਾਇਮ ਕਰਨ ਲਈ ਲਾਵਾਂ ਪੜ੍ਹਾਉਣ ਵਾਲਿਆਂ ਤੋਂ ਲੈ ਕੇ ਫੋਟੋਆਂ ਖਿੱਚਣ ਵਾਲਿਆਂ ਤੱਕ, ਸਭ ਸਚੇਤ ਰਹਿੰਦੇ ਹਨ। ਕਾਨੂੰਨੀ ਸਬੂਤ ਜਾਰੀ ਕਰਨ ਵੇਲੇ ਸ਼ਬਦ-ਜੋੜਾਂ ਅਤੇ ਗੋਤਾਂ ਨੂੰ ਦਰੁਸਤ ਰੱਖਣ ਦੀ 'ਜ਼ਿੰਮੇਵਾਰੀ' ਨਿਭਾਉਣ ਲਈ ਸਾਰੇ ਸਰਕਾਰੀ ਮਹਿਕਮੇ ਚੇਤਨ ਰਹਿੰਦੇ ਹਨ। ਸਫ਼ਾਰਤਖ਼ਾਨਿਆਂ ਨੂੰ ਯਕੀਨ ਦਿਵਾਉਣ ਲਈ 'ਨਵੇਂ ਵਿਆਹੇ ਜੋੜਿਆਂ' ਦੇ ਪਹਾੜਾਂ ਅਤੇ ਹੋਟਲਾਂ ਵਿੱਚ ਨੇੜਤਾ ਮਾਣਦਿਆਂ ਦੇ ਸਬੂਤ ਪੇਸ਼ ਕੀਤੇ ਜਾਂਦੇ ਹਨ। ਵਿਦੇਸ਼ਾਂ ਵਿੱਚ ਲਿਜਾਣ ਦੀ ਯੋਗਤਾ ਤੋਂ ਬਾਅਦ ਵਿਆਹ ਦੇ ਇਸ਼ਤਿਹਾਰਾਂ ਵਿੱਚ 'ਜਾਤ-ਧਰਮ ਦਾ ਕੋਈ ਬੰਧਨ ਨਹੀਂ' ਜੁੜ ਗਿਆ ਹੈ। ਇਹ ਵਾਧਾ ਪੰਜਾਬੀ ਸਮਾਜ ਵਿੱਚ ਜਾਤ ਦੀ ਪਕੜ ਢਿੱਲੀ ਨਹੀਂ ਕਰ ਸਕਿਆ ਪਰ ਕਈ ਗ਼ਰੀਬ-ਗ਼ੁਰਬਿਆਂ ਦੇ ਸਾਕ ਸਰਦੇ-ਪੁੱਜਦਿਆਂ ਨਾਲ ਜੋੜਨ ਵਿੱਚ ਕਾਮਯਾਬ ਰਿਹਾ ਹੈ। ਜਦੋਂ 'ਪੰਜਾਬੀਆਂ ਦੀ ਸ਼ਾਨ ਵੱਖਰੀ' ਦੇ ਵੰਨ-ਸਵੰਨੇ ਗੀਤ ਗਾਉਂਦਾ ਪੰਜਾਬ ਸਿਰਤੋੜ ਤੋਂ ਅੱਗੇ ਜਾ ਕੇ 'ਸਾਕ-ਤੋੜ', 'ਰਵਾਇਤ-ਤੋੜ' ਅਤੇ 'ਭਰੋਸਾ-ਤੋੜ' ਉਪਰਾਲੇ ਕਰਦਾ ਹੈ ਤਾਂ ਇਨਕਾਰੀ ਨੂੰ ਛੇਕਿਆ ਜਾਣਾ 'ਲਾਜ਼ਮੀ' ਜਾਪਦਾ ਹੈ। ਇਸ ਲੇਖ ਵਿੱਚ ਉਨ੍ਹਾਂ ਦੁਹਾਗਣਾਂ ਦੀ ਗੱਲ ਨਹੀਂ ਕਰਨੀ ਜੋ ਮਾਪਿਆਂ ਦੇ ਕੀਤੇ ਸਾਕਾਂ ਰਾਹੀਂ ਸਹੇੜੇ ਲਾੜਿਆਂ ਦੇ ਵਿਦੇਸ਼ੋਂ ਪਰਤਣ ਦੀ ਉਡੀਕ ਵਿੱਚ 'ਪਰਾਏ ਘਰਾਂ' ਅੰਦਰ ਪਲ-ਪਲ ਮਰਦੀਆਂ ਹਨ।

ਜੇ ਇਨਕਾਰੀ ਕੁੜੀ ਹੋਵੇ ਤਾਂ ਸੁਆਲ ਹੋਰ ਅਹਿਮ ਹੋ ਜਾਂਦਾ ਹੈ। ਉਸ ਨੂੰ ਦੱਸਿਆ ਜਾਂਦਾ ਹੈ ਕਿ ਪੰਜਾਬ ਵਿੱਚ ਕੁੜੀਆਂ ਲਈ ਕੋਈ ਥਾਂ ਨਹੀਂ। ਜੇ ਕੁੱਖ ਵਿੱਚ ਕਤਲ ਹੋਣ ਤੋਂ ਬਚ ਗਈ ਤਾਂ ਦਹੇਜ ਲਈ ਫ਼ੂਕੀ ਜਾਵੇਗੀ। ਛੇੜਛਾੜ ਰੋਜ਼ ਦਾ ਮਸਲਾ ਹੈ। ਬਲਾਤਕਾਰ ਦਾ ਖ਼ਦਸ਼ਾ ਸਦਾ ਕਾਇਮ ਹੈ। ਘਰਾਂ ਤੋਂ ਸ਼ੁਰੂ ਹੋਈ ਬੇਕਦਰੀ ਸਮਾਜਿਕ ਵਿਹਾਰ ਉੱਤੇ ਭਾਰੂ ਹੈ। ਇਹ ਦਲੀਲ ਬਹੁਤ ਸਾਫ਼ ਹੈ ਕਿ 'ਜ਼ਿੰਦਗੀ' ਦਾ ਸ਼ੁਕਰਾਨਾ ਕਰਨ ਲਈ ਵਿਦੇਸ਼ ਜਾਣਾ ਜ਼ਰੂਰੀ ਹੈ। ਇਸ ਸ਼ੁਕਰਾਨੇ ਵਿੱਚ ਰਿਸ਼ਤੇਦਾਰਾਂ ਅਤੇ ਸਨੇਹੀਆਂ ਦਾ ਭਲਾ ਨਿਹਤ ਹੈ। ਕਿਸੇ ਦੇ ਮੁੰਡੇ ਨੂੰ ਵਿਆਹ ਕੇ ਸੱਤ ਸਮੁੰਦਰ ਪਾਰ ਲਿਜਾਣ ਦਾ ਸਬੱਬ ਬਣੇਗੀ। ਜੇ 'ਉਦਮੀ' ਹੋਵੇ ਤਾਂ ਆਪਣੇ ਪੱਕੇ ਵਿਆਹ ਤੋਂ ਪਹਿਲਾਂ ਇੱਕ-ਦੋ ਤਜ਼ਾਰਤੀ ਵਿਆਹ ਕਰਵਾ ਸਕਦੀ ਹੈ। ਇਸ ਦਲੀਲ ਨੂੰ ਸਮਝਣ ਲਈ ਅਰਥ-ਸ਼ਾਸਤਰੀ ਹੋਣ ਦੀ ਲੋੜ ਨਹੀਂ। ਜੇ ਮਾਪਿਆਂ ਨੇ ਪੜ੍ਹਾ-ਲਿਖਾ ਕੇ ਅਮਰੀਕਾ ਜਾਣ ਜੋਗੀ ਕੀਤੀ ਹੈ ਤਾਂ ਉਨ੍ਹਾਂ ਦੀ ਬੰਦਖ਼ਲਾਸੀ ਧੀ ਦੀ 'ਜ਼ਿੰਮੇਵਾਰੀ' ਬਣਦੀ ਹੈ। ਕੈਨੇਡਾ ਵਿੱਚ ਪੰਜਾਬੀਆਂ ਦੀਆਂ ਕਿਰਤ ਕਮਾਈਆਂ ਦਾ ਸ਼ਾਨਾਂਮੱਤਾ ਇਤਿਹਾਸ ਹੈ ਜਿਸ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਨਾਲ ਇਹ ਵੀ ਦਰਜ ਹੈ ਕਿ 'ਇਹ ਵੀਜ਼ਾ ਲੈਣ ਲਈ ਸਕੇ ਭੈਣ-ਭਰਾਵਾਂ ਵਿੱਚ ਵਿਆਹ ਕਰਦੇ ਹਨ ਅਤੇ ਭਰੋਸੇਯੋਗਤਾ ਸਾਬਤ ਕਰਨ ਲਈ ਗਰਭ ਧਾਰਨ ਤੱਕ ਕੀਤੇ ਜਾਂਦੇ ਹਨ।' ਇਹ ਕੈਨੇਡਾ ਵਿੱਚ ਚੋਣਾਂ ਜਿੱਤਣ ਵਾਲੇ ਪੰਜਾਬੀਆਂ ਦੀ ਹਾਜ਼ਰੀ ਵਿੱਚ ਸਾਬਕਾ ਇਮੀਗਰੇਸ਼ਨ ਅਤੇ ਸਿਟੀਜਨ ਮੰਤਰੀ ਡਿਆਨਾ ਫਿਨਲੇਅ ਦਾ ਬਿਆਨ ਹੈ। ਜੇ ਕੋਈ ਕੁੜੀ ਹਰ ਤਰ੍ਹਾਂ ਦੀ ਬੇਕਦਰੀ ਅਤੇ ਜ਼ਲਾਲਤ ਤੋਂ ਬਚ ਕੇ ਵਿਦੇਸ਼ ਜਾਣ ਦੇ ਯੋਗ ਹੋਈ ਹੈ ਤਾਂ ਉਸ ਤੋਂ ਸੂਈ ਦੇ ਨੱਕੇ ਵਿੱਚੋਂ ਨਿਕਲਣ ਦੀ ਤਵੱਕੋ ਤਾਂ ਕੀਤੀ ਜਾਵੇਗੀ। ਜਿੱਥੇ ਕੁੜੀਆਂ ਦੇ ਜੰਮਣ ਤੋਂ ਮਰਨ ਤੱਕ ਦੇ ਸਾਰੇ ਫ਼ੈਸਲੇ ਮਰਦਾਂ ਦੇ ਹੱਥ ਵਿੱਚ ਹੋਣ ਉੱਥੇ ਵਿਦੇਸ਼ ਜਾਣ ਤੋਂ ਇਨਕਾਰ ਕਰ ਕੇ 'ਬਾਪ ਦੀ ਇੱਜ਼ਤ ਰੋਲਣ' ਅਤੇ 'ਭਾਈਆਂ ਤੋਂ ਬੇਮੁੱਖ ਹੋਣ' ਦੀ ਸਜ਼ਾ ਤਾਂ ਮਿਲੇਗੀ।

ਜੇ ਕੁੜੀ ਆਪਣੇ ਭਾਈ ਦੇ ਪੈਦਾ ਹੋਣ



ਦੀ ਉਡੀਕ ਕਾਰਨ ਪੈਦਾ ਹੋਈ ਹੋਵੇ ਤਾਂ ਇਹ ਸੁਆਲ ਹੋਰ ਵੀ ਅਹਿਮ ਹੋ ਜਾਂਦਾ ਹੈ। ਪੰਜਾਬੀ ਮਾਪਿਆਂ ਨੇ ਮੁੰਡਿਆਂ ਦੀ ਉਡੀਕ ਵਿੱਚ ਕੁੜੀਆਂ ਜੰਮੀਆਂ ਹੋਣ ਅਤੇ 'ਬਿਨਾਂ ਕਿਸੇ ਵਿਤਕਰੇ ਤੋਂ ਲਾਡਾਂ-ਪਿਆਰਾਂ ਨਾਲ ਮੁੰਡਿਆਂ ਵਾਂਗ ਪਾਲੀਆਂ ਹੋਣ' ਤਾਂ ਹਰ ਕੁੜੀ ਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਨ੍ਹਾਂ 'ਲਾਡਾਂ-ਪਿਆਰਾਂ' ਅਤੇ 'ਮੁੰਡਿਆਂ ਵਾਂਗ ਪਾਲਣ' ਦੇ ਸਰਾਪ ਵਰਗੇ ਵਰਦਾਨ ਨੂੰ ਕੁੜੀਆਂ ਤੋਂ ਵੱਧ ਕੌਣ ਜਾਣਦਾ ਹੈ। ਉਨ੍ਹਾਂ ਨੂੰ ਯਾਦ ਕਰਵਾਉਣ ਲਈ ਬੋਲਣ ਦੀ ਲੋੜ ਨਹੀਂ ਪੈਂਦੀ ਕਿ ਉਨ੍ਹਾਂ ਨੂੰ 'ਲਾਡ-ਪਿਆਰ' ਨਾਲ ਪਾਲ ਕੇ ਅਤੇ ਪੜ੍ਹਣ-ਲਿਖਣ ਦੀਆਂ ਸਹੂਲਤਾਂ ਦੇ ਕੇ 'ਜੱਗੋਂ-ਤੇਰਵਾਂ' ਅਹਿਸਾਨ ਕੀਤਾ ਜਾ ਰਿਹਾ ਹੈ। ਅਹਿਸਾਨਮੰਦ ਹੋਣਾ ਤਾਂ ਇਨਸਾਨੀ ਫ਼ਰਜ਼ ਹੈ। ਜੇ ਕਿਸੇ ਕੁੜੀ ਨੇ ਵਿਦੇਸ਼ ਜਾਣ ਤੋਂ ਇਨਕਾਰ ਕੀਤਾ ਹੈ ਤਾਂ ਜ਼ਰੂਰ 'ਉਸ ਨੇ ਮਾਪਿਆਂ ਦੀ ਪੱਤ ਦਾਅ ਉੱਤੇ ਲਗਾ ਕੇ' ਆਪਣੀ ਮਰਜ਼ੀ ਦਾ ਮੁੰਡਾ ਭਾਲਿਆ ਹੋਵੇਗਾ। ਜੇ ਕੁੜੀ ਇਹ ਸਾਫ਼ ਕਰ ਦੇਵੇ ਕਿ ਇਸ ਇਨਕਾਰ ਦਾ ਕਾਰਨ ਕੋਈ ਮੁੰਡਾ ਨਹੀਂ ਤਾਂ ਕੀ ਹੋਵੇਗਾ? ਇਸ ਤੋਂ ਬਾਅਦ ਮਾਪੇ 'ਸੁੱਖ ਦਾ ਸਾਹ' ਲੈਂਦੇ ਹੋਏ ਸਮਝਾ ਸਕਦੇ ਹਨ ਕਿ ਜੇ 'ਕੋਈ ਮੁੰਡਾ ਹੁੰਦਾ ਤਾਂ ਅਸੀਂ ਤੈਨੂੰ ਜੁਆਬ ਨਹੀਂ ਦੇਣਾ ਸੀ' ਪਰ ਹੁਣ ਜ਼ਿੱਦ ਕਰਨਾ ਮੂਰਖ਼ਾਂ ਵਾਲਾ ਕੰਮ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ 'ਬਾਕੀ ਭੈਣ-ਭਰਾਵਾਂ ਅਤੇ ਮਾਪਿਆਂ ਨੇ ਤਾਂ ਵਿਦੇਸ਼ੀਂ ਚਲੇ ਜਾਣਾ ਹੈ' ਤਾਂ ਇਕੱਲੀ ਕੁੜੀ ਪਿੱਛੇ ਕਿਵੇਂ ਰਹੇਗੀ? ਮਾਪਿਆਂ ਨੂੰ 'ਬੱਚੇ ਪਾਲਣ' ਤੋਂ ਬਾਅਦ ਆਪ 'ਜ਼ਿੰਦਗੀ ਮਾਨਣ' ਦਾ ਹੱਕ ਹੈ। ਜੇ ਕੁੜੀ ਇਕੱਲੀ ਰਹੇਗੀ ਤਾਂ ਮਾਪੇ ਨਾਲ ਟੰਗੇ ਜਾਣਗੇ। ਜੇ ਮੁੰਡਾ ਹੁੰਦਾ ਤਾਂ ਇਕੱਲਾ ਵੀ ਛੱਡਿਆ ਜਾ ਸਕਦਾ ਸੀ। ਇਹ ਮਸਲੇ ਆਪਣੇ-ਆਪ ਵਿੱਚ ਪੇਚੀਦਾ ਹਨ। ਇਕੱਲੇ ਛੱਡੇ ਮੁੰਡੇ ਦੀ ਕਹਾਣੀ ਦਾ ਨਾਮ ਸੁੱਖਾ ਕਾਹਲਵਾਂ ਵੀ ਤਾਂ ਹੋ ਸਕਦਾ ਹੈ!




ਇਕੱਲੀ ਕੁੜੀ ਨੂੰ ਛੱਡ ਕੇ ਜਾਣ ਦਾ ਸੁਆਲ ਸਿਰਫ਼ ਮਾਪਿਆਂ ਦਾ ਨਹੀਂ ਹੈ। ਇਨਕਾਰ ਤੋਂ ਬਾਅਦ ਰਿਸ਼ਤੇਦਾਰਾਂ ਨੂੰ ਮੱਤ ਦੇਣ ਲਈ ਬੁਲਾਇਆ ਜਾ ਸਕਦਾ ਹੈ। ਰਿਸ਼ਤੇਦਾਰ ਕੀ ਕਰ ਸਕਦੇ ਹਨ। ਮਾਪਿਆਂ ਦੀ ਦਲੀਲ ਨੂੰ ਵੱਖ-ਵੱਖ ਅੰਦਾਜ਼ ਵਿੱਚ ਸਮਝਾ ਸਕਦੇ ਹਨ। ਪਿਆਰ ਨਾਲ, ਗੁੱਸੇ ਨਾਲ, ਦਲੀਲ ਨਾਲ, ਰੋਅਬ ਨਾਲ, ਹੁਕਮ ਨਾਲ, ਧਮਕੀ ਨਾਲ ਜਾਂ ਜਿਵੇਂ ਵੀ ੩ ਜਿਸ ਦਾ ਜਿੰਨਾ ਹੱਥ ਪੈਂਦਾ ਹੋਵੇ। ਇਸ ਤੋਂ ਬਾਅਦ ਲਾਹਣਤਾਂ ਪਾ ਕੇ ਹੱਥ ਖੜ੍ਹੇ ਕਰ ਕੇ ਰਿਸ਼ਤੇਦਾਰ ਮਾਪਿਆਂ ਸਾਹਮਣੇ ਬੇਬਸੀ ਜ਼ਾਹਰ ਕਰ ਦੇਣਗੇ। ਜਾਂਦੀ ਵਾਰ ਕੋਈ ਅੱਥਰੂਆਂ ਭਰੀਆਂ ਅੱਖਾਂ ਨਾਲ ਕੁੜੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਇਹ ਬੋਲ ਕਹਿ ਸਕਦਾ/ਸਕਦੀ ਹੈ ਕਿ 'ਸਾਡਾ ਫ਼ਰਜ਼ ਤਾਂ ਸਮਝਾਉਣਾ ਸੀ' ਜਾਂ 'ਸਾਡਾ ਕਿਹੜਾ ਜ਼ੋਰ ਚੱਲਦੈ' ਜਾਂ 'ਅਸੀਂ ਤਾਂ ਤੇਰੇ ਭਲੇ ਦੀ ਗੱਲ ਕਰਦੇ ਆਂ।' ਇਸ ਤੋਂ ਬਾਅਦ ਬਾਪੂ ਤਾਂ ਰਿਸ਼ਤੇਦਾਰ ਨੂੰ ਇਹੋ ਕਹੇਗਾ ਕਿ 'ਕੱਲ੍ਹ ਨੂੰ ਮੈਨੂੰ 'ਲਾਂਭਾ ਨਾ ਦਿਓ, ਹੁਣੇ ਸਮਝਾ ਲਓ ਜੇ ਸਮਝਦੀ ਆ।' ਇਨ੍ਹਾਂ ਹਾਲਾਤ ਵਿੱਚ ਆਖ਼ਰੀ ਉਪਰਾਲੇ ਵਜੋਂ ਸਿਰ ਜੋੜ ਕੇ ਬੈਠਾ ਕੁਣਬਾ ਕੁੜੀ ਨੂੰ ਇਹ ਸੁਆਲ ਕਰਦਾ ਹੈ, "ਤੂੰ ਕਰਨਾ ਕੀ ਹੈ?" ਕੁੜੀ ਦਾ ਜੁਆਬ ਇੱਕ ਸ਼ਬਦ ਵਿੱਚ ਹੈ, "ਇਨਕਲਾਬ।" ਇਸ ਤੋਂ ਬਾਅਦ ਕੁੜੀ ਨੂੰ ਕੁੱਟਿਆ ਜਾਂਦਾ ਹੈ। ਕਿਤਾਬਾਂ ਉਸ ਦੇ ਸਾਹਮਣੇ ਪਾੜ ਕੇ ਸੁੱਟੀਆਂ ਜਾਂਦੀਆਂ ਹਨ। ਕੰਧਾਂ ਉੱਤੇ ਲੱਗੇ ਪੋਸਟਰ ਪਾੜ ਕੇ ਪੈਰਾਂ ਥੱਲੇ ਮਧੋਲੇ ਜਾਂਦੇ ਹਨ। ਖ਼ੂਨ ਅਤੇ ਪਸੀਨੇ ਵਿੱਚ ਲੱਥਪੱਥ ਕੁੜੀ ਦੇ ਕਮਰੇ ਦਾ ਦਰਵਾਜ਼ਾ ਬਾਹਰੋਂ ਬੰਦ ਕਰਨ ਮੌਕੇ ਐਲਾਨ ਕੀਤਾ ਜਾਂਦਾ ਹੈ, "ਤੇਰੇ ਸਿਰ ਵਿੱਚੋਂ ਭਗਤ ਸਿੰਘ ਕੱਢਣੈਂ।"

ਆਸਟਰੀਅਨ ਫ਼ਿਲਮ 'ਟੂ ਹਾਵਜ਼' ਦਾ ਇੱਕ ਦ੍ਰਿਸ਼ ਪੰਜਾਬੀ ਪਿਓ ਦੇ ਇਸ ਐਲਾਨ ਨੂੰ ਸਮੇਂ-ਸਥਾਨ ਦੀਆਂ ਹੱਦਾਂ ਤੋਂ ਪਾਰ ਕਰ ਦਿੰਦਾ ਹੈ। ਜੰਗੀ ਕੈਦੀਆਂ ਤੋਂ ਮੁਸ਼ੱਕਤੀ ਛਾਉਣੀਆਂ ਵਿੱਚ ਖੰਦਕਾਂ ਪੁੱਟਣ ਅਤੇ ਮੋਰਚੇ ਬਣਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ। ਮੁਸ਼ੱਕਤੀ ਕੈਦੀਆਂ ਦੇ ਪਿੰਡੇ ਉੱਤੇ ਤਸ਼ੱਦਦ ਦੇ ਨੀਲਾਂ ਅਤੇ ਪੱਟੀਆਂ ਤੋਂ ਸੱਖਣੀ ਥਾਂ ਲੱਭਣੀ ਮੁਸ਼ਕਲ ਹੈ। ਇਸੇ ਦੌਰਾਨ ਕੈਮਰਾ ਬਦ ਤੋਂ ਬਦਤਰ ਵੱਲ ਜਾਂਦਾ ਹੈ। ਇੱਕ ਬੰਦੇ ਨੂੰ ਦਰਖ਼ਤ ਨਾਲ ਉਲਟਾ ਟੰਗਿਆ ਹੋਇਆ ਹੈ। ਤਸ਼ੱਦਦ ਮਾਹਰ ਐਲਾਨ ਕਰਦਾ ਹੈ, "ਇਸ ਦੇ ਸਿਰ ਵਿੱਚੋਂ ਕਮਿਊਨਿਜ਼ਮ ਕੱਢਣੈਂ।" ਪੰਜਾਬੀ ਪਿਓ ਦਾ ਹਿਟਲਰ ਦੇ ਪਿਆਦਿਆਂ ਨਾਲ ਕੀ ਰਿਸ਼ਤਾ ਹੈ?

ਪੰਜਾਬ ਵਿੱਚ ਤਕਰੀਬਨ ਹਰ ਜੀਅ ਦੇ ਕੰਨੀਂ ਇਹ ਐਲਾਨ ਗੁਰਦੁਆਰਿਆਂ ਵਿੱਚ ਹੁੰਦੀ ਅਰਦਾਸ ਰਾਹੀਂ ਪੈਂਦਾ ਹੈ। ਅਰਦਾਸ ਵਿੱਚ ਚਰਖੜੀਆਂ ਉੱਤੇ ਚੜ੍ਹਨ ਅਤੇ ਬੰਦ-ਬੰਦ ਕਟਵਾ ਕੇ ਅਕੀਦਾ ਨਿਭਾਉਣ ਦੀ ਰਵਾਇਤ ਨੂੰ ਸਿਰ ਨਿਵਾਇਆ ਜਾਂਦਾ ਹੈ। ਇਹੋ ਅਰਦਾਸ ਕੱਚੇ, ਕਾਗ਼ਜ਼ੀ, ਵੱਟੇ ਅਤੇ ਮੁੱਲ ਦੇ ਵਿਆਹਾਂ ਉੱਤੇ ਵੀ ਹੁੰਦੀ ਹੈ। ਕੋਈ ਵਿਰਲੀ ਆਪਣੇ ਅਕੀਦਿਆਂ ਨੂੰ ਰਸਮੀ ਯਾਦ ਕਰਨ ਦੀ ਥਾਂ ਨਿਭਾਉਣ ਦਾ ਫ਼ੈਸਲਾ ਕਰ ਸਕਦੀ ਹੈ। ਆਪਣੇ ਘਰ ਵਿੱਚ ਕੈਦ ਕੁੜੀ ਆਪਣੀਆਂ ਕਿਤਾਬਾਂ ਦੇ ਪੰਨੇ ਜੋੜ ਕੇ ਪੜ੍ਹ ਵੀ ਸਕਦੀ ਹੈ। ਫਟੀਆਂ ਤਸਵੀਰਾਂ ਦਾ ਅਕਸ ਕਿਸੇ ਦੇ ਦਿਲ ਵਿੱਚ ਜੁੜਿਆ ਵੀ ਰਹਿ ਸਕਦਾ ਹੈ।

ਉਪਰਲੀ ਕਹਾਣੀ ਸਾਡੇ ਸਮਿਆਂ ਦੀ ਨੁਮਾਇੰਦਗੀ ਕਰਨ ਲਈ ਸੁਣਾਈ ਜਾ ਸਕਦੀ ਹੈ। ਇਹ ਸੁਆਲ ਤਾਂ ਆਵੇਗਾ ਕਿ ਉਸ ਕੁੜੀ ਉਰਫ਼ ਇਨਕਲਾਬ ਕੌਰ ਦਾ ਕੀ ਬਣਿਆ? ਉਹ ਇਸ ਵੇਲੇ ਇਰਾਦਾ ਕਤਲ ਦੇ ਇਲਜ਼ਾਮ ਹੇਠ ਫ਼ਰੀਦਕੋਟ ਜੇਲ੍ਹ ਵਿੱਚ ਬੰਦ ਹੈ। ਇਰਾਦਾ ਕਤਲ ਦਾ ਮਸਲਾ ਸਿਰਫ਼ ਕਾਨੂੰਨ ਦੀ ਧਾਰਾ 307 ਨਹੀਂ ਹੈ। ਇਹ ਸਮਾਜ ਦੀ ਸਮਝ ਅਤੇ ਸਮਾਜਿਕ ਸੋਚ ਨਾਲ ਜੁੜਿਆ ਹੋਇਆ ਹੈ। ਪੰਜਾਬੀਆਂ ਲਈ ਜਿਉਣਾ ਵਿਦੇਸ਼ ਜਾਣ ਅਤੇ ਮਰਨਾ ਪੰਜਾਬ ਵਿੱਚ ਰਹਿਣ ਨਾਲ ਜੁੜਿਆ ਜਾਪਦਾ ਹੈ। ਇਨ੍ਹਾਂ ਹਾਲਾਤ ਵਿੱਚ ਇਨਕਲਾਬ ਕੌਰ ਨੇ 'ਜ਼ਿੰਦਗੀ' ਨੂੰ ਧੱਕਾ ਮਾਰਿਆ ਹੈ। 'ਖ਼ੁਦਕੁਸ਼ੀ ਕਰਨ' ਦਾ ਨਾਕਾਮਯਾਬ ਉਪਰਾਲਾ ਇਰਾਦਾ ਕਤਲ ਹੀ ਤਾਂ ਹੁੰਦਾ ਹੈ। ਕੁਝ ਦਿਨ ਪਹਿਲਾਂ ਤੱਕ ਖ਼ੁਦਕੁਸ਼ੀ ਦੇ ਨਾਕਾਮਯਾਬ ਉਪਰਾਲੇ ਖ਼ਿਲਾਫ਼ ਧਾਰਾ 309 ਤਹਿਤ ਕਾਰਵਾਈ ਕੀਤੀ ਜਾਂਦੀ ਸੀ। ਮਾਮਲਾ ਤਾਂ ਉਹੋ ਹੈ ਪਰ ਕਾਨੂੰਨ ਆਪਣੀ ਕਾਰਵਾਈ ਵੱਖਰੀ ਧਾਰਾ ਹੇਠ ਕਰਦਾ ਹੈ। ਜੇ ਪੰਜਾਬ ਵਿੱਚ ਕੋਈ ਕਿਸੇ ਨੂੰ ਵਿਦੇਸ਼ ਜਾਣ ਤੋਂ ਰੋਕਦਾ ਹੈ ਤਾਂ ਇਸ ਨੂੰ 'ਸਵਰਗ' ਦੀ ਥਾਂ 'ਨਰਕ' ਵਿੱਚ ਧੱਕਣ ਦਾ ਜੁਰਮ ਮੰਨਿਆ ਜਾ ਸਕਦਾ ਹੈ। 'ਨਰਕ' ਤਾਂ ਮੌਤ ਸਮਾਨ ਹੈ। ਇਸ ਲਈ 'ਨਰਕ' ਵਿੱਚ ਰੱਖਣ ਦਾ ਸੁਆਲ 'ਇਰਾਦਾ ਕਤਲ' ਹੀ ਤਾਂ ਬਣਦਾ ਹੈ। ਜਦੋਂ ਨਿਜ਼ਾਮ ਬੰਦੇ ਨੂੰ ਸੀਲ ਸ਼ਹਿਰੀ ਬਣਾਉਣ ਦੇ ਕਾਰਖ਼ਾਨੇ ਚਲਾ ਰਿਹਾ ਹੋਵੇ ਤਾਂ ਇਨਕਲਾਬ ਕੌਰ ਹੋਣ ਦਾ ਮਤਲਬ 'ਦੇਸ਼ ਧਰੋਹ' ਹੀ ਤਾਂ ਹੈ। ਸਮਾਜਿਕ ਨਿਜ਼ਾਮ ਤੋਂ ਬਾਅਦ ਸਿਆਸੀ ਨਿਜ਼ਾਮ ਉੱਤੇ ਸੁਆਲ ਕਰਨਾ ਘੱਟੋ-ਘੱਟ ਇਰਾਦਾ ਕਤਲ ਤਾਂ ਬਣਦਾ ਹੀ ਹੈ। ਜੇ ਮੁੰਡੇ ਦੀ ਉਡੀਕ ਵਿੱਚ ਪੈਦਾ ਹੋਈ ਕੁੜੀ ਇਨਕਲਾਬ ਕਰਨ ਲਈ ਵਿਦੇਸ਼ ਜਾਣ ਤੋਂ ਇਨਕਾਰ ਕਰੇਗੀ ਤਾਂ ਇਸ ਨਾਲ ਨਿਜ਼ਾਮ ਦੀ ਹਰ ਚੂਲ ਹਿੱਲਦੀ ਹੈ। ਵਿਦੇਸ਼ ਭੇਜਣ ਲਈ ਇੱਕ-ਜੁੱਟ ਸਮਾਜਿਕ, ਸਿਆਸੀ ਅਤੇ ਮਜ਼ਹਬੀ ਨਿਜ਼ਾਮ ਇਨਕਲਾਬ ਕੌਰ ਦੇ ਖ਼ਤਰੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਸੇ ਲਈ ਉਹ ਜੇਲ੍ਹ ਵਿੱਚ ਬੰਦ ਹੈ। ਸਮਾਜਿਕ ਸੋਚ ਮੁਤਾਬਕ ਜੋ



ਕਾਰਵਾਈ ਧਾਰਾ 309 ਤਹਿਤ ਹੋਣੀ ਚਾਹੀਦੀ ਸੀ ਉਹ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਧਾਰਾ 307 ਤਹਿਤ ਕੀਤੀ ਜਾ ਰਹੀ ਹੈ।

ਮਾਪਿਆਂ ਨੇ ਕੁੜੀ ਦਾ ਨਾਮ ਇਨਕਲਾਬ ਕੌਰ ਨਹੀਂ ਰੱਖਿਆ। ਉਸ ਦਾ ਨਾਮ ਹਰਦੀਪ ਕੌਰ ਰੱਖਿਆ ਗਿਆ ਸੀ। ਕਮਰੇ ਵਿੱਚ ਬੰਦ ਕੀਤੀ ਹਰਦੀਪ ਕੌਰ ਉਰਫ਼ ਇਨਕਲਾਬ ਕੌਰ ਦਾ ਮਾਪਿਆਂ ਨੇ ਪੂਰਾ ਧਿਆਨ ਰੱਖਿਆ ਸੀ। ਉਸ ਨੂੰ ਵੇਲੇ ਸਿਰ ਰੋਟੀ-ਪਾਣੀ ਦਿੱਤਾ ਜਾਂਦਾ ਸੀ ਅਤੇ ਕੁਝ ਦਿਨ ਬਾਅਦ ਕਮਰੇ ਤੋਂ ਬਾਹਰ ਜਾਣ ਲਈ ਸਮਾਂ ਦਿੱਤਾ ਜਾਂਦਾ ਸੀ। ਜਦੋਂ ਮਾਪਿਆਂ ਦਾ 'ਭਰੋਸਾ ਬਹਾਲ' ਹੋ ਗਿਆ ਤਾਂ ਇਨਕਲਾਬ ਕੌਰ ਨੂੰ ਮੌਕਾ ਮਿਲ ਗਿਆ। ਘਰੋਂ ਭੱਜੀ ਇਨਕਲਾਬ ਕੌਰ ਦੇ ਸਾਰੇ ਦਸਤਾਵੇਜ ਕੁਝ ਦਿਨਾਂ ਬਾਅਦ ਉਸ ਤੱਕ ਪਹੁੰਚਾ ਦਿੱਤੇ ਗਏ। ਸੁਨੇਹਾ ਸਾਫ਼ ਸੀ ਕਿ 'ਸਾਡੀ ਰਜ਼ਾ ਤੋਂ ਬਾਹਰ ਆਪਣਾ ਕੋਈ ਰਿਸ਼ਤਾ ਨਹੀਂ।' ਇਹ ਸਮਾਜਿਕ ਨਿਜ਼ਾਮ ਦਾ ਐਲਾਨ ਹੈ ਜੋ ਸ਼ਰਤਾਂ ਉੱਤੇ 'ਲਾਡ-ਪਿਆਰ' ਅਤੇ 'ਮੁੰਡਿਆਂ ਵਾਂਗ ਕੀਤੀ ਪਰਵਰਿਸ਼' ਦਾ ਅਹਿਸਾਨ ਜਤਾਉਣਾ ਕਦੇ ਨਹੀਂ ਭੁੱਲਦਾ।

ਹਰਦੀਪ ਕੌਰ ਦੱਸਦੀ ਹੈ ਕਿ ਘਰ ਦੀ ਕੈਦ ਵਿੱਚ ਉਸ ਨੂੰ ਤਰਕਸ਼ੀਲ ਸਾਹਿਤ ਦਾ ਸਹਾਰਾ ਰਿਹਾ। ਉਸ ਨੇ ਸ਼ਰਧਾ ਦੇ ਘੇਰੇ ਵਿੱਚੋਂ ਨਿਕਲ ਕੇ ਦਲੀਲ ਨਾਲ ਸੁਆਲ ਕਰਨੇ ਸਿੱਖੇ। ਉਸ ਨੇ ਸਮਾਜ ਦੀ ਕਾਣੀ ਵੰਡ ਨੂੰ ਮਿਟਾਉਣਾ ਅਤੇ ਨਾਇਨਸਾਫ਼ੀ ਨੂੰ ਖ਼ਤਮ ਕਰਨਾ ਜ਼ਿੰਦਗੀ ਦਾ ਮਕਸਦ ਬਣਾ ਲਿਆ। ਵਿਦਿਆਰਥੀ ਜਦੋਂ ਸਰਕਾਰੀ ਅਦਾਰਿਆਂ ਵਿੱਚ ਪੜ੍ਹਾਈ ਨੂੰ ਆਪਣੀ ਪਹੁੰਚ ਵਿੱਚ ਲਿਆਉਣ ਦੀਆਂ ਮੰਗਾਂ ਕਰਦੇ ਹਨ ਤਾਂ ਇਨਕਲਾਬ ਕੌਰ ਸਰਗਰਮ ਭੂਮਿਕਾ ਨਿਭਾਉਂਦੀ ਹੈ। ਔਰਤਾਂ ਖ਼ਿਲਾਫ਼ ਗੀਤਾਂ ਅਤੇ ਫ਼ਿਲਮਾਂ ਰਾਹੀਂ ਹੁੰਦੇ ਹਿੰਸਕ ਪ੍ਰਚਾਰ ਦਾ ਵਿਰੋਧ ਕਰਨਾ ਉਸ ਦੀ ਸਿਆਸਤ ਦਾ ਹਿੱਸਾ ਹੈ। ਪਿੰਡਾਂ ਵਿੱਚ ਪੰਚਾਇਤੀ ਜ਼ਮੀਨਾਂ ਉੱਤੇ ਦਲਿਤਾਂ ਦੇ ਹਕੂਕ ਬਹਾਲ ਕਰਨ ਵਾਲੇ ਸੰਘਰਸ਼ਾਂ ਵਿੱਚ ਉਹ ਸ਼ਾਮਿਲ ਹੈ। ਸਮਾਜ ਨੂੰ ਦਰਦਮੰਦੀ ਅਤੇ ਇਨਸਾਫ਼ ਦੀਆਂ ਧਾਰਨਾਵਾਂ ਨਾਲ ਜੋੜਨਾ ਉਸ ਦੀ ਸਿਆਸਤ ਦਾ ਖ਼ਾਸਾ ਹੈ। ਇਸ ਰਾਹ ਉੱਤੇ ਤੁਰਦਿਆਂ ਨਿਜ਼ਾਮ ਦੀਆਂ ਵੱਖ-ਵੱਖ ਪਰਤਾਂ ਨਾਲ ਟਕਰਾ ਹੋਣਾ ਲਾਜ਼ਮੀ ਹੈ। ਜਦੋਂ ਮੋਗੇ ਵਿੱਚ ਓਰਵਿਟ ਬੱਸ ਵਿੱਚੋਂ ਧੱਕਾ ਦੇ ਕੇ ਨਾਬਾਲਗ਼ ਕੁੜੀ ਦਾ ਕਤਲ ਕੀਤਾ ਗਿਆ ਤਾਂ ਇਨਕਲਾਬ ਕੌਰ ਨੂੰ ਉਸ ਦੀ ਹੋਣੀ 'ਰੱਬ ਦਾ ਭਾਣਾ' ਨਹੀਂ ਜਾਪੀ ਸਗੋਂ ਇਹ ਨਿਜ਼ਾਮ ਦੀ ਸਿਆਸੀ ਹਿੰਸਾ ਦੇ ਕਰੂਰ ਪ੍ਰਗਟਾਵੇ ਵਜੋਂ ਸਮਝ ਆਈ। ਇਨਕਲਾਬ ਕੌਰ ਦੇ 'ਘਰ ਵਾਲੇ ਬੰਦੀਖ਼ਾਨੇ' ਤੋਂ ਮੋਗੇ ਵਾਲੇ ਮਕਤਲ ਵਿਚਲਾ ਫ਼ਾਸਲਾ ਤਕਰੀਬਨ ਪੰਦਰਾਂ ਕਿਲੋਮੀਟਰ ਹੈ। ਇਨਕਲਾਬ ਕੌਰ ਇਸ ਫ਼ਾਸਲੇ ਨੂੰ ਚੰਗੀ ਤਰ੍ਹਾਂ ਜਾਣਦੀ ਅਤੇ ਸਮਝਦੀ ਹੈ। ਉਹ ਇਸ ਫ਼ਾਸਲੇ ਦੇ ਚੱਪੇ-ਚੱਪੇ ਤੋਂ ਜਾਣੂੰ ਹੈ। ਉਸ ਨੂੰ ਕਿਤਾਬਾਂ ਪਾੜੇ ਜਾਣ ਵਾਲੇ ਕਮਰੇ ਅਤੇ ਮਕਤਲ ਦਾ ਸਮਾਜ-ਸ਼ਾਸਤਰ ਅਤੇ ਸਿਆਸਤ ਸਮਝ ਆਉਂਦੀ ਹੈ। ਉਸ ਲਈ ਇਨ੍ਹਾਂ ਦੋਵਾਂ ਥਾਵਾਂ ਦੀ ਸਿਆਸਤ ਦੀ ਗੂੜ੍ਹੀ ਸਾਂਝ ਉੱਤੇ ਸੁਆਲ ਕਰਨਾ ਇਨਕਲਾਬ ਵੱਲ ਜਾਂਦਾ ਰਾਹ ਹੈ। ਜਦੋਂ ਉਹ ਕਤਲ ਦੇ ਮੁਲਜ਼ਮਾਂ ਦੇ ਨਾਲ ਬੱਸ ਦੇ ਮਾਲਕਾਂ ਦੀ ਹੈਂਕੜ ਅਤੇ ਸਰਕਾਰੀ ਸਰਪ੍ਰਸਤੀ ਦਾ ਰਿਸ਼ਤਾ ਬੇਪਰਦ ਕਰਦੀ ਹੈ ਤਾਂ ਨਿਜ਼ਾਮ ਆਪਣੇ 'ਫ਼ਾਲਿਆਂ ਤੋਂ ਤਿੱਖੇ ਦੰਦ' ਦਿਖਾਉਂਦਾ ਹੈ। ਇੱਕ ਪਾਸੇ ਮੁਆਵਜ਼ੇ ਅਤੇ ਵਾਅਦਿਆਂ ਦੀ ਸਿਆਸਤ ਹੁੰਦੀ ਹੈ ਅਤੇ ਦੂਜੇ ਪਾਸੇ ਕਾਤਲਾਂ ਦੀ ਸ਼ਨਾਖ਼ਤ ਕਰਨ ਵਾਲਿਆਂ ਨੂੰ ਸਿਆਸੀ ਕਹਿ ਕੇ ਰੱਦ ਕੀਤਾ ਜਾਂਦਾ ਹੈ। ਇਨਕਲਾਬ ਕੌਰ ਤਾਂ ਮੰਨਦੀ ਹੈ ਕਿ ਇਹ ਸਿਆਸੀ ਕਤਲ ਹੈ ਅਤੇ ਇਸ ਉੱਤੇ ਸੁਆਲ ਕਰਨਾ ਸਿਆਸਤ ਹੈ। ਉਸ ਲਈ ਸਿਆਸਤ ਕਰਨ ਦਾ ਮਾਮਲਾ ਜ਼ਿੰਦਗੀ ਨੂੰ ਪਿਆਰ ਕਰਨਾ ਹੈ। ਉਸ ਨੂੰ ਇਹ ਵੀ ਪਤਾ ਹੈ ਕਿ 'ਅਮਰੀਕਾ ਤੋਰਨ ਲਈ ਤਹੂ' ਅਤੇ 'ਮੁਆਵਜ਼ਾ ਲੈਣ ਵਾਲੇ' ਬਾਪੂਆਂ ਵਿੱਚ ਕਿੰਨੀ ਸਾਂਝ ਹੈ। ਇਨ੍ਹਾਂ 'ਬਾਪੂਆਂ' ਦਾ ਪਸਾਰਾ ਸੂਬੇ ਦੇ ਮੁੱਖ ਮੰਤਰੀ ਦੀ ਕੁਰਸੀ ਤੱਕ ਹੈ।

ਜ਼ਿਲ੍ਹਾ ਮੋਗਾ ਦੇ ਪਿੰਡ ਕੋਟਲਾ ਮਿਹਰ ਸਿੰਘ ਤੋਂ ਬੇਦਖ਼ਲ ਕੀਤੀ ਗਈ ਹਰਦੀਪ ਕੌਰ ਨੂੰ ਉਸ ਦੇ ਸਾਥੀਆਂ ਸਮੇਤ ਇਰਾਦਾ ਕਤਲ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਉਸ ਨੂੰ ਇਹ ਵੀ ਸਾਫ਼ ਹੋ ਗਿਆ ਹੋਵੇਗਾ ਕਿ ਘਰ ਦੇ ਬੰਦੀਖ਼ਾਨਿਆਂ, ਮਕਤਲ ਅਤੇ ਜੇਲ੍ਹਾਂ ਦੀ ਆਪਸੀ ਸਾਂਝ ਕਿੰਨੀ ਪੀਡੀ ਹੈ। ਮੌਜੂਦਾ ਮਾਹੌਲ ਵਿੱਚ ਇਨਕਲਾਬ ਕੌਰ ਹੋਣ ਦੇ ਮਾਅਨੇ ਕੀ ਹਨ? ਇਹ ਸੁਆਲ ਸਿਰਫ਼ ਹਰਦੀਪ ਕੌਰ ਲਈ ਅਹਿਮ ਨਹੀਂ ਹੈ। ਇਹ ਪੰਜਾਬੀ ਕੁੜੀ ਵੱਲੋਂ ਮਾਪਿਆਂ ਦੀ ਬੇਗ਼ੈਰਤ 'ਬੰਦਖ਼ਲਾਸੀ' ਦੀ ਥਾਂ ਸਮਾਜ ਦੀ ਵਡੇਰੀ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਹੈ। ਇਹ ਪੰਜਾਬ ਦੀ ਪਛਾਣ ਅਤੇ ਨਿਜ਼ਾਮ ਦੇ ਗ਼ੈਰ-ਮਨੁੱਖੀ ਖ਼ਾਸੇ ਨੂੰ ਸਮਝਣ ਦਾ ਮਸਲਾ ਹੈ। ਜਦੋਂ ਕੋਈ ਆਪਣਿਆਂ ਦੇ ਬੇਗ਼ਾਨੇ ਹੋਣ ਦੇ ਨਾਲ-ਨਾਲ ਤਸ਼ੱਦਦ ਦਾ ਸ਼ਿਕਾਰ ਹੋਣ ਤੋਂ ਬਾਅਦ ਫਟੇ ਕਾਗ਼ਜ਼ਾਂ ਨੂੰ ਜੋੜ ਕੇ ਪੜ੍ਹਦੀ ਹੈ ਤਾਂ ਇਹ ਕਾਗ਼ਜ਼ ਭਗਤ ਸਿੰਘ ਦੀ ਕਿਤਾਬ ਹੋ ਨਿਬੜਦੇ ਹਨ। ਇਹ ਆਖ਼ਰੀ ਮੌਕੇ ਅਧਪੜ੍ਹੀ ਛੱਡੀ ਭਗਤ ਸਿੰਘ ਦੀ ਕਿਤਾਬ ਦਾ ਅਗਲਾ ਵਰਕਾ ਪੜ੍ਹਨਾ ਹੈ। ਜਦੋਂ ਪੰਜਾਬੀ ਸਵਰਗ ਦੀ ਭਾਲ ਵਿੱਚ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹੋਣ ਤਾਂ ਇਨਕਲਾਬ ਕੌਰ ਹੋਣ ਦਾ ਮਤਲਬ ਬੋਤਾ ਸਿੰਘ-ਗਰਜਾ ਸਿੰਘ ਦੀ ਰੀਤ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰਨਾ ਹੈ। ਸਮੇਂ ਦੀਆਂ ਵੱਡੀਆਂ ਤਾਕਤਾਂ ਦੇ ਮੂੰਹਜ਼ੋਰ ਰੁਝਾਨ ਅੱਗੇ ਹਿੱਕ ਢਾਹ ਕੇ ਖੜ੍ਹੋ ਜਾਣਾ ਇਨ੍ਹਾਂ ਦੇ ਹਿੱਸੇ ਆਇਆ ਹੈ। ਬੇਦਖ਼ਲੀ ਤੋਂ ਬਾਅਦ ਆਪਣੇ ਪਿੰਡ ਦਾ ਨਾਮ ਆਪਣੇ ਨਾਮ ਨਾਲ ਜੋੜੀ ਰੱਖਣਾ ਪਿਤਾ-ਪੁਰਖ਼ੀ ਨਿਜ਼ਾਮ ਖ਼ਿਲਾਫ਼ ਨਾਬਰੀ ਹੈ। ਹਰਦੀਪ ਕੌਰ ਤੋਂ ਹਰਦੀਪ ਕੌਰ ਕੋਟਲਾ ਹੋ ਜਾਣਾ ਸਚੇਤ ਫ਼ੈਸਲਾ ਹੀ ਹੋ ਸਕਦਾ ਹੈ। ਹੁਣ ਤੱਕ ਅਹਿਸਾਨਾਂ ਨਾਲ ਕੁੜੀਆਂ ਪਾਲਣ ਵਾਲੇ ਸਮਾਜ ਨੂੰ ਸਿੱਧਾ ਮੁਖ਼ਾਤਬ ਹੋ ਕੇ ਇਹ ਕਹਿਣਾ ਇਨਕਲਾਬ ਕੌਰ ਦੇ ਹਿੱਸੇ ਆਇਆ ਹੈ ਕਿ ਆਪਣੀ ਰਜ਼ਾ ਵਿੱਚ ਮਾਣ-ਸਨਮਾਨ ਨਾਲ ਜਿਉਣਾ ਹਰ ਜੀਅ ਦਾ ਜਮਾਂਦਰੂ ਹੱਕ ਹੈ। ਉਹ ਘਰ ਦੇ ਬੰਦੀਖ਼ਾਨੇ ਵਿੱਚੋਂ ਦਲੀਲਾਂ ਦੀ ਬੋਲੀ ਸਿੱਖ ਕੇ ਤੁਰੀ ਹੈ। ਇਸ ਬੋਲੀ ਦਾ ਹਰ ਬੋਲ ਨਿਜ਼ਾਮ ਦੇ ਮਨੁੱਖ ਨੂੰ ਸੀਲ ਸ਼ਹਿਰੀ ਅਤੇ ਮੰਡੀ ਦੇ ਮਨੁੱਖ ਨੂੰ ਸੀਲ ਖ਼ਪਤਕਾਰ ਬਣਾਉਣ ਦੇ ਖ਼ਾਸੇ ਉੱਤੇ ਸੁਆਲ ਕਰਦਾ ਹੈ। ਇਹ ਸ਼ਰਧਾ ਦਾ ਹਰ ਰਿਸ਼ਤਾ ਰੱਦ ਕਰ ਕੇ 'ਸਰਬਤ ਦੇ ਭਲੇ' ਵਾਲੀ ਅਰਦਾਸ ਸਨਮੁੱਖ ਆਪਣੇ-ਆਪ ਨੂੰ ਸਰਬਤ ਦੇ ਹਿੱਸੇ ਵਜੋਂ ਪਛਾਨਣ ਦਾ ਉਪਰਾਲਾ ਹੈ।

ਜਦੋਂ ਇਨਕਲਾਬ ਕੌਰ ਨੇ ਅਮਰੀਕਾ ਜਾਣ ਤੋਂ ਇਨਕਾਰ ਕੀਤਾ ਸੀ ਤਾਂ ਇਸ ਦਾ ਮਤਲਬ ਪੰਜਾਬ ਦੀ ਜ਼ਿੰਦਗੀ ਨਾਲ ਇਕਰਾਰ ਕਰਨਾ ਸੀ। ਜਹਾਜ਼ੇ ਚੜ੍ਹਨ ਤੋਂ ਇਨਕਾਰ ਕਰਨ ਦਾ ਮਤਲਬ ਪੰਜਾਬ ਨੂੰ ਜਿਉਣਯੋਗ ਖ਼ਿੱਤਾ ਬਣਾਉਣ ਦਾ ਹੋਕਾ ਵੀ ਹੈ। ਇਹ ਇੱਕ ਪਾਸੇ ਸਵਰਗ ਲੱਭਣ ਲਈ ਪੰਜਾਬ ਤੋਂ ਬਾਹਰ ਜਾਣ ਤੋਂ ਇਨਕਾਰ ਕਰਨਾ ਹੈ ਅਤੇ ਦੂਜੇ ਪਾਸੇ ਪੰਜਾਬ ਨੂੰ 'ਕੈਲੀਫੋਰਨੀਆ' ਬਣਾਉਣ ਦੇ ਵਾਅਦਿਆਂ ਵਾਲੀਆਂ ਆਦਮਖ਼ੋਰ ਸਿਆਸਤ ਨੂੰ ਸਿੱਧਾ ਹੋ ਕੇ ਟੱਕਰਨਾ ਹੈ। ਇਸ ਇਨਕਾਰ ਨਾਲ ਇਹ ਦਾਅਵੇਦਾਰੀ ਮਜ਼ਬੂਤ ਹੁੰਦੀ ਹੈ ਕਿ ਪੰਜਾਬਣਾਂ ਮਰਦਾਂ ਦਾ ਯਰਗਮਾਲ ਨਹੀਂ ਹਨ। ਇਹ ਔਰਤ ਦੇ ਖ਼ੁਦਮੁਖ਼ਤਿਆਰ ਰੁਤਬੇ ਦਾ ਬੁਲੰਦ ਐਲਾਨ ਹੈ।

ਇਹ ਹੋ ਸਕਦਾ ਹੈ ਕਿ ਇਨਕਲਾਬ ਕੌਰ ਦੀ ਧਿਰ ਨੂੰ ਵੱਡੀ ਕਾਮਯਾਬੀ ਹਾਸਲ ਨਾ ਹੋਵੇ ਪਰ ਉਨ੍ਹਾਂ ਨੇ ਪੰਜਾਬ ਵਿੱਚ ਗ਼ੈਰਤ ਦੀ ਫ਼ਸਲ ਬੀਜੀ ਹੈ। ਇਨਕਲਾਬ ਕੌਰ ਨੇ ਘਰ ਦੇ ਬੰਦੀਖ਼ਾਨੇ ਵਿੱਚ ਦਲੀਲ ਅਤੇ ਦਰਦਮੰਦੀ ਦੀ ਰੀਤ ਕਾਇਮ ਰੱਖੀ ਹੈ। ਨਤੀਜੇ ਵਜੋਂ ਉਹ ਇਸ ਰੀਤ ਦੀ ਸਿਆਸਤ ਦੀ ਲਗਾਤਾਰਤਾ ਕਾਇਮ ਰੱਖਣ ਵਾਲੀ ਕੜੀ ਬਣੀ ਹੈ। ਹਕੂਮਤ ਨੇ ਆਪਣੇ ਖ਼ਾਸੇ ਮੁਤਾਬਕ ਉਸ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਹੈ। ਉਹ ਆਪਣੇ ਵਿਦਿਆਰਥੀ ਸਾਥੀਆਂ ਸਮੇਤ ਓਰਬਿਟ ਦੀ ਬੱਸ ਉੱਤੇ ਹਮਲੇ ਤੋਂ ਬਾਅਦ ਇਰਾਦਾ ਕਤਲ ਦੇ ਮਾਮਲੇ ਵਿੱਚ ਫੜੀ ਗਈ ਹੈ। ਇਤਿਹਾਸ ਕਦੇ ਉਸ ਦੇ ਕੰਮਾਂ ਨੂੰ ਮਨੁੱਖ ਦੀ ਗ਼ੈਰਤ ਬਹਾਲ ਰੱਖਣ ਅਤੇ ਪੰਜਾਬ ਨੂੰ ਜ਼ਿੰਦਗੀ ਦਾ ਵਰਦਾਨ ਦੇਣ ਵਾਲੇ ਉਪਰਾਲਿਆਂ ਵਜੋਂ ਦਰਜ ਕਰੇਗਾ। ਇਤਿਹਾਸ ਵਿੱਚ ਇਹ ਦਰਜ ਹੋਵੇਗਾ ਕਿ ਜਦੋਂ 'ਨੰਨ੍ਹੀ ਛਾਂ' ਹੁਕਮਰਾਨ ਧਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਤਾਂ ਇਨਕਲਾਬ ਕੌਰ ਨੇ ਆਪਣੀ ਜ਼ਿੰਦਗੀ ਦਾ ਮਕਸਦ ਇੱਕ ਸ਼ਬਦ ਵਿੱਚ ਬਿਆਨ ਕੀਤਾ ਸੀ। ਇਹ ਪੰਜਾਬ ਨੂੰ ਕੈਲੀਫੋਰਨੀਆ ਜਾਣ ਅਤੇ ਬਣਨ ਤੋਂ ਰੋਕ ਕੇ ਇਸ ਨੂੰ ਪ੍ਰੋ. ਪੂਰਨ ਸਿੰਘ, ਫ਼ਿਰੋਜ਼ਦੀਨ ਸ਼ਰਫ਼ ਅਤੇ ਧਨੀਰਾਮ ਚਾਤਰਿਕ ਦੀਆਂ ਕਵਿਤਾਵਾਂ ਵਰਗੀ ਬੇਪਰਵਾਹੀ ਨਾਲ ਨਿਵਾਜਣ ਦਾ ਕਰਾਰ ਹੈ। ਪੰਜਾਬੀਆਂ ਦੇ ਇਸ ਨਾਬਰ ਖ਼ਾਸੇ ਦਾ ਐਲਾਨ ਕਬੀਰ ਨੇ ਕੀਤਾ ਹੈ, "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" ਜੇ ਹੁਕਮਰਾਨ ਨੂੰ ਕਬੀਰ ਦੇ ਇਨ੍ਹਾਂ ਬੋਲਾਂ ਵਿੱਚ ਇਰਾਦਾ ਕਤਲ ਦਿਖਾਈ ਦਿੰਦਾ ਹੈ ਤਾਂ ਉਹ ਆਪਣੀ ਰੀਤ ਦੇ ਸੱਚੇ ਪੈਰੋਕਾਰ ਹਨ। ਪ੍ਰੋ. ਪੂਰਨ ਸਿੰਘ ਨੇ ਸ਼ਾਇਦ ਇਨਕਲਾਬ ਕੌਰ ਅਤੇ ਉਸ ਦੇ ਸਾਥੀਆਂ ਬਾਰੇ ਹੀ ਲਿਖਿਆ ਸੀ, "ਆ ਵੀਰਾ ਰਾਂਝਿਆ! ਆ ਭੈਣੇ ਹੀਰੇ! ਸਾਨੂੰ ਛੋੜ ਨਾ ਜਾਓ, ਤੁਸਾਂ ਬਿਨ ਅਸੀਂ ਸੱਖਣੇ।"



# ਹਰ ਜੂੰਨੀ ਦੇ ਅੱਖਾਂ, ਮੂੰਹ ਅਤੇ ਨੱਕ ਦਾ ਵਿਕਾਸ ਸਾਹਮਣੇ ਪਾਸੇ ਹੀ ਕਿਉਂ ?

## ਸੰਖੇਪ ਕਹਾਣੀ-ਮੇਰੀ ਭਵਿੱਖ ਵਿੱਚ ਆ ਰਹੀ ਕਿਤਾਬ," ਵਿਗਿਆਨਕ ਗਿਆਨ ਹੀ ਪਵਿੱਤਰ ਗਿਆਨ" ਵਿੱਚੋਂ

ਇਹ ਧਰਤੀ ਤਕਰੀਬਨ 4.600 billion ਸਾਲ ਪਹਿਲਾਂ ਹੋਂਦ ਵਿੱਚ ਆਈ ਦੱਸੀ ਜਾਂਦੀ ਹੈ। ਸਾਡਾ ਸੂਰਜ ਕੋਈ ੫ ਬਿਲੀਅਨ ਸਾਲ ਪਹਿਲਾਂ ਹੋਂਦ ਵਿੱਚ ਆਇਆ ਮੰਨਿਆਂ ਜਾਂਦਾ ਹੈ। ਧਰਤੀ ਗੈਸਾਂ ਦਾ ਤੱਤਾ ਗੋਲਾ ਹੌਲੀ-ਹੌਲੀ ਬਾਹਰੋ ਠੰਡਾ ਹੋਇਆ। ਬਹੁਤ ਉਥਲ ਪੁਥਲ ਹੋਈ ਗੈਸਾਂ ਦੀ ਪ੍ਰਤੀਸ਼ਤ ਵਧੀ ਘੱਟੀ। ਆਖੀਰ ਨੂੰ ਪਾਣੀ ਦੀ ਬਹੁਤਾਤ ਹੋਂਦ ਵਿੱਚ ਆਉਣ ਲੱਗੀ। ਪਾਣੀ ਬਹੁਤਾਤ ਵਿੱਚ ਹੋਣ ਕਰਕੇ ਪ੍ਰਸਥਿਤੀਆਂ ਤਬਦੀਲ ਹੁੰਦੀਆਂ ਗਈਆਂ। Amino ਅਤੇ DNA ਤੇਜਾਬ ਪੈਦਾ ਹੋਏ। ਕੋਈ 570 ਮਿਲੀਅਨ ਸਾਲ ਪਹਿਲਾਂ ਸਮੁੰਦਰ ਵਿੱਚ ਜਿਥੇ ਜੀਵਨ ਪੈਦਾ ਹੋਣ ਲਈ ਪਾਣੀ, ਹਵਾ, ਗਰਮੀ ਅਤੇ ਅਨੁਕੂਲ ਮਾਦਾ ਸਥਿਤ ਸੀ। ਉੱਲੀ (Fermentation) ਦੇ ਰੂਪ ਵਿੱਚ Microbes ਜੀਵਨ ਪੈਦਾ ਹੋਇਆ। ਜਿਸ ਤੋ ਅੱਗੇ Multi cell bectiria ਪੈਦਾ ਹੋਏ। ਪੌਦੇ ਅਤੇ ਸਮੁੰਦਰੀ ਜੀਵ ਇੱਕ ਦੂਜੇ ਦੇ ਸਕੇ ਭਰਾ ਹੀ ਵੱਖਰੇ ਵੱਖਰੇ ਸੁਭਾਅ ਅਤੇ ਢੰਗ ਨਾਲ ਅੱਗੇ ਵਿਕਾਸ ਹੋਏ ਹਨ। ਇਹ Microbes ਸਿਰਫ ਅਜੇ ਨਰਮ ਮਾਸ ਹੀ ਸਨ। Multi cell bectiria ਵਿੱਚ ਹੱਡੀ ਦਾ ਅਜੇ ਵਿਕਾਸ ਨਹੀਂ ਸੀ ਹੋਇਆ।

ਪਹਿਲਾਂ ਪਹਿਲ ਬੈਕਟੀਰੀਆ ਦੀ ਸਾਰਾ ਸਰੀਰ ਹੀ ਫੂਡ ਖਾਂਦਾ ਸੀ। ਜਦੋਂ ਸਥਿਰ ਸਥਾਨ ਤੋਂ ਫੂਡ ਮੁੱਕ ਜਾਂਦਾ ਤਾਂ ਬੈਕਟੀਰੀਏ ਨੂੰ ਜਿਉਂਦਾ ਰਹਿਣ ਲਈ ਅੱਗੇ ਪਿੱਛੇ ਫੂਡ ਦੀ ਭਾਲ ਵਿੱਚ ਖਿਸਕਣਾ ਪੈਂਦਾ। ਜਿਸ ਨਾਲ ਪਾਸਿਆਂ ਦੇ ਮਸਲਾਂ ਨੇ ਵਿਕਾਸ ਅਰੰਭਿਆ। ਜੋ ਕਿ ਬਾਅਦ ਵਿੱਚ ਮੱਛੀ ਦੇ ਪਰਾਂ ਵਾਂਗ ਰੂਪ ਧਾਰ ਗਏ, ਕਿਉਂਕਿ ਬੈਕਟੀਰੀਆ ਜਿਉਂਦੇ ਰਹਿਣ ਲਈ ਹੋਰ ਖੁਰਾਕ ਦੀ ਭਾਲ ਵਿੱਚ ਅੱਗੇ ਨੂੰ ਜਾਂਦਾ ਸੀ ਸੋ ਦੋਵੇਂ ਪਾਸੇ ਦੇ ਮੱਸਲ ਵਿਕਾਸ ਕਰਕੇ ਅੱਗੇ ਤੁਰਨ ਵਿੱਚ ਰੁਜ ਗਏ, ਫੂਡ ਖਾਣਾ ਸਾਹਮਣੇ ਹਿੱਸੇ ਦਾ ਮੁੱਖ ਕੰਮ ਬਣ ਗਿਆ। ਸਰੀਰ ਦੇ ਪਾਸੇ ਜਿਥੇ ਅੱਗੇ ਵੱਧਣ ਨੂੰ ਸਪੈਸਲਾਈਜ ਕਰ ਗਏ, ਉਥੇ ਸਾਹਮਣਾ ਪਾਸਾ ਫੂਡ ਖਾਣ ਨੂੰ ਸਪੈਲਾਈਜ ਕਰਦਾ ਕਰਦਾ ਟੋਏ ਦਾ ਧਾਰਨ ਕਰਨ ਲੱਗਾ। ਜਿਸ ਦੀ ਖੱਡ ਜਿਹੀ ਬਣ ਗਈ ਜੋ ਕਿ ਸਮੇਂ ਦੀ ਢਲਾਣ ਨਾਲ ਇੱਹ ਮੂੰਹ ਦੀ ਸਕਲ ਧਾਰਨ ਕਰ ਗਿਆ। ਹੁਣ ਸੈਲਾਂ ਦੇ ਵਾਧੇ ਕਰਕੇ ਮਿਹਦਾ ਅਤੇ ਪਾਚਣ ਪ੍ਰਨਾਲੀ ਦੇ ਵਿਕਾਸ ਨਾਲ ਬੈਕਟੀਰੀਆ ਦਾ ਸਾਈਜ ਵੀ ਵੱਡਾ ਹੋਣ ਲੱਗਿਆ ਅਤੇ ਮੂੰਹ ਦੀ ਵੱਡੀ ਸ਼ੇਪ ਬਧੀ ਅਤੇ ਖੁਰਾਕ ਨੂੰ ਮੂੰਹ ਵਿੱਚ ਹਲਾਉਣ ਲਈ ਜੀਭ ਦਾ ਵਿਕਾਸ ਹੋਇਆ। ਸਰੀਰ ਦਾ ਸਾਈਜ ਵੀ ਲੰਬੂਤਰਾ ਬਣਨ ਲੱਗਿਆ।

ਇਹ ਛੋਟਾ ਬੈਕਟੀਰੀਆ ਮੱਛੀ ਵਰਗੇ ਜੀਵ ਦੀ ਸ਼ਕਲ ਧਾਰਨ ਕਰਨ ਲੱਗਿਆ। ਕੁਦਰਤ ਦੇ ਵਿੱਚ ਹਰ ਕੋਈ ਵੀ ਚੀਜ਼ ਪੈਦਾ ਹੁੰਦੀ ਹੈ ਤਾਂ ਉਹ ਸਰੀਰ ਦਾ ਦੋਨੋ ਪਾਸੇ ਸਤੁੰਲਨ ਜ਼ਰੂਰ ਰੱਖਦੀ ਹੈ। ਇਹ ਕੁਦਰਤ ਦਾ ਪਹਿਲਾ ਅਸੂਲ ਹੈ। ਨਹੀਂ ਤਾਂ ਉਸ ਵਸਤੂ ਜਾਂ ਜੀਵ ਦੀ ਹੋਂਦ ਰਹਿਣਾ ਸੰਭਵ ਨਹੀਂ ਹੈ। ਜਿਵੇਂ ਕਿ ਧਰਤੀ ਨੇ ਆਪਣਾ ਸਤੁੰਲਨ ਰੱਖਿਆ ਹੋਇਆ ਹੈ ਤੇ ਸੂਰਜ ਨੇ ਆਪਣਾ। ਇਸੇ ਤਰ੍ਹਾਂ ਹੀ ਦਰਖਤ ਆਪਣੇ ਭਾਰ ਦਾ ਸਤੁੰਲਨ ਰੱਖਣ ਲਈ ਜੜ੍ਹਾਂ ਵਿਕਾਸ ਕਰਦਾ ਹੈ ਤੇ ਸਿੱਧੇ ਕੋਨ ਤੇ ਗੁਰੂਤਾ ਖਿੱਚ ਰਾਹੀਂ ਸੰਤੁਲਨ ਵਿੱਚ ਰਹਿੰਦਾ ਹੈ। ਮਨੁੱਖੀ ਸਰੀਰ ਉਪਰ ਹਰ ਅੰਗ ਦਾ ਸਤੁੰਲਨ ਹੈ। ਲੱਤਾਂ, ਬਾਹਾਂ ਦਾ ਸਾਈਜ ਅਤੇ ਭਾਰ ਵਿਚਕਾਰ ਰੀੜ ਦੀ ਹੱਡੀ, ਦੋ ਅੱਖਾਂ, ਦੋ ਕੰਨ ਸਤੁੰਲਨ ਲਈ ਹੀ ਹਨ। ਆਮ ਕਰਕੇ ਹਰ ਇੱਕ ਜੂਨੀ ਦੇ ਸਰੀਰ ਦਾ ਜਿਹੜਾ ਵੀ ਅੰਗ ਵਿਚਕਾਰ ਹੁੰਦਾ ਹੈ ਉਹ ਇੱਕ ਹੀ ਹੁੰਦਾ ਹੈ। ਸਾਹ ਪ੍ਰਨਾਲੀ ਨੂੰ ਵੱਖਰੀ ਆਜਾਦ ਕੰਮ ਕਰਨ ਲਈ ਨੱਕ ਮੂੰਹ 'ਚੋ ਹੀ ਵੱਖਰਾ ਹੋਇਆ।

ਖੁਰਾਕ ਮੁਹਰਿਉ ਖਾਕੇ ਖਾਣਾ ਪ੍ਰਨਾਲੀ, ਜੋ ਤੱਤ ਸਰੀਰ ਨੂੰ ਚਾਹੀਦੇ ਹਨ ਉਹ ਰੱਖ ਕੇ, ਪਿੱਛੇ ਫਾਲਤੂ ਐਕਸਟਰੀਟਾ (ਟੱਟੀ ਪਿਸ਼ਾਬ) ਬਾਹਰ ਕੱਢਣ ਦਾ ਰਾਹ ਪਿੱਛੇ ਹੀ ਪੈਦਾ ਹੋਣਾ ਸੀ। ਮੂੰਹ ਸਦਾ ਹੀ ਅੱਗੇ ਤੇ ਐਕਸਟਰੀਟਾਂ ਰਾਹ ਸਦਾ ਹੀ ਪਿੱਛੇ ਹੁੰਦਾ ਹੈ ਕਿਉਂਕਿ ਮੁਹਰਲੇ ਪਾਸੇ ਖੁਰਾਕ ਖਾਣ ਲਈ ਮੂੰਹ ਸੀ ਅਤੇ ਖੁਰਾਕ ਨੂੰ ਲੱਭਣ ਲਈ ਸੈਂਸਰ ਦਾ ਕੰਮ ਕਰਨ ਲਈ ਮੂੰਹ ਉਪਰ ਦੋ ਸੈਂਸਰ ਦਾ ਕੰਮ ਕਰਨ ਲਈ ਅੰਗਾਂ ਨੇ ਵਿਕਾਸ ਕੀਤਾ ਜੋ ਹੌਲੀ-ਹੌਲੀ ਸੂਖਮ ਅੱਖਾਂ ਦਾ ਰੂਪ ਧਾਰਨ ਕਰ ਗਏ। ਸਰੀਰ ਵਿੱਚ ਸਾਹ ਪ੍ਰਨਾਲੀ ਦਾ ਵਿਕਾਸ ਖੂਨ ਆਕਸੀਡਾਈਜ਼ ਕਰਨ ਲਈ ਜ਼ਰੂਰੀ ਸੀ ਜੋ ਸਾਹਮਣੇ ਨੱਕ ਰੂਪੀ ਗਲੀ ਦਾ ਵਿਕਾਸ ਹੋਇਆ। ਸਮੁੰਦਰਾਂ ਵਿੱਚ ਹੀ ਮੁੱਖ ਤੌਰ ਤੇ ਜੀਵਨ ਦਾ ਪਹਿਲਾ ਵਿਕਾਸ ਹੋਇਆ। ਜੀਵਾਂ ਨੂੰ ਤਰਨ ਲਈ ਪਿੱਛਲੇ ਪਾਸੇ ਦੇ ਮਸਲਾਂ ਦੇ ਵਿਕਾਸ ਨਾਲ ਸਤੁੰਲਨ ਰੱਖਣ ਲਈ ਪਿਛਲੀ ਪੂੰਛ ਦਾ ਵਿਕਾਸ ਨਾਲ ਦੀ ਨਾਲ ਹੁੰਦਾ ਗਿਆ। ਪੂੰਛ ਸਰੀਰ ਨੂੰ ਖਾਸ ਦਿਸਾ ਵੱਲ ਮੋੜਨ ਵਿੱਚ ਸਹਾਈ ਹੁੰਦੀ ਹੈ।

ਸਮੁੰਦਰੀ ਕੰਢਿਆਂ ਉਪਰ ਕੁਝ ਜੀਵ ਥੱਲ ਉਪਰ ਰਹਿਣ ਲੱਗੇ। ਹੌਲੀ-ਹੌਲੀ ਕੁਝ ਤਰ੍ਹਾਂ ਦੇ ਜੀਵਾਂ ਨੇ ਪਾਣੀ ਵਿੱਚ ਰਹਿਣ ਦਾ ਜੀਵਨ ਤਿਆਗ ਕੇ ਥੱਲ ਉਪਰ ਰਹਿਣ ਆਦਤ ਵਿਕਾਸ ਕਰਦੀ ਗਈ। ਪਿਛੋਂ ਕੰਨ ਸਿਰਫ ਥੱਲ ਉਪਰ ਰਹਿਣ ਵਾਲੇ ਜੀਵਾਂ ਦੇ ਹੀ ਵਿਕਾਸ ਹੋਏ। ਕਿਸੇ ਸਮੁੰਦਰੀ ਜੀਵ ਦੇ ਕੰਨ ਨਹੀਂ ਹੁੰਦੇ ਹਨ ਕਿਉਂਕਿ ਸਮੁੰਦਰ ਵਿੱਚ ਇਸ ਸੈਂਸਰੀ ਵਿਕਾਸ ਦੀ ਲੋੜ ਨਹੀਂ ਹੈ। ਸੱਪ ਭਾਵੇਂ ਸਮੁੰਦਰ ਜਾਂ ਥੱਲ ਉਪਰ ਰਹਿੰਦਾ ਹੈ ਉਸ ਨੇ ਕੰਨਾਂ ਦਾ ਵਿਕਾਸ ਨਹੀਂ ਕੀਤਾ।

ਸਾਰੇ ਜੀਵਾਂ ਦੀ ਰੰਗ, ਰੂਪ, ਅਕਾਰ ਅਤੇ ਹਰ ਅੰਗ ਉਸ ਦੇ ਰਹਿਣ ਸਹਿਣ, ਖਾਸ ਖੁਰਾਕ ਅਤੇ ਖਾਸ ਵਾਤਾਵਰਨ ਉਪਰ ਹੀ ਨਿਰਭਰ ਅਤੇ ਨਿਰਧਾਰਤ ਕਰਦੇ ਹਨ। ਜਿਹੜੇ ਅੰਗਾਂ ਦੀ ਵਰਤੋਂ ਘੱਟ ਹੋ ਜਾਂਦੀ ਹੈ ਉਹ ਹੌਲੀ ਹੌਲੀ ਅਲੋਪ ਹੋਣੇ ਸ਼ੁਰੂ ਹੋ ਜਾਦੇ ਹਨ ਜਿਵੇਂ ਕੇ ਮਨੁੱਖ ਦੀ ਪੂੰਛ ਖਤਮ ਹੋਈ ਹੈ।

ਨਵੇਂ ਅੰਗ ਨਵੇ ਵਾਤਾਵਰਨ ਵਿੱਚ ਸਰੀਰ ਦੇ ਕਿਸੇ ਹਿੱਸੇ ਨੂੰ ਪੁਸਤ ਦਰ ਪੁਸਤ ਨਵੇ ਢੰਗ ਨਾਲ ਵਰਤਦੇ ਰਹਿਣ ਨਾਲ ਹੀ ਵਿਕਾਸ ਕਰਦੇ ਰਹਿੰਦੇ ਹਨ, ਇਹ ਪ੍ਰਕਿਰਿਆ ਹਜਾਰਾਂ ਸਾਲ ਚੱਲਣ ਨਾਲ ਅੰਗ ਵਿਕਸਤ ਹੁੰਦੇ ਹਨ। ਇਸੇ ਲੰਬੇ ਸਮੇਂ ਦੀ ਹੌਲੀ ਹੌਲੀ ਤਬਦੀਲੀ ਕਰਕੇ ਇੱਕ ਜੂੰਨੀ ਚੋ ਦੂਜੀ ਜੂਨੀ ਨਿਕਲਦੀ ਹੈ, ਜੋ ਕੇ ਹੱਡੀਆਂ ਦੇ ਰਿਕੌਰਡ ਤੋਂ ਸਿੱਧ ਹੁੰਦੀ ਹੈ।

ਇੰਜ ਮੂੰਹ, ਅੱਖਾਂ, ਨੱਕ ਸਰੀਰ ਦੇ ਸਾਹਮਣੇ ਪਾਸੇ ਵਿਕਾਸ ਹੋਏ।

- ਮਨਜੀਤ ਬੋਪਾਰਾਏ (ਆਸਟਰੇਲੀਆ)

# ਉਂਟਾਰੀਓ ਸੂਬੇ ਵਿਚ ਅਧਿਆਪਕ ਹੜਤਾਲ

(ਸਫ਼ਾ 1 ਦੀ ਬਾਕੀ)

ਤੋਂ ਇਲਾਵਾ 6 ਸਕੂਲ ਅਥਾਰਟੀਆਂ ਹੋਰ ਹਨ ਜਿਹੜੀਆਂ ਹਸਪਤਾਲਾਂ ਨਾਲ ਅਟੈਚਡ ਸਕੂਲਾਂ ਦਾ ਕਾਰਜਭਾਰ ਸੰਭਾਲਦੀਆਂ ਹਨ।

ਸੂਬੇ ਭਰ ਵਿਚ 31 ਅੰਗਰੇਜ਼ੀ ਸਰਕਾਰੀ ਸਕੂਲ ਬੋਰਡ ਹਨ ਅਤੇ 4, ਫਰੈਂਚ ਸਰਕਾਰੀ ਸਕੂਲ ਬੋਰਡ ਹਨ। ਇਸ ਤੋਂ ਬਿਨਾਂ 29 ਅੰਗਰੇਜ਼ੀ ਕੈਥੋਲਿਕ ਸਕੂਲ ਬੋਰਡ ਅਤੇ 8 ਫਰੈਂਚ ਕੈਥੋਲਿਕ ਸਕੂਲ ਬੋਰਡ ਹਨ। ਕੁਲ ਮਿਲਾਕੇ ਇਨ੍ਹਾਂ ਸਾਰੇ ਬੋਰਡਾਂ ਅਧੀਨ 3980 ਐਲੀਮੈਂਟਰੀ ਅਤੇ 917 ਸੈਕੰਡਰੀ ਸਕੂਲ ਹਨ। ਉਂਟਾਰੀਓ ਦੇ ਕੁਲ ਵਿਦਿਅਕ ਸਿਸਟਮ ਵਿਚ ਅਧਿਆਪਕਾਂ ਦੀ ਕੁਲ ਸੰਖਿਆ ਇਕ ਲੱਖ ਚੋਦਾਂ ਹਜ਼ਾਰ ਨੌਂ ਸੌ ਤਰਾਸੀ (1,14,983) ਹੈ। ਇਸ ਵਿਚ 73,674 ਐਲੀਮੈਂਟਰੀ ਅਧਿਆਪਕ ਅਤੇ 41,309 ਸੈਕੰਡਰੀ ਅਧਿਆਪਕ ਹਨ। ਅਧਿਆਪਕਾਂ ਦੀ ਇਸ ਸੰਖਿਆ ਵਿਚ, ਛੁੱਟੀ ਪੂਰਕ ਅਧਿਆਪਕ ਜਾਂ ਥੋੜ੍ਹਾ ਸਮਾਂ ਪੜ੍ਹਾਉਣ ਵਾਲੇ ਅਧਿਆਪਕ, ਕੇਅਰ ਹੋਮ ਅਧਿਆਪਕ ਜਾਂ ਵਿਸ਼ੇਸ਼ ਲੋੜ ਵਾਲੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਵਾਲੇ ਅਧਿਆਪਕ ਸ਼ਾਮਲ ਨਹੀਂ ਹਨ। ਸਕੂਲ ਉਮਰ ਤੋਂ ਪਹਿਲਾਂ ਬੱਚਿਆਂ ਨੂੰ ਸਿੱਖਿਅਤ ਕਰਨ ਵਾਲੇ ਅਧਿਆਪਕ ਵੀ ਅਲੱਗ ਹਨ ਜਿਨ੍ਹਾਂ ਦੀ ਗਿਣਤੀ ਸੂਬੇ ਭਰ ਵਿਚ 6700 ਹੈ। ਸੂਬੇ ਭਰ ਵਿਚ ਮੁੱਖ ਅਧਿਆਪਕਾਂ/ਹੈਡ ਮਾਸਟਰਾਂ/ਪ੍ਰਿੰਸੀਪਲਾਂ ਦੀ ਸੰਖਿਆ 7320 ਹੈ। ਇਨ੍ਹਾਂ ਵਿਚ 5245 ਐਲੀਮੈਂਟਰ ਸਕੂਲਾਂ ਦੇ ਮੁੱਖ ਅਧਿਆਪਕ ਅਤੇ 2076 ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਹਨ।

ਉਂਟਾਰੀਓ 'ਚ ਵਿਦਿਅਕ ਢਾਂਚੇ ਵਿਚ ਵਿਦਿਆਰਥੀਆਂ ਦੀ ਕੁੱਲ ਸੰਖਿਆ 20,15,411 ਹੈ। ਇਸ ਸੰਖਿਆ ਵਿਚ ਐਲੀਮੈਂਟਰੀ ਜੂਨੀਅਰ ਕੇ. ਜੀ., ਕੇ. ਜੀ. ਅਤੇ ਗਰੇਡ 1 ਤੋਂ 8 ਤੱਕ 13,52,965 ਸ਼ਿਸ਼ੂ ਹਨ। 12,76,650 ਅੰਗਰੇਜ਼ੀ ਸਕੂਲਾਂ ਵਿਚ ਅਤੇ 76,315 ਫਰੈਂਚ ਸਕੂਲਾਂ ਦੇ ਸ਼ਿਸ਼ੂ ਹਨ। ਇਸੇ ਤਰ੍ਹਾਂ ਸੈਕੰਡਰੀ ਸੈਕਸ਼ਨ ਦੇ 9-12 ਗਰੇਡ ਦੇ ਕੁਲ ਵਿਦਿਆਰਥੀ 6,62,446 ਹਨ; ਜਿਨ੍ਹਾਂ ਵਿਚ 6,38,220 ਅੰਗਰੇਜ਼ੀ ਸਕੂਲਾਂ ਦੇ ਅਤੇ 24,226 ਫਰੈਂਚ ਸਕੂਲਾਂ ਦੇ ਵਿਦਿਆਰਥੀ ਹਨ। ਵਿਦਿਆਰਥੀਆਂ ਦੀ ਇਸ ਗਿਣਤੀ ਤੋਂ ਬਿਨਾਂ ਪ੍ਰਾਈਵੇਟ ਸਕੂਲਾਂ, ਹਸਪਤਾਲਾਂ ਵਿਚਲੇ ਸਕੂਲਾਂ, ਵਿਸ਼ੇਸ਼ ਲੋੜਾਂ ਵਾਲੇ ਸਕੂਲਾਂ, ਸੁਧਾਰ ਘਰ ਸਕੂਲਾਂ ਜਾਂ ਸਮਰ ਸਕੂਲ, ਰਾਤ ਸਮੇਂ ਦੇ ਸਕੂਲ ਜਾਂ ਪੜ੍ਹਾਈ ਪੂਰੀ ਕਰਨ ਹਿੱਤ ਚਲਦੇ ਪਾਰਟੀ ਟਾਈਮ ਸਕੂਲਾਂ ਦੇ ਸਿਖਾਂਦਰੂ ਅਲੱਗ ਹਨ। ਇਹ ਅੰਕੜੇ ਦਸੰਬਰ 2014 ਸਬੰਧੀ ਹਨ ਜੋ ਸੂਬਾ ਪੱਧਰ ਤੇ ਵਿਦਿਆ ਵਿਭਾਗ ਵਲੋਂ ਹਰ ਸਾਲ ਇਕੱਠੇ ਕੀਤੇ ਜਾਂਦੇ ਹਨ।

**ਅਜੋਕੀ ਅਧਿਆਪਕ ਹੜਤਾਲ ਦੇ ਕਾਰਕ ਅਤੇ ਕਾਰਨ**

ਸੂਬੇ ਦੀ ਲਿਬਰਲ ਪਾਰਟੀ ਦੀ ਸਰਕਾਰ ਅਜਿਹੇ ਰਾਜਤੰਤਰ ਦਾ ਹਿੱਸਾ ਹੈ ਜਿਸ ਵਿਚ ਸਰਕਾਰਾਂ ਆਮ ਜਨ ਸਮੂਹਾਂ ਦੀਆਂ ਹਿਤੈਸ਼ੀ ਹੋਣ ਦੀ ਬਜਾਏ ਸਮਾਜ ਦੇ ਖਾਸ ਵਰਗਾਂ ਦੇ ਹਿੱਤਾਂ ਨੂੰ ਪੂਰਨ ਲਈ ਹੀ ਕੰਮ ਕਰਦੀਆਂ ਹਨ। ਇਸ ਸਰਕਾਰ ਨੇ ਵੀ ਰਾਸ਼ਟਰੀ-ਬਚਤ ਕਰੋ, ਦੀ ਨੀਤੀ ਤਹਿਤ ਵਿਦਿਅਕ ਖੇਤਰ ਵਿਚ ਖਰਚ ਕੀਤੇ ਜਾਂਦੇ ਬਜਟ ਨੂੰ 31 ਮਾਰਚ 2016 ਤੱਕ 25.6 ਬਿਲੀਅਨ ਡਾਲਰ ਤੱਕ ਸੀਮਤ ਕਰਨ ਦਾ ਟੀਚਾ ਮਿੱਥ ਰੱਖਿਆ। ਇਸ ਸੀਮਤ ਟੀਚੇ ਨੂੰ ਪੂਰਾ ਕਰਨ ਵਾਸਤੇ ਪਹਿਲਾਂ ਬਿਲ ਸੀ-115 ਲਿਆ ਕੇ ਅਧਿਆਪਕ ਵਰਗ ਦੇ ਆਰਥਿਕ ਹਿੱਤਾਂ 'ਤੇ ਸੱਟ ਮਾਰੀ ਗਈ ਹੈ। ਅਧਿਆਪਕ ਦੀ ਤਨਖਾਹ ਫਰੀਜ਼ ਕਰਨ ਦਾ ਇਸ ਵਿਚ ਤੱਤ ਜੋੜਿਆ ਗਿਆ ਹੈ। ਤਨਖਾਹ ਗਰਿੱਡ ਜਿਹੜਾ ਪਹਿਲਾਂ ਅਧਿਆਪਕਾਂ ਨੂੰ ਹਰ ਬਾਰਾਂ ਮਹੀਨਿਆਂ ਬਾਅਦ ਮਿਲਦਾ ਸੀ ਉਸ ਨੂੰ ਹੁਣ ਵਧਾ ਕੇ 18 ਮਹੀਨਿਆਂ ਬਾਅਦ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਹੀ ਜਮਾਂ ਹੋਈ ਬਿਮਾਰੀ ਦੀ ਛੁੱਟੀ ਦੀ ਸਹੂਲਤ ਜਿਸ ਨੂੰ ਪਹਿਲਾਂ ਅਧਿਆਪਕ ਕੈਸ਼ ਕਰਵਾ ਸਕਦਾ ਸੀ, ਨੂੰ ਵੀ 12 ਸਾਲ ਤੋਂ ਘੱਟ ਕਰ ਦਿੱਤਾ ਗਿਆ ਹੈ। ਅਧਿਆਪਕਾਂ ਨੂੰ ਆਪਣੀ ਯੋਗਤਾ ਨੂੰ ਨਵਿਆਉਂਦੇ ਰਹਿਣ ਅਤੇ ਨਵੀਨਤਮ ਜਾਣਕਾਰੀ/ਖੋਜ ਕਰਨ ਦੀਆਂ ਬੁਨਿਆਦੀ ਲੋੜਾਂ ਨੂੰ ਬਜਟ ਵਿਚ ਸੀਮਤ ਕਰ ਦਿੱਤਾ ਗਿਆ ਹੈ।

ਬਜਟ ਦਾ ਕਸਾਰਾ ਸਿਰਫ਼ ਅਧਿਆਪਕਾਂ ਵਾਸਤੇ ਹੀ ਨਹੀਂ ਸਗੋਂ ਇਸ ਵਿਦਿਅਕ ਦੇ ਮੰਦਰਾਂ ਭਾਵ ਸਕੂਲਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਸਕੂਲਾਂ ਵਿਚ ਵਿਦਿਆਰਥੀਆਂ ਲਈ ਮੁਢਲੀਆਂ ਸਹੂਲਤਾਂ ਵਿਦਿਆਰਥੀ ਅਧਿਆਪਕ ਅਨੁਪਾਤ; ਵਿਦਿਆਰਥੀਆਂ ਵਾਸਤੇ ਕੋ-ਕਰੀਕੂਲਰ, ਐਕਟੀਵਿਟੀ, ਵਿਦਿਅਕ ਟੂਰ ਅਤੇ ਹੋਰ ਵਿਸ਼ੇਸ਼ ਹਾਲਤਾਂ ਦੀਆਂ ਸਹੂਲਤਾਂ ਵੀ ਬਜਟ ਦੀ ਮਾਰ ਵਿਚ ਆ ਗਈਆਂ ਹਨ।

**ਅਧਿਆਪਕ ਜਥੇਬੰਦੀਆਂ ਵਲੋਂ ਬਜਟ ਕਸਾਰੇ ਦੇ ਵਿਰੋਧ**

ਇਕ ਅਧਿਆਪਕ ਸਿਰਫ਼ ਤੇ ਸਿਰਫ਼ ਸਕੂਲ ਸਮੇਂ ਦਾ ਹੀ ਮੁਲਾਜ਼ਮ ਨਹੀਂ ਹੁੰਦਾ ਸਗੋਂ ਉਹ ਸਕੂਲ ਸਮੇਂ ਤੋਂ ਬਾਅਦ ਵੀ ਸਕੂਲ/ਵਿਦਿਆਰਥੀਆਂ ਦੇ ਕੰਮਾਂ ਵਿਚ ਰੁਝਿਆ ਰਹਿੰਦਾ ਹੈ। ਹਰ ਵਿਦਿਆਰਥੀ ਦੇ ਕੰਮ ਦਾ ਮੁੱਲ ਅੰਕਣ, ਲੇਖਾ ਜੋਖਾ ਉਸਦੇ ਘਰੇਲੂ ਸਮੇਂ ਵਿਚ ਹੀ ਅਧਿਆਪਕ ਨੇ ਅਗਲੇ ਦਿਨ ਦੇ ਪਾਠ, ਪਾਠਨ ਸਬੰਧੀ ਤਿਆਰੀ ਕਰਨੀ ਹੁੰਦੀ ਹੈ। ਹਰ ਬੱਚੇ ਦੀ ਵਿਸ਼ੇਸ਼ ਲੋੜ ਦਾ ਖਿਆਲ ਉਸਨੇ ਕਰਨਾ ਹੁੰਦਾ ਹੈ। ਇਨ੍ਹਾਂ ਕੰਮਾਂ ਵਾਸਤੇ ਬਹੁਤ ਵਾਰ ਅਧਿਆਪਕ ਆਪਣੇ ਕੋਲੋਂ ਵੀ ਖਰਚ ਕਰਦੇ ਹਨ।

ਇਸ ਵਾਸਤੇ ਸਰਕਾਰ ਵਲੋਂ ਅਜਿਹਾ ਪ੍ਰਚਾਰ ਕਰਨਾ ਕਿ ਉਂਟਾਰੀਓ ਦਾ ਅਧਿਆਪਕ ਵੱਡੀਆਂ ਤਨਖਾਹਾਂ ਲੈਂਦਾ ਹੈ। ਨਿਰੀ ਛੋਛੇਬਾਜ਼ੀ ਹੈ। ਇਸ ਭੰਡੀ ਪ੍ਰਚਾਰ ਵਿਚ ਦੇਸ ਅਤੇ ਸੂਬੇ ਦਾ ਮੀਡੀਆ, ਚਾਹੇ ਟਰਾਂਟੋ ਸਟਾਰ ਜਾਂ ਗਲੋਬ ਅਤੇ ਮੇਲ ਵਰਗੇ ਅਖ਼ਬਾਰ ਹੋਣ ਜਾਂ ਟੀ. ਵੀ. ਚੈਨਲ ਆਦਿ ਉਹ ਲੋਕਾਂ ਅੱਗੇ ਸਿਰਫ਼ ਤੇ ਸਿਰਫ਼ ਸਰਕਾਰ ਦਾ ਪੱਖ ਹੀ ਪੇਸ਼ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਹਿੱਤ ਸਰਕਾਰ ਨਾਲ ਸਾਂਝੇ ਹੁੰਦੇ ਹਨ। ਫਿਰ ਠੇਕੇਦਾਰੀ ਸਿਸਟਮ ਨੇ ਵੀ ਬਜਟ ਦਾ ਵੱਡਾ ਹਿੱਸਾ ਹਜ਼ਮ ਕਰਨਾ ਹੁੰਦਾ ਹੈ। ਕੀ ਕਿਸੇ ਟੀ. ਵੀ. ਚੈਨਲ ਜਾਂ ਅਖ਼ਬਾਰ ਨੇ ਸੂਬੇ ਦੇ ਲੋਕਾਂ ਨੂੰ ਇਹ ਦੱਸਿਆ ਕਿ ਇਸ ਵਿਦਿਅਕ ਵਰ੍ਹੇ ਵਿਚ ਸਰਕਾਰੀ ਪੱਧਰ 'ਤੇ ਸਕੂਲਾਂ ਨੂੰ ਸਪਲਾਈ ਕਰਨ ਵਾਸਤੇ ਜੋ ਪੈਂਸਿਲ ਸਾਰਪਨਰ ਖਰੀਦੇ ਗਏ ਉਹ ਮਾਰਕਿਟ ਰੇਟ ਤੋਂ ਸੈਂਕੜੇ ਗੁਣਾ ਵੱਧ ਰੇਟ 'ਤੇ ਖਰੀਦੇ ਗਏ? ਇਸ ਦਾ ਜਵਾਬ ਨਹੀਂ ਹੈ? ਕਿਉਂ? ਕਿਉਂਕਿ ਸਪਲਾਇਰ ਸਰਕਾਰੀ ਤੰਤਰ ਦਾ ਹਿੱਸਾ ਹੈ।

ਇਸ ਵਾਸਤੇ ਦੋ ਗੱਲਾਂ ਨੂੰ ਮੁੱਖ ਰੱਖ ਕੇ; ਪਹਿਲੀ ਵਿਦਿਆਰਥੀਆਂ ਦੇ ਹਿੱਤ-ਜੇ ਸਕੂਲ ਬਜਟ ਵਿਚ ਕੱਟ ਲੱਗੇਗੀ ਤਾਂ ਸਿੱਧਾ ਅਸਰ, ਵਿਦਿਆਰਥੀ ਸਹੂਲਤਾਂ ਪ੍ਰਭਾਵਿਤ ਹੋਣਗੀਆਂ ਹੀ ਅਤੇ ਦੂਜਾ ਆਪਣੇ ਨਿੱਜੀ ਹਿੱਤ-ਅਧਿਆਪਕ ਵਰਗ ਦੇ ਆਰਥਿਕ ਹਿੱਤ। ਇਨ੍ਹਾਂ ਕਰਕੇ ਅਧਿਆਪਕ ਵਰਗ ਨੂੰ ਹਾਰ ਹੰਭ ਕੇ ਹੜਤਾਲ ਦਾ ਰਾਹ ਚੁਣਨਾ ਪਿਆ ਹੈ। ਸਾਲ 2012 ਤੋਂ ਉਂਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਅਤੇ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਸਰਕਾਰ ਨਾਲ ਦੁਵੱਲੀ ਗੱਲਬਾਤ ਕਰਕੇ ਮਸਲਾ ਹੱਲ ਕਰਨ ਦਾ ਯਤਨ ਕਰਦੀਆਂ ਰਹੀਆਂ ਹਨ ਜਿਸ ਦਾ ਕੋਈ ਸਾਰਥਿਕ ਸਿੱਟਾ ਨਹੀਂ ਨਿਕਲਿਆ। ਸਰਕਾਰ ਗੱਲਬਾਤ ਰਾਹੀਂ ਕੋਈ ਹੱਲ ਕੱਢਣ ਦਾ ਰਾਹ ਉੱਕਾ ਹੀ ਤਿਆਗ ਚੁੱਕੀ ਲੱਗਦੀ ਹੈ ਅਤੇ ਸਿਰਫ਼ ਕਾਨੂੰਨਸਾਜ਼ੀ ਢੰਗ ਨਾਲ ਹੀ ਨਜਿੱਠਣਾ ਚਾਹੁੰਦੀ ਹੈ। ਇਸੇ ਨੀਤੀ ਤਹਿਤ ਪਹਿਲਾਂ ਬਿਲ ਸੀ-115 ਪਾਸ ਕੀਤਾ ਗਿਆ ਅਤੇ ਅੱਜ ਮਿਤੀ 26.5.2015 ਨੂੰ ਪ੍ਰੋਵੈਨਸ਼ੀਅਲ ਅਸੈਂਬਲੀ ਵਿਚ ਬੈਕ ਟੂ ਵਰਕ ਬਿੱਲ ਪੇਸ਼ ਕਰ ਰਹੀ ਹੈ ਜਿਸ ਅਨੁਸਾਰ ਹੜਤਾਲੀ ਅਧਿਆਪਕਾਂ ਨੂੰ ਮਜਬੂਰ ਕੀਤਾ ਜਾਵੇਗਾ ਕਿ ਉਹ ਸਕੂਲ ਹਾਜ਼ਰ ਹੋਣ ਅਤੇ ਵਿਦਿਆਰਥੀਆਂ ਦੇ ਸਲਾਨਾ ਟੈਸਟ ਮੁਲਾਂਕਣ ਕਰਨ। ਇਹ ਬਿੱਲ ਪਾਸ ਕਰਵਾਉਣ ਵਾਸਤੇ ਲਿਬਰਲ ਸਰਕਾਰ ਵਲੋਂ ਦੂਜੀਆਂ ਪਾਰਟੀਆਂ ਨੂੰ ਸਰਬਸੰਮਤੀ ਨਾਲ ਅੱਜ ਹੀ ਇਹ ਬਿੱਲ ਪੇਸ਼ ਕਰਕੇ ਬਿਨਾਂ ਬਹਿਸ ਤੋਂ ਅੱਜ ਹੀ ਪਾਸ ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਟੋਰੀ ਪਾਰਟੀ ਅਤੇ ਐਨ. ਡੀ. ਪੀ. ਦੀਆਂ ਆਪਣੀਆਂ ਸੀਮਾਵਾਂ ਹਨ। ਜੇ ਉਹ ਬਿੱਲ ਦੀ ਬਿਨਾਂ ਸ਼ਰਤ ਹਮਾਇਤ ਨਹੀਂ ਕਰਨਗੀਆਂ ਤਾਂ ਬਿੱਲ ਵੋਟਿੰਗ ਅਤੇ ਬਹਿਸ ਵਿਚ ਪੈ ਕੇ ਘੱਟੋ ਘੱਟ ਇਕ ਹਫ਼ਤੇ ਬਾਅਦ ਪਾਸ ਹੋ ਸਕੇਗਾ ਕਿਉਂਕਿ ਲਿਬਰਲ ਪਾਰਟੀ ਦਾ ਬਹੁਮਤ ਹੈ। ਉਂਟਾਰੀਓ, ਸਿੱਖਿਆ ਮੰਤਰੀ ਮੈਡਮ ਲਿੱਜ ਸੈਂਡਲਜ਼ ਅਤੇ ਪ੍ਰਾਈਮੀਅਰ ਮੈਡਮ ਕੈਥਲੀਨ ਵਿੰਨ ਅਤੇ ਲੇਬਰ ਮੰਤਰੀ ਕੀਵਨ ਲਿਨ ਦੀ ਤਿਕੜੀ ਇੰਗਲੈਂਡ ਦੀ ਟੋਰੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਪਦ ਚਿੰਨ੍ਹਾਂ 'ਤੇ ਚਲਦੀ ਸਿਸ਼ੂ ਵਰਗ ਨੂੰ ਰਾਜਨੀਤਕ ਮੋਹਰਿਆਂ ਵਜੋਂ ਵਰਤ ਰਹੀ ਹੈ।

ਅਧਿਆਪਕ ਫੈਡਰੇਸ਼ਨ ਦੇ ਪ੍ਰਧਾਨ ਪਾਲ ਈਲੀਅਟ ਨੇ ਬੈਕ ਟੂ ਵਰਕ ਬਿੱਲ ਨੂੰ ਸਰਕਾਰ ਦੀ ਰਾਜਨੀਤਕ ਅਤੇ ਇਖਲਾਕੀ ਹਾਰ ਦੱਸਿਆ ਹੈ। ਇਸ ਤੋਂ ਪਹਿਲਾਂ ਵੀ ਇਕ ਵਾਰ 2009 ਵਿਚ ਸਰਕਾਰ ਨੇ ਟ੍ਰਾਂਜ਼ਿਟ ਕਾਮਿਆਂ ਦੀ ਹੜਤਾਲ ਬਾਬਤ ਬੈਕ ਟੂ ਵਰਕ ਬਿੱਲ ਪਾਸ ਕੀਤਾ ਸੀ। ਸੋ ਡਰਹਮ ਸਕੂਲ ਬੋਰਡ ਵਿਚ ਹੜਤਾਲ 20 ਅਪ੍ਰੈਲ ਤੋਂ ਚਲ ਰਹੀ ਹੈ ਅਤੇ ਉਥੇ ਸੈਕੰਡਰੀ ਦੇ 72.000 ਵਿਦਿਆਰਥੀ ਹਨ। ਕੇਨਥੋ ਸਕੂਲ ਬੋਰਡ ਵਿਚ 27 ਅਪ੍ਰੈਲ ਅਤੇ ਪੀਲ ਅਤੇ ਸਡਬਰੀ ਸਕੂਲ ਬੋਰਡਾਂ ਵਿਚ ਹੜਤਾਲ 4 ਮਈ ਤੋਂ ਚਲ ਰਹੀ ਹੈ। ਵਾਟਰਲੂ, ਹਾਲਟਨ, ਥੰਡਰਬੇ ਅਤੇ ਔਟਵਾ ਸਕੂਲ ਬੋਰਡਾਂ ਵਿਚ ਐਲੀਮੈਂਟਰੀ ਵਿਭਾਗ ਵਿਚ ਵੀ ਹੜਤਾਲ 10 ਮਈ ਤੋਂ ਹੋ ਚੁੱਕੀ ਹੈ।

ਹੜਤਾਲੀ ਅਧਿਆਪਕਾਂ ਦਾ ਕਹਿਣਾ ਹੈ ਕਿ ਉਹ ਵਿਦਿਆਰਥੀਆਂ ਦੇ ਵਿਦਿਅਕ ਬਜਟ ਵਿਚ ਕਟੌਤੀ ਦੇ ਖਿਲਾਫ਼ ਹਨ ਅਤੇ ਅਧਿਆਪਨ ਦੇ ਕਿੱਤੇ ਦੀ ਆਭਾ ਦੀ ਰਾਖੀ ਦੀ ਖਾਤਰ ਹੜਤਾਲ 'ਤੇ ਹਨ; ਕਿਉਂਕਿ ਸਰਕਾਰ ਨੇ ਗੱਲਬਾਤ ਰਾਹੀਂ ਕੁਝ ਪੱਲੇ ਨਹੀਂ ਪਾਇਆ। ਪਹਿਲਾਂ ਤਾਂ ਗੱਲਬਾਤ ਦੀ ਜ਼ਿੰਮੇਵਾਰੀ ਲੋਕਲ ਬੋਰਡਾਂ ਦੇ ਹਵਾਲੇ ਕਰਕੇ ਸੂਬਾਈ ਸਰਕਾਰ ਨੇ ਆਪਣਾ ਪੱਲਾ ਝਾੜ ਦਿੱਤਾ-ਲੋਕਲ ਬੋਰਡ ਸੂਬਾਈ ਬਜਟ ਦੀ ਕਟੌਤੀ ਸਬੰਧੀ ਕੀ ਫੈਸਲਾ ਲੈ ਸਕਦੇ ਹਨ? ਦੂਜਾ ਇਹ ਵੀ ਕਿ ਗੱਲਬਾਤ ਤੇ ਸਰਕਾਰ ਵਲੋਂ ਕੋਈ ਹਾਂਪੱਖੀ ਹੁੰਗਾਰਾ ਭਰਿਆ ਨਹੀਂ ਗਿਆ। ਲਿਬਰਲ ਸਰਕਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਹਾਂ ਦਾ ਸੋਸ਼ਣ ਕਰਕੇ ਹੜਤਾਲ ਨੂੰ ਆਪਣੀ ਰਾਜਨੀਤੀ ਦਾ ਅਖਾੜਾ ਬਣਾ ਰਹੀ ਹੈ। ਇਹ ਸਮੁੱਚੇ ਸਮਾਜ ਲਈ ਸ਼ੁਭ ਸੰਕੇਤ ਨਹੀਂ ਹੈ। ਇੰਟਰਨੈਟ ਤੇ ਖ਼ਬਰ ਨਸ਼ਰ ਹੋ ਰਹੀ ਹੈ ਕਿ ਡੀ. ਐਨ. ਪੀ. ਆਗੂ ਐਂਡੀਰੀਆ ਹਾਰਥ ਨੇ ਸਰਕਾਰ ਦੀ ਤਜਵੀਜ਼ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਸ ਨੇ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਲਿਬਰਲ ਸਰਕਾਰ ਨੇ ਮਹੀਨਿਆਂਬੱਧੀ ਅਧਿਆਪਕ ਵਰਗ ਦੇ ਤਰਲਿਆਂ ਨੂੰ ਅਣਗੌਲਿਆਂ ਕਰਕੇ ਉਂਟਾਰੀਓ ਜਨਤਾ ਨਾਲ ਦਗਾ ਕੀਤਾ ਹੈ। ਮਿਸੀਸਾਗੂਆ ਦੇ ਵਿਦਿਆਰਥੀ ਆਗੂ ਟਰੇਵਰ ਸੁਕਰਾਜ ਨੇ ਸਰਕਾਰ ਦੀ ਨਿਖੇਧੀ ਕੀਤੀ ਹੈ ਕਿ ਅਧਿਆਪਕ ਵਰਗ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਸਰਕਾਰ ਵਲੋਂ ਨਹੀਂ ਕੱਢਿਆ ਗਿਆ।

# ਸਿੱਖ ਵਿਰਸਾ ਵਲੋਂ ਲੋਕਲ ਕਲਾਕਾਰਾਂ ਦਾ ਸਫਲ ਸਭਿਆਚਾਰਕ ਸ਼ੋਅ ਕਰਵਾਇਆ






ਕੈਲਗਰੀ: ਕੈਲਗਰੀ ਵਿੱਚ ਲੰਬੇ ਸਮੇਂ ਤੋਂ ਛਪਦੇ ਮਾਸਿਕ ਮੈਗਜ਼ੀਨ 'ਸਿੱਖ ਵਿਰਸਾ' ਵਲੋਂ ਕਰਵਾਏ ਗਏ 'ਵਿਸਾਖੀ ਸਭਿਆਚਾਰਕ ਸ਼ੋਅ' ਦਾ ਭਾਰੀ ਗਿਣਤੀ ਵਿੱਚ ਪੁੱਜੇ ਦਰਸ਼ਕਾਂ ਨੇ 4 ਘੰਟੇ ਖੂਬ ਆਨੰਦ ਮਾਣਿਆ। ਪਿਛਲੇ ਕਈ ਸਾਲਾਂ ਤੋਂ ਸਿੱਖ ਵਿਰਸਾ ਵਲੋਂ ਹਰ ਸਾਲ ਅਜਿਹਾ ਸ਼ੋਅ ਕਰਵਾਇਆ ਜਾਂਦਾ ਸੀ, ਪਰ ਪਿਛਲੇ 4-5 ਸਾਲ ਤੋਂ ਇਹ ਸ਼ੋਅ ਬੰਦ ਸੀ, ਜਿਸ ਕਰਕੇ ਇਸ ਵਾਰ ਦੇ ਸ਼ੋਅ ਵਿੱਚ ਦਰਸ਼ਕਾਂ ਸਮੇਤ ਸਾਰੇ ਕਾਲਕਾਰਾਂ ਵਿੱਚ ਬਹੁਤ ਉਤਸ਼ਾਹ ਸੀ। ਇਹ ਇਕ ਅਜਿਹਾ ਪ੍ਰੋਗਰਾਮ ਹੋ ਨਿਬੜਿਆ, ਜਿਸ ਵਿੱਚ ਕੈਲਗਰੀ ਵਿੱਚ ਕਿਸੇ ਵੀ ਢੰਗ ਨਾਲ ਸਭਿਆਚਾਰਕ ਗਤੀਵਿਧੀਆਂ ਨਾਲ ਜੁੜੇ ਸਾਰੇ ਗਰੁੱਪ ਜਾਂ ਕਲਾਕਾਰ ਸ਼ਾਮਿਲ ਸਨ। ਇਸ ਸਭਿਆਚਾਰਕ ਸ਼ੋਅ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਗਿੱਧੇ ਭੰਗੜੇ ਦੀਆਂ 15 ਦੇ ਕਰੀਬ ਟੀਮਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਵਿੱਚ 175 ਤੋਂ ਵੱਧ ਕਲਾਕਾਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ 5-6 ਸਾਲ ਦੇ ਬੱਚਿਆਂ ਤੋਂ ਲੈ ਕੇ 3-35 ਸਾਲ ਦੇ ਨੌਜਵਾਨ ਲੜਕੇ ਲੜਕੀਆਂ ਨੇ ਸਟੇਜ ਤੇ ਧਮਾਲਾਂ ਪਾਈਆਂ। ਇਨ੍ਹਾਂ ਵਿੱਚ ਪ੍ਰੋ: ਦਲਜਿੰਦਰ ਸਿੰਘ ਜੌਹਲ ਦੀਆਂ 'ਐਪਿਕ ਭੰਗੜਾ ਟੀਮਾਂ', ਅਮਨਦੀਪ ਸਿੰਘ ਸਿੱਧੂ ਦੀਆਂ 'ਯੰਗ ਭੰਗੜਾ ਟੀਮਾਂ', ਨਰਿੰਦਰ ਕੌਰ ਗਿੱਲ ਦੀ 'ਕੈਲਗਰੀ ਗਿੱਧਾ ਅਤੇ ਡਾਂਸ ਅਕੈਡਮੀ', ਸ਼ਾਲੂ ਗਰੇਵਾਲ ਦੀ 'ਕੈਲਗਰੀ ਮਜਾਜਣਾਂ', ਸਿਮਰਨ ਸਿੱਧੂ ਦੀ 'ਕੈਲਗਰੀ ਨਾ ਭੁੱਲ ਵਾਲੀਆਂ ਮੁਟਿਆਰਾਂ' ਕਮਲ ਪੰਧੇਰ ਦੀਆਂ 'ਪ੍ਰੋਗਰੈਸਿਵ ਕਲਾ ਮੰਚ', ਦੀਪਕ ਮਾਹਨਾ ਦੀਆਂ 'ਬੋਲੀਵੁੱਡ ਬੀਟਸ ਕੈਲਗਰੀ' ਆਦਿ ਟੀਮਾਂ ਨੇ ਕੈਲਗਰੀ ਦੇ ਡਾਊਨ ਟਾਊਨ ਵਿੱਚ ਸਭ ਨੂੰ ਝੂਮਣ ਲਾ ਦਿੱਤਾ। 'ਪ੍ਰੋਗਰੈਸਿਵ ਕਲਾ ਮੰਚ' ਦੀ ਟੀਮ ਵਲੋਂ ਪ੍ਰਵਾਸੀਆਂ ਤੇ ਕਨੇਡਾ ਦੀਆਂ ਲੋਕਲ ਸਮੱਸਿਆਵਾਂ ਅਧਾਰਿਤ ਨਾਟਕ 'ਹੈਲੋ ਕੈਨੇਡਾ' ਰਾਹੀਂ ਜਿਥੇ ਦਰਸ਼ਕਾਂ ਦਾ ਕੌਮਡੀ ਰਾਹੀਂ ਖੂਬ ਮਨੋਰੰਜਨ ਕੀਤਾ, ਉਥੇ ਉਹ ਇੱਕ ਚੰਗਾ ਸੁਨੇਹਾ ਦੇਣ ਵਿਚ ਵੀ ਸਫਲ ਰਹੇ। ਰਵੀ ਪ੍ਰਕਾਸ਼ ਜਨਾਗਲ ਵਲੋਂ ਇੱਕ ਹਿੰਦੀ ਗੀਤ ਰਾਹੀਂ ਆਪਣੀ ਕਲਾ ਤੇ ਆਵਾਜ਼ ਦਾ ਜਾਦੂ ਬਖੇਰਿਆ। ਸਾਰਾ ਪ੍ਰੋਗਰਾਮ ਸਿੱਖ ਵਿਰਸਾ ਦੀ ਵਲੰਟੀਅਰ ਟੀਮ ਵਲੋਂ ਜਥੇਬੰਧਕ ਢੰਗ ਨਾਲ ਸਫਲਤਾ ਨਾਲ ਨੇਪਰੇ ਚਾੜ੍ਹਿਆ ਗਿਆ। ਇਸ ਮੌਕੇ ਤੇ ਸਿੱਖ ਵਿਰਸਾ ਵਲੋਂ ਜਿਥੇ ਸਾਰੇ ਕਲਾਕਾਰਾਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ, ਉਥੇ ਟੀਮ ਲੀਡਰਾਂ ਤੇ ਵਲੰਟੀਅਰਜ਼ ਨੂੰ ਵਿਸ਼ੇਸ਼ ਪਲੈਕਾਂ ਨਾਲ ਸਨਮਾਨਿਤ ਕੀਤਾ ਗਿਆ ਕੈਲਗਰੀ ਵਿੱਚ ਲੰਬੇ ਸਮੇਂ ਤੋਂ ਹਜ਼ਾਰਾਂ ਬੱਚਿਆਂ ਨੂੰ ਭੰਗੜੇ-ਗਿੱਧੇ ਤੇ ਆਪਣੇ ਸਭਿਆਚਾਰ ਨਾਲ ਜੋੜ ਚੁੱਕੇ ਨਾਮਵਰ ਸਖਸ਼ੀਅਤ ਪ੍ਰੋ: ਦਲਜਿੰਦਰ ਸਿੰਘ ਜੌਹਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਪੁੱਜੇ ਦਰਸ਼ਕਾਂ ਵਿੱਚ ਕੈਲਗਰੀ ਦੀਆਂ ਅਨੇਕਾਂ ਉਘੀਆਂ ਸਖਸ਼ੀਅਤਾਂ ਤੇ ਬਿਜਨੈਸਮੈਨ ਹਾਜ਼ਿਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਜਿਥੇ ਅਦਾਰਾ ਸਿੱਖ ਵਿਰਸਾ ਵਲੋਂ ਗੁਰਦੀਪ ਕੌਰ ਪਰਹਾਰ ਨੇ ਸਭ ਨੂੰ ਜੀ ਆਇਆਂ ਆਖਿਆ, ਉਥੇ ਅਖੀਰ ਵਿੱਚ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਸਾਰੇ ਦਰਸ਼ਕਾਂ, ਕਲਾਕਾਰਾਂ, ਵਲੰਟੀਅਰਜ਼ ਤੇ ਖਾਸਕਰ ਸਪੌਂਸਰਜ਼ ਦਾ ਧੰਨਵਾਦ ਕੀਤਾ, ਜਿਨ੍ਹਾਂ ਸਭ ਦੇ ਸਹਿਯੋਗ ਨਾਲ ਪ੍ਰੋਗਰਾਮ ਸਫਲਤਾ ਨਾਲ ਸਿਰੇ ਚੜ੍ਹਿਆ। ਸੋ ਵਿੱਚ ਐਮ ਸੀ ਦੇ ਤੌਰ ਤੇ ਦੀਪਸ਼ਿਖਾ ਬਰਾੜ ਤੇ ਸ਼ਮਾ ਕਪੂਰ ਨੇ ਸਭ ਦਾ ਦਿਲ ਜਿੱਤ ਲਿਆ। ਸਾਰੇ ਕਲਾਕਾਰਾਂ ਤੇ ਵਲੰਟੀਅਜ਼ ਨੇ ਸਾਰਾ ਦਿਨ ਭੋਜਨ ਦਾ ਵੀ ਖੂਬ ਆਨੰਦ ਮਾਣਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਵਲੋਂ ਤਰਕਸ਼ੀਲ ਅਤੇ ਅਗਾਂਹਵਧੂ ਕਿਤਾਬਾਂ ਦਾ ਸਟਾਲ ਲਗਾਇਆ ਜਿਸ ਦਾ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਅਗਲੇ ਸਾਲ ਇਸ ਤੋਂ ਵੀ ਵਧੀਆ ਸ਼ੋਅ ਲੈ ਕੇ ਆਉਣ ਦੀ ਆਸ ਵਿੱਚ ਖੁਸ਼ੀ-ਖੁਸ਼ੀ ਪ੍ਰੋਗਰਾਮ ਸਮਾਪਤ ਹੋਇਆ।

# Fight for 15, Top Stories, Workers' Movement

The fight for a $15 an hour minimum wage is gaining further momentum. On April 1, Seattle´s low-wage workers will see the first rise thanks to the efforts of workers, labor, and 15 Now.

Seattle is the first major city to implement a $15 an hour minimum wage, phased in over the next few years.

Ultimately, 100,000 workers will be lifted up, one in four employees in the Emerald City. On April 1, all workers in big businesses like McDonald's, Starbucks, Macy's, and Target will see an immediate increase to a minimum of $11 an hour, and by 2025 all workers in Seattle will be making at least $18 an hour.

It is estimated that this will result in businesses paying $3 billion in increased wages for the lowest-paid workers over the next 10 years.

People of color and women will benefit in particular, given their over-representation in the ranks of the lowest-paid.

The movement, started by fast-food workers in New York City at the end of 2012, has won a major victory. The success in Seattle last June opened the floodgates nationally, inspiring further victories. Even stronger legislation for $15 in San Francisco followed, and the midterm election saw successful ballot initiatives to raise wages, even in Republican-dominated states like Alaska and Arkansas.

**Grassroots Organizing by 15 Now**

The possibilities for a major victory in Seattle became clear in November 2013. A ballot initiative for $15, heavily backed by a coalition of labor unions, passed in SeaTac, the small city housing Seattle and Tacoma's international airport.

At the same time, the first openly socialist candidate in a century won a seat on Seattle's city council with almost 100,000 votes against a 16-year Democratic Party incumbent. Socialist Alternative´s Kshama Sawant won on a platform calling for $15, as part of a program to make Seattle affordable for all.

The importance of this victory became clear as Kshama Sawant took immediate action. She launched 15 Now in January 2014 to offer an organizing tool for all activists and to give full democratic ownership of the campaign to workers getting involved.

From the start, 15 Now built neighborhood and campus action groups to activate as many people as possible. March 15 saw an energetic march for $15. A national conference brought hundreds together on April 26. 15 Now prepared a ballot initiative, a "charter amendment," to immediately increase the pressure on the city council and as a backup plan if they didn't deliver.

ਪੁਰਾਣੇ ਸਮੇਂ ਵਿੱਚ 'ਗੋਰੇ ਕੀ ਨਾ ਕਾਲੋ ਕੀ, ਦੁਨੀਆਂ ਹੈ ਦਿੱਲ ਵਾਲੋ ਕੀ' ਗੀਤ ਕਾਫ਼ੀ ਮਸ਼ਹੂਰ ਸੀ। ਜਿਸ ਅਨੁਸਾਰ ਰੰਗ ਕੋਈ ਅਰਥ ਨਹੀਂ ਰੱਖਦਾ। ਅਮਰੀਕਾ ਦਾ ਰਾਸ਼ਟਰਪਤੀ ਬਰਾਕ ਉਬਾਮਾ ਕਾਲੇ ਰੰਗ ਦਾ ਹੋਣ ਦੇ ਬਾਵਜੂਦ ਗੋਰੇ ਅਮਰੀਕੀਆਂ ਦੀ ਪਹਿਲੀ ਪਸੰਦ ਹੈ। ਪੰਜਾਬ 'ਚ ਇੱਕ ਕਹਾਵਤ ਕਾਫ਼ੀ ਪ੍ਰਚਲਿਤ ਹੈ 'ਦੂਜੇ ਦੀ ਜਨਾਨੀ ਤੇ ਆਪਣਾ ਬੱਚਾ ਹਰੇਕ ਨੂੰ ਸੋਹਣਾ ਲੱਗਦੈ।' ਪਰ ਨੌਜਵਾਨ ਪੀੜ੍ਹੀ ਨੂੰ ਕੌਣ ਸਮਝਾਏ ਜਿਹੜੇ ਗਲੈਮਰ, ਅਖੌਤੀ, ਬਨਾਵਟੀ ਸੁੰਦਰ ਲੜਕੀਆਂ ਪਿੱਛੇ ਪਾਗਲ ਹੋਏ ਫਿਰਦੇ ਹਨ। ਦਿਨ ਰਾਤ ਫਿਲਮੀ ਹੀਰੋਇਨਾਂ ਦੇ ਸੁਪਨਿਆਂ ਵਿੱਚ ਗੁੰਮ ਰਹਿੰਦੇ ਹਨ। ਕਿਸੇ ਵਿਆਹ ਵਿੱਚ ਜਾਕੇ ਆਪਣੇ ਢਿੱਡ ਲਈ ਨੱਚਣ ਵਾਲੀ ਆਰਕੈਸਟਰਾ ਕੁੜੀ ਨੂੰ ਮੂੰਹ 'ਚ ਪਾਉਣ ਤੱਕ ਜਾਂਦੇ ਹਨ। ਰਹਿੰਦੀ ਖੂਹਦੀ ਕਸਰ ਹਰ ਗੀਤ ਲੜਕੀ ਨੂੰ ਮੁੱਖ ਰੱਖਕੇ ਗਾਉਣ ਨੇ ਕੱਢ ਦਿਤੀ ਹੈ। ਪੰਜਾਬੀ ਗੀਤਕਾਰਾਂ, ਗਾਇਕਾਂ ਨੂੰ ਤਾਂ ਲੜਕੀਆਂ ਦੀ ਸਰੀਰਕ ਬਣਤਰ, ਭਾਰ ਤੱਕ ਦੇ ਗੀਤ ਬਣਾਕੇ ਨੌਜਵਾਨ ਪੀੜ੍ਹੀ ਨੂੰ ਸ਼ੈਦਾਈ ਕਰ ਦਿਤਾ ਹੈ। ਕੋਈ ਪੁੱਛੇ 'ਲੱਕ 28 ਕੁੜੀ ਦਾ, 47 ਵੇਟ ਕੁੜੀ ਦਾ' ਕਿਸਨੇ ਮਿਣਿਆ ਜਾਂ ਤੋਲਿਆਂ। ਇਹ ਵੀ ਨਹੀਂ ਪਤਾ ਲੱਗਾ ਕਿ 36-24-36 ਕਿਸਦੀ ਦੇਣ ਹੈ ਪਰ ਸ਼ਹਿਰੀ ਕੁੜੀਆਂ ਇਸ ਫਿਗਰ ਹਾਸਲ ਕਰਨ ਲਈ ਜਿੰਮਾਂ, ਮੋਟਾਪਾ ਘਟਾਓ ਦਵਾਈਆਂ, ਡਾਇਟਿੰਗ ਦਾ ਸ਼ਿਕਾਰ ਹੋ ਰਹੀਆਂ ਹਨ। ਹਰ ਕੁੜੀ ਮੁੰਡਾ ਗੋਰਾ ਰੰਗ ਭਾਲਦਾ, ਪਰ ਕੋਇਲ ਕਾਲੇ ਰੰਗ ਦੀ ਹੁੰਦੀ ਹੈ ਪਰ ਆਵਾਜ ਸੁੰਦਰ ਹੋਣ ਕਰਕੇ ਸੱਭ ਨੂੰ ਚੰਗੀ ਲੱਗਦੀ ਹੈ। ਲੈਲਾ ਰੰਗ ਦੀ ਕਾਲੀ ਸੀ ਤਾਂ ਕਿਸੇ ਨੇ ਮਜਨੂੰ ਨੂੰ ਮੇਹਣਾ ਮਾਰਿਆਂ ਕਿ ਲੈਲਾ ਤੇਰੀ ਕਾਲੀ ਤਾਂ ਮਜਨੂੰ ਨੇ ਝੱਟ ਹੀ ਆਖ ਦਿੱਤਾ ਤੇਰੀ ਅੱਖ ਨੀ ਦੇਖਣ ਵਾਲੀ। ਅਫਰੀਕਾ ਵਰਗੇ ਮੁਲਕਾਂ ਵਿੱਚ ਮੋਟੇ ਬੁੱਲਾਂ ਵਾਲੇ ਲੋਕਾਂ ਨੂੰ ਵਧੇਰੇ ਪਸੰਦ ਕੀਤਾ ਜਾਂਦਾ ਪਰ ਸਾਡੇ ਲੋਕ ਪਤਲੇ ਬੁੱਲਾਂ ਨੂੰ ਪਸੰਦ ਕਰਦੇ ਹਨ। ਇਸੇ ਚੱਕਰ ਵਿੱਚ ਸਾਡੇ ਦੇਸ਼ ਵਿੱਚ ਵਿਆਹ ਸ਼ਾਦੀ ਸਮੇਂ ਮੇਕਅੱਪ ਕਰਕੇ ਲੜਕੀ ਨੂੰ ਹੀਰੋਇਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਕਈ ਵਾਰ ਮੇਕਅੱਪ ਉਤਰਨ ਜਾਂ ਬਿਨਾਂ ਮੇਕਅੱਪ ਲੜਕੀ ਪਛਾਣ 'ਚ ਨਹੀਂ ਆਉਦੇ ਤੇ ਝਗੜੇ ਹੁੰਦੇ ਹਨ। ਮਨੁੱਖੀ ਜ਼ਿੰਦਗੀ ਦਾ ਇਹ ਫਲਸਫ਼ਾ ਹੋਣਾ ਚਾਹੀਦਾ ਕਿ ਬੋਲਾਂ ਵਿੱਚ ਮਿਠਾਸ, ਨਮਰਤਾ, ਉਸਾਰੂ ਸੋਚ, ਚੰਗਾ ਵਿਵਹਾਰ, ਚੰਗੇ ਸੰਸਕਾਰ ਤੇ ਲਿਆਕਤ ਹੀ ਸੁੰਦਰਤਾ ਦੇ ਅਸਲੀ ਅਰਥ ਹੋਣ ਕਰਕੇ ਬਾਹਰੀ ਸਰੀਰਕ ਦਿਖ ਕੋਈ ਅਰਥ ਨਹੀਂ ਰੱਖਦੀ। ਜਿਵੇਂ ਸਤਿਅਮ, ਸ਼ਿਵਮ, ਸੁੰਦਰਮ, ਭਾਵ ਸਚਾਈ, ਸ਼ਿਵ ਤੇ ਸੱਚਾਈ ਹੀ ਸੁੰਦਰ ਹੁੰਦੀ ਹੈ। ਇਹ ਸਚਾਈ ਹੈ ਕਿ ਓਮ ਪੁਰੀ, ਨਾਨਾ ਪਾਟੇਕਰ, ਇਰਫਾਨ, ਪੰਕਜ ਕਪੂਰ ਆਦਿ ਕਲਾਕਾਰਾਂ ਨੇ ਚਾਕਲੇਟੀ ਹੀਰੋਆਂ ਨੂੰ ਨੇੜੇ ਨਹੀਂ ਲੱਗਣ ਦਿਤਾ। ਇਸੇ ਤਰ੍ਹਾਂ ਸਾਵਲੀ ਸਮਿਤਾ ਪਾਟਿਲ, ਨੰਦਿਤਾ ਦਾਸ, ਰੇਖਾ, ਬਿਪਾਸ਼ਾ ਬਾਸੂ ਆਪਣੇ ਸੋਹਣੇ ਮੁਖੜੇ ਨਹੀਂ ਬਲਕਿ ਕਲਾ ਦੇ ਦਮ ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੀਆਂ ਆ ਰਹੀਆਂ ਹਨ। ਇਸੇ ਤਰ੍ਹਾਂ ਪੰਜਾਬੀ ਰੰਗ ਮੰਚ ਦਾ ਵਾਰਿਸ ਸੈਮੂਅਲ ਜੋਹਨ ਦਾ ਰੰਗ ਚਾਹੇ ਪੱਕਾ ਪਰ ਕੋਈ ਬਰਾਬਰ ਖੜਕੇ ਉਸ ਵਰਗੀ ਕਲਾਕਾਰੀ ਕਰਕੇ ਤਾਂ ਦਿਖਾਵੇ। ਇਸੇ ਤਰ੍ਹਾਂ ਕਿਸੇ ਖਿਡਾਰੀ ਦੀ ਵਧੀਆਂ ਖੇਡ 'ਤੇ ਉਸਦੇ ਚੇਹਰੇ ਦੀ ਸੁੰਦਰਤਾ ਕਰਕੇ ਨਹੀਂ ਸਗੋ ਉਸਦੇ ਖੇਡ ਕਰਕੇ ਉਸਨੂੰ ਸਿਰ 'ਤੇ ਚੁੱਕ ਲੈਂਦੇ ਹਾਂ। ਅੱਜ ਦੀ ਪੀੜ੍ਹੀ ਨੂੰ ਕੁਦਰਤ ਵੱਲੋ ਬਖਸ਼ੇ ਸਰੀਰ ਦੀ ਤੰਦਰੁਸਤੀ ਲਈ ਕੰਮ ਕਰਨਾ ਚਾਹੀਦਾ ਹੈ ਨਾਕਿ ਸੁੰਦਰ ਬਣਾਉਣ ਵਾਲੇ ਉਤਪਾਦਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਚਾਹੀਦਾ ਹੈ।

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਈਬੋਲਾ ਬਾਰੇ ਕੈਲਗਰੀ ਵਿਚ ਲੈਕਚਰ
## ਕਿਊਬਾ ਦੇ ਡਾ. ਜੋਸ਼ੇ ਜੀਸਸ ਵਿਸ਼ੇਸ਼ ਤੌਰ 'ਤੇ ਪੁੱਜੇ





**ਮਾ. ਭਜਨ ਕੈਲਗਰੀ**

ਕੈਨੇਡੀਅਨ-ਕਿਊਬਨ ਫਰੈਂਡਸ਼ਿਪ ਐਸੋਸੀਏਸ਼ਨ ਕੈਲਗਰੀ ਵਲੋਂ ਯੂਨੀਟੇਰੀਅਨ ਚਰਚ ਨੌਰਥ ਵੈਸਟ ਕੈਲਗਰੀ ਇਕ ਵਿਸ਼ੇਸ਼ ਲੈਕਚਰ "ਈਬੋਲਾ ਨੂੰ ਕੰਟਰੋਲ ਕਰਨ 'ਚ ਕਿਊਬਾ ਦਾ ਰੋਲ" ਵਿਸ਼ੇ 'ਤੇ ਕਰਵਾਇਆ ਗਿਆ ਜਿਸ ਵਿਚ ਕਿਊਬਾ ਤੋਂ ਵਿਸ਼ੇਸ਼ ਰੂਪ 'ਚ ਪੁੱਜੇ ਡਾ. ਜੋਸ਼ੇ ਜੀਸਸ ਮੁੱਖ ਬੁਲਾਰੇ ਸਨ।

ਡਾ. ਸਾਹਿਬ ਨੇ ਪ੍ਰੋਜੈਕਟਰ ਰਾਹੀਂ ਅੰਕੜਿਆਂ ਨੂੰ ਦਰਸਾਉਂਦੇ ਹੋਏ ਕਿਊਬਾ ਦੇ ਹੈਲਥ ਸਿਸਟਮ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਕਿਊਬਾ ਵਿਚ 100% ਲੋਕਾਂ ਨੂੰ ਫਰੀ ਹੈਲਥ ਸੇਵਾਵਾਂ ਮਿਲ ਰਹੀਆਂ ਹਨ ਜੋ ਡਾਕਟਰੀ ਦੀ ਪੜ੍ਹਾਈ ਕਰਨ ਕਿਊਬਾ ਤੋਂ ਬਾਹਰੋਂ ਆਉਂਦੇ ਹਨ ਉਨ੍ਹਾਂ ਤੋਂ ਵੀ ਕੋਈ ਫੀਸ ਨਹੀਂ ਲਈ ਜਾਂਦੀ। ਇਸ ਤੋਂ ਇਲਾਵਾ ਕਿਊਬਾ 1963 ਤੋਂ 2015 ਤੱਕ ਸੰਸਾਰ ਦੇ 108 ਦੇਸ਼ਾਂ 'ਚ 1,40,000 ਡਾਕਟਰ ਵੱਖ-ਵੱਖ ਦੇਸ਼ਾਂ 'ਚ ਸੇਵਾਵਾਂ ਦੇਣ ਲਈ ਜਾ ਚੁੱਕਾ ਹੈ। ਹੁਣ ਖਤਰਨਾਕ ਬੀਮਾਰੀ ਈਬੋਲਾ ਨੂੰ ਕੰਟਰੋਲ ਕਰਨ ਲਈ 450 ਡਾਕਟਰ, ਨਰਸਾਂ ਅਤੇ 1500 ਵਲੰਟੀਅਰ ਵੈਸਟ ਅਫਰੀਕਾ 'ਚ ਭੇਜੇ ਜਾ ਚੁੱਕੇ ਹਨ। ਨੇਪਾਲ ਭੂਚਾਲ ਦੀ ਤਬਾਹੀ ਕਾਰਨ ਪੀੜਤ ਲੋਕਾਂ ਦੀ ਮਦਦ ਲਈ ਵੀ ਡਾਕਟਰਾਂ ਦਾ ਡੈਲੀਗੇਸ਼ਨ ਭੇਜਿਆ ਜਾ ਰਿਹਾ ਹੈ। ਕਿਊਬਾ 'ਚ 60% ਡਾਕਟਰ ਅਤੇ 70% ਹੈਲਥ ਵਰਕਰ ਔਰਤਾਂ ਹਨ। 2015 'ਚ 2500 ਡਾਕਟਰ 67 ਦੇਸ਼ਾਂ 'ਚ ਸਿਹਤ ਸੇਵਾਵਾਂ ਦੇਣ ਲਈ ਭੇਜੇ ਗਏ ਹਨ। ਫੈਮਿਲੀ ਡਾਕਟਰਾਂ ਦੀ ਗਿਣਤੀ ਸਪੈਸ਼ਲ ਬੀਮਾਰੀ ਦੇ ਡਾਕਟਰਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਹਰ ਡਾਕਟਰ ਨੂੰ ਬੀਮਾਰੀ ਲੱਗਣ ਤੋਂ ਪਹਿਲਾਂ ਆਪਣੇ ਇਲਾਕੇ ਦੀ ਪੂਰੀ ਜਾਣਕਾਰੀ ਜ਼ਰੂਰੀ ਹੈ ਤਾਂ ਕਿ ਬੀਮਾਰੀ ਲੱਗਣ ਦੇ ਕਾਰਨਾਂ ਬਾਰੇ ਜਾਣਿਆ ਜਾ ਸਕੇ। 95% ਲੋਕਾਂ ਨੂੰ ਬੋਤਲ ਦਾ ਸਾਫ਼ ਪਾਣੀ ਉਪਲਬਧ ਹੈ। 5% ਪਾਣੀ ਨੂੰ ਉਬਾਲ ਕੇ ਪੀਂਦਾ ਹੈ। ਮਲੇਰੀਏ ਨਾਲ ਕਿਊਬਾ 'ਚ ਇਕ ਵੀ ਮੌਤ ਨਹੀਂ ਹੁੰਦੀ ਹਾਲਾਂਕਿ ਜੰਗਲ ਦਾ ਏਰੀਆ ਵੀ ਹੈ ਮੱਛਰ ਵੀ ਹੈ।

ਇਥੇ ਸਾਡੇ ਸੋਚਣ ਅਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਮਰੀਕਾ, ਕੈਨੇਡਾ ਅਤੇ ਹੋਰ ਕਿੰਨੇ ਹੀ ਵਿਕਸਿਤ ਅਤੇ ਅਮੀਰ ਦੇਸ਼ ਹਨ, ਜੋ ਆਪਣੇ ਲੋਕਾਂ ਨੂੰ ਵੀ ਸਿਹਤ ਸੇਵਾਵਾਂ ਨਹੀਂ ਦੇ ਸਕੇ। ਉਨ੍ਹਾਂ ਦੇ ਮੁਕਾਬਲੇ ਕਿਊਬਾ ਇਕ ਛੋਟਾ ਜਿਹਾ ਗਰੀਬ ਮੁਲਕ ਬਾਹਰਲੇ ਦੇਸ਼ਾਂ 'ਚ ਵੀ ਸਿਹਤ ਸੇਵਾਵਾਂ ਦੇ ਰਿਹਾ ਹੈ। ਡਾਕਟਰ ਸਾਹਿਬ ਨੇ ਕਿਹਾ ਕਿ ਅਸੀਂ ਬਾਹਰਲੇ ਦੇਸ਼ਾਂ 'ਚ ਲੋਕਾਂ ਨੂੰ ਬਚਾਉਣ ਜਾਂਦੇ ਹਾਂ। ਪ੍ਰੰਤੂ ਅਮਰੀਕਾ ਵਰਗੇ ਅਮੀਰ ਦੇਸ਼ ਲੋਕਾਂ ਨੂੰ ਮਾਰਨ ਅਤੇ ਲੁੱਟਣ ਜਾਂਦੇ ਹਨ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਸ ਸੈਮੀਨਾਰ ਵਿਚ ਕਾਫ਼ੀ ਸ਼ਮੂਲੀਅਤ ਕੀਤੀ ਗਈ। ਇਹ ਜਾਣਕਾਰੀ ਪ੍ਰੈਸ ਨੂੰ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਵਲੋਂ ਦਿੱਤੀ ਗਈ। 403-455-4220

Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

## 100 ਫੀਸਦੀ ਵਿਦੇਸ਼ੀ ਨਿਵੇਸ਼ ਲਈ ਖੇਤੀ ਖੇਤਰ ਖੁੱਲ੍ਹਾ

# ਵਿਦੇਸ਼ੀ ਪੂੰਜੀ ਵਲੋਂ ਖੇਤੀ ਹੜੱਪਣ ਦੀ ਤਿਆਰੀ

**- ਨਰਭਿੰਦਰ**

ਜਦੋਂ ਹਾਕਮ ਆਪਣੇ ਹੀ ਆਵਾਮ ਪ੍ਰਤੀ ਬੇਵਫ਼ਾ ਹੋਣ ਤਾਂ ਆਵਾਮ ਦੀ ਤਬਾਹੀ ਨੂੰ ਕੋਈ ਨਹੀਂ ਰੋਕ ਸਕਦਾ। ਲੱਗਦਾ ਹੈ ਕਿ ਰਾਜ ਕਰਨ ਵਾਲਿਆਂ ਦੇ 'ਮਨ ਅੰਦਰ' ਬੇਈਮਾਨੀ ਕੁੱਟ-ਕੁੱਟ ਕੇ ਭਰੀ ਹੋਈ ਹੈ। ਉਨ੍ਹਾਂ ਦੇ ਮਨ ਲੋਕਾਂ ਪ੍ਰਤੀ ਸਾਫ਼ ਨਹੀਂ। ਉਨ੍ਹਾਂ ਦੇ 'ਮਨ ਦੀ ਗੱਲ' ਉਤੇ ਵਿਸ਼ਵਾਸ ਕਿਵੇਂ ਕੀਤਾ ਜਾ ਸਕਦਾ ਹੈ? ਵਿਸ਼ਵਾਸ ਦਾ ਮਤਲਬ ਧੋਖਾ ਹੈ। ਪਿਛਲੇ ਸਾਲਾਂ 'ਚ ਹਕੂਮਤ ਨੇ ਇਕ ਸਰਕੂਲਰ ਜਾਰੀ ਕੀਤਾ ਸੀ, 'ਪ੍ਰਤੱਖ ਵਿਦੇਸ਼ੀ ਨਿਵੇਸ਼ ਨੀਤੀ।' ਜਿਸ ਮੁਤਾਬਕ ਖੇਤੀ ਦੇ ਖੇਤਰ ਨੂੰ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੋਹਲ ਦਿੱਤਾ ਗਿਆ ਜਿਸ ਮੁਤਾਬਕ ਕੋਈ ਵੀ ਵਿਦੇਸ਼ੀ ਕੰਪਨੀ ਬੀਜ, ਪੌਦਿਆਂ, ਫੁੱਲਾਂ, ਹਾਰਟੀਕਲਚਰ, ਫਲੋਰੀਕਲਚਰ, ਸਬਜ਼ੀਆਂ, ਚਾਹ ਅਤੇ ਹੋਰ ਕਈ ਤਰ੍ਹਾਂ ਦੇ ਖੇਤੀ ਉਤਪਾਤਨ ਅਤੇ ਵਿਕਾਸ ਲਈ ਸਿੱਧਾ ਦਖ਼ਲ ਦੇ ਸਕਦੀ ਹੈ। ਅਜਿਹੀ ਵਿਦੇਸ਼ੀ ਕੰਪਨੀ ਪਸ਼ੂ ਪਾਲਨ, ਮੱਛੀ ਪਾਲਨ ਦੇ ਧੰਦਿਆਂ ਵਿਚ ਵੀ ਦਾਖ਼ਲ ਹੋ ਸਕਦੀ ਹੈ। ਇਨ੍ਹਾਂ ਖੇਤਰਾਂ ਵਿਚ ਪੈਸਾ ਲਾਉਣ ਵਾਲੀਆਂ ਕੰਪਨੀਆਂ ਨੂੰ-ਅਯਾਤ-ਨਿਰਯਾਤ ਟੈਕਸਾਂ ਅਤੇ ਹੋਰ ਹਰ ਤਰ੍ਹਾਂ ਦੇ ਟੈਕਸਾਂ 'ਚ ਵੱਡੀ ਰਿਐਤ ਦਿੱਤੀ ਜਾਵੇਗੀ।" ਭਾਰਤੀ ਕਿਸਾਨਾਂ ਨੂੰ ਕਰਜ਼ਈ ਕਰਕੇ ਵਿਦੇਸ਼ੀ ਕੰਪਨੀਆਂ ਨੂੰ ਖੇਤੀ ਖੇਤਰ ਵਿਚ ਦਖ਼ਲ ਦੇਣ ਦੀ 100 ਫੀ ਸਦੀ ਛੋਟ ਦੇਣ ਦਾ ਮਤਲਬ ਕੀ ਹੋਵੇਗਾ?' ਇਹ ਭੁੱਲਿਆ ਨਹੀਂ ਅਤੇ ਉਦੋਂ ਜਦੋਂ ਜ਼ਮੀਨ ਪ੍ਰਾਪਤੀ ਬਿਲ 2013 ਨੂੰ ਰੱਦ ਕਰਕੇ ਸਰਕਾਰ ਬੇਕਿਰਕ ਕਿਸਮ ਦੇ ਜ਼ਮੀਨ ਪ੍ਰਾਪਤੀ (ਖੋਹਣੀ) ਆਰਡੀਨੈਂਸ 2014 ਨੂੰ ਦੋ ਵਾਰ ਅਤੇ ਹੁਣ 2015 'ਚ ਤੀਜੀ ਵਾਰ ਲਿਆ ਰਹੀ ਹੈ ਅਤੇ ਉਧਰ ਹਕੂਮਤ ਅਨਾਜ ਦੇ ਭੰਡਾਰ ਕਰਨ ਦੇ ਕਾਰਜ ਤੋਂ ਪਿਛੇ ਹਟਦਿਆਂ, ਕਿਸਾਨਾਂ ਦੀ ਫਸਲਾਂ ਖ਼੍ਰੀਦਣ ਅਤੇ ਭੰਡਾਰ ਕਰਨ ਵਾਲੇ ਸਭ ਤੋਂ ਵੱਡੇ ਅਦਾਰੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦਾ ਭੋਗ ਪਾਉਣ ਉਤੇ ਵਿਚਾਰ ਕਰ ਰਹੀ ਹੈ ਅਤੇ ਫਸਲਾਂ ਦੀ ਮੰਡੀ ਵੀ ਕਾਰਪੋਰੇਟੀ ਪੂੰਜੀ ਦੇ ਹਵਾਲੇ ਕਰਨ ਲਈ ਤਿਆਰ ਬੈਠੀ ਹੈ। ਪਿਛਲੇ ਦਸਾਂ ਸਾਲਾਂ 'ਚ ਭਾਰਤ ਵਿਚ ਆਈ. ਟੀ. ਸੀ. ਅਤੇ ਕਾਰਗਿਲ ਵਰਗੀਆਂ ਬਦਨਾਮ ਕੰਪਨੀਆਂ ਨੇ ਆਪਣਾ ਇਕ ਨੈਟਵਰਕ ਬਣਾ ਕੇ ਬਰਾਬਰ ਦੀ ਮੰਡੀ ਦਾ ਪ੍ਰਬੰਧ ਵੀ ਖੜ੍ਹਾ ਕਰ ਲਿਆ ਹੈ ਅਤੇ ਉਹ ਕਿਸਾਨਾਂ ਤੋਂ ਸਿੱਧੀ ਖ਼੍ਰੀਦ ਕਰ ਵੀ ਰਹੀਆਂ ਹਨ। ਜਿਹਦੇ ਬਾਰੇ ਪਿਛਲੇਰੀ ਸਰਕਾਰ ਦੇ ਅਰਥਸ਼ਾਸਤਰੀ ਮੋਟੈਂਕ ਸਿੰਘ ਆਹਲੂਵਾਲੀਆ ਨੇ ਕਿਹਾ ਸੀ ਕਿ "ਕਿਸਾਨਾਂ ਨੂੰ ਇਨ੍ਹਾਂ ਤੋਂ ਚੰਗੀਆਂ ਕੀਮਤਾਂ ਮਿਲ ਰਹੀਆਂ ਹਨ।" ਫਸਲ ਖ਼੍ਰੀਦਣ ਤੇ ਫਿਰ ਬੀਜਣ ਦੇ ਖੇਤਰ ਵਿਚ ਪ੍ਰਾਈਵੇਟ ਤੇ ਕਾਰਪੋਰੇਟੀ ਪੂੰਜੀ ਦਾ ਇਕ ਪੂਰਾ ਢਾਂਚਾ ਖੜ੍ਹਾ ਕਰ ਦਿਓ। ਸਰਕਾਰੀ ਢਾਂਚੇ ਨੂੰ ਦਰੁਸਤ ਤੇ ਚੁਸਤ ਫੁਰਤ ਨਾ ਕਰੋ ਅਤੇ ਬਦਨਾਮ ਹੋਣ ਦਿਓ ਤਾਂ ਕਿ ਬੰਦ ਕਰਨ ਦਾ ਮਾਹੌਲ ਤਿਆਰ ਹੋ ਜਾਵੇ। ਹਕੂਮਤ ਦੀ ਇਹ ਵੀ ਇਕ ਨੀਤੀ ਹੈ। ਮੱਧ ਪ੍ਰਦੇਸ਼ ਵਿਚ ਤਿੰਨ ਨਿੱਜੀ ਕੰਪਨੀਆਂ ਨੇ 30 ਫੀਸਦੀ ਕਿਸਾਨ ਮੰਡੀ ਨੂੰ ਕਬਜ਼ੇ 'ਚ ਲੈ ਲਿਆ ਹੈ।

ਪਿਛਲੇਰੇ ਸਾਲਾਂ ਅਤੇ ਵਿਸ਼ੇਸ਼ ਕਰਕੇ ਇਸ ਸਾਲ ਵਿਚ ਵਧੇਰੇ ਸਮੱਸਿਆ ਇਹ ਆਈ ਕਿ ਮੰਡੀ 'ਚ ਕਿਸਾਨਾਂ ਦੀ ਫਸਲ ਨਹੀਂ ਵਿਕੀ, ਖ਼੍ਰੀਦ ਏਜੰਸੀਆਂ, ਬਾਰਦਾਨਾ ਨਾ ਹੋਣ ਅਤੇ ਫਿਰ ਭੁਗਤਾਨ ਦੇ ਨਾ ਹੋਣ ਨੇ ਕਿਸਾਨੀ ਨੂੰ ਅਤਿ ਮਾਨਸਿਕ ਪੀੜਾ ਦਿੱਤੀ। ਸਿੱਟੇ ਵਜੋਂ ਪੰਜਾਬ ਤੋਂ ਲੈ ਕੇ ਮਹਾਂਰਾਸ਼ਟਰ ਤੱਕ ਮੰਡੀਆਂ 'ਚ ਕਿਸਾਨਾਂ ਦੀ ਇਸ ਮਾਨਸਿਕ ਪੀੜਾ ਨਾਲ ਮੌਤਾਂ ਦੀਆਂ ਖ਼ਬਰਾਂ ਵੀ ਆਈਆਂ ਪਰ ਗੈਰ ਮਾਨਵੀ ਬੇਕਿਰਕ ਸਰਕਾਰ ਲਈ ਇਹ ਆਮ ਗੱਲ ਸੀ। ਇਥੇ ਹੀ ਨਹੀਂ ਹੁਣ ਮੰਡੀ ਵਿਚ ਪੈਦਾਵਾਰ ਵੇਚਣ ਲਈ ਛੇ ਤਰ੍ਹਾਂ ਦੇ ਦਸਤਾਵੇਜ਼ਾਂ ਦਾ ਹੋਣਾ ਜ਼ਰੂਰੀ ਕਰ ਦਿੱਤਾ ਹੈ। ਬੇਸ਼ੱਕ ਇਹ ਅਜੇ ਕੁਝ ਫਸਲਾਂ ਜਾਂ ਕੁਝ ਰਾਜਾਂ ਵਿਚ ਹੈ ਪਰ ਇਹ ਪੂਰੇ ਦੇਸ਼ ਵਿਚ ਲਾਗੂ ਹੋਵੇਗਾ। ਕਿਸਾਨ ਖੇਤੀ ਕਰਕੇ ਪੈਦਾਵਾਰ ਹੀ ਨਾ ਕਰੇ ਸਗੋਂ ਪੂਰੇ ਦਸਤਾਵੇਜ਼ੀ ਰਿਕਾਰਡ ਵੀ ਰੱਖੇ ਤਾਂ ਕਿ ਉਸ ਵਲੋਂ ਕੀਤੀ ਪੈਦਾਵਾਰ ਦਾ ਸਬੂਤ ਵੀ ਪੇਸ਼ ਕਰ ਸਕੇ। ਸਨਅਤ ਨੂੰ ਰਜਿਸਟਰਾਂ ਤੇ ਦਸਤਾਵੇਜ਼ੀ ਰਿਕਾਰਡ ਤੋਂ ਮੁਕਤ ਕੀਤਾ ਜਾ ਰਿਹਾ ਹੈ ਜਦੋਂ ਕਿ ਖੇਤੀ ਨੂੰ ਦਸਤਾਵੇਜ਼ੀ ਰਿਕਾਰਡ ਰੱਖਣ ਤੇ ਪੇਸ਼ ਕਰਨੀ ਜ਼ਰੂਰੀ ਕਰਨ ਲਈ ਤਿਆਰ ਕਰ ਰਹੀ ਹੈ।

ਹਕੂਮਤ ਪਾਸੋਂ ਸਵਾਲ ਪੁੱਛਣਾ ਬਣਦਾ ਹੈ ਕਿ ਸਦੀਆਂ ਤੋਂ ਖੇਤੀ ਦੇ ਧੰਦੇ 'ਚ ਲੱਗੀ ਅਤੇ ਅੱਜ ਵੀ ਜੀ. ਡੀ. ਪੀ. (ਕੁਲ ਘਰੇਲੂ ਪੈਦਾਵਾਰ) ਵਿਚ 14 ਫੀਸਦੀ ਹਿੱਸਾ ਪਾਉਣ ਵਾਲੀ ਦੇਸ਼ ਦੀ 60 ਫੀਸਦੀ ਆਬਾਦੀ ਅਤੇ ਦੇਸ਼ ਦੀ ਲੋਕਾਂ ਨੂੰ ਪਾਲਣ ਪੋਸਣ ਵਾਲੇ ਖੇਤਰ ਖੇਤੀ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਲੋੜ ਕਿਉਂ ਹੈ? ਹਕੂਮਤ ਨੇ ਪਿਛਲੇ 10 ਸਾਲਾਂ ਵਿਚ ਖੇਤੀ ਨੂੰ ਬੈਂਕਾਂ ਅਤੇ ਬੀਮੇ ਨਾਲ ਜੜਨ ਦੀਆਂ ਜਿਹੜੀਆਂ ਤਕਨੀਕਾਂ ਅਪਣਾਈਆਂ ਹਨ ਉਹ ਕਿਸਾਨ ਭਲਾਈ ਲਈ ਨਹੀਂ ਕਿਸਾਨ ਮਾਰੂ ਹਨ ਜਿਸ ਨਾਲ ਕਿਸਾਨ ਨਹੀਂ ਸਗੋਂ ਬੀਜ ਵੇਚਣ ਵਾਲੀਆਂ ਕਿਸਾਨ ਬੀਜ ਵੇਚਣ ਵਾਲੀਆਂ ਖਾਦਾਂ ਤੇ ਕੀਟਨਾਸ਼ਕ ਵੇਚਣ ਵਾਲੀਆਂ ਬੈਂਕਾਂ, ਬੀਮਾ ਅਤੇ ਆੜ੍ਹਤੀਆਂ ਦਾ ਬੰਦੂਆ ਮਜ਼ਦੂਰ ਬਣ ਕੇ ਰਹਿ ਗਿਆ ਹੈ। ਕਿਸਾਨਾਂ ਨੂੰ ਮਦਦ ਦੇਣ ਵਾਲੀਆਂ ਜਾਂ ਔਖੇ ਵੇਲੇ ਰਾਹਤ ਦੇਣ ਵਾਲੀਆਂ (ਬੀਮਾ ਯੋਜਨਾ ਸਕੀਮਾਂ) ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹ ਇਕ ਸਿੱਧਾ ਧੋਖਾ ਹੈ ਕਿਸਾਨਾਂ ਨਾਲ। ਇਹ ਸਮੂਹਿਕ ਬੀਮਾ ਯੋਜਨਾ ਹੈ ਜਿਹਦੇ ਹੁਣ ਤੱਕ ਦੇ ਜੋ ਨਤੀਜੇ ਸਾਹਮਣੇ ਆਏ ਹਨ, ਉਨ੍ਹਾਂ ਆਧਾਰ ਉਤੇ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਕਿਸਾਨਾਂ ਦੇ 80 ਫੀਸਦੀ ਨੁਕਸਾਨ ਦੀ ਪੂਰਤੀ ਦਾ ਹੱਲ ਹੀ ਇਸ ਵਿਚ ਨਹੀਂ ਹੈ। ਦੇਸ਼ ਪਰ 'ਚ ਨਹਿਰੀ ਪਾਣੀ ਦੇ ਰਿਸਾਅ ਨਾਲ ਜਾਂ ਸੇਮ ਨਾਲ ਜਿਹੜੀ ਲੱਖਾਂ ਹੈਕਟੇਅਰ ਖੇਤੀ ਪ੍ਰਭਾਵਿਤ ਹੋ ਰਹੀ ਹੈ ਜਾਂ ਜ਼ਮੀਨ ਦਲਦਲ 'ਚ ਬਦਲ ਰਹੀ ਹੈ ਇਸ ਰਾਹਤ ਅਤੇ ਬੀਮਾ ਪਾਲਿਸੀ ਰਾਹੀਂ ਕਿਸਾਨਾਂ ਨੂੰ ਮਦਦ ਦੇਣ ਦਾ ਕੋਈ ਹੱਲ ਹੈ ਹੀ ਨਹੀਂ। ਹੁਣੇ ਹੁਣੇ ਜਿਹੜੀਆਂ ਬੀਮਾ ਪਾਲਿਸੀਆਂ ਨੂੰ ਕਿਸਾਨ ਹਿੱਤੂ ਜਾਂ ਲੋਕ ਹਿੱਤੂ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ ਇਹ ਸਾਰੀ ਪੂੰਜੀ ਦੀ ਮੰਡੀ ਜਿਸ 'ਚ ਬੀਮਾ ਕੰਪਨੀਆਂ ਅਤੇ ਬੈਂਕ ਆਉਂਦੇ ਹਨ, ਕਿਸਾਨਾਂ ਦੀ ਅਰਥੀ ਤਿਆਰ ਕਰਨ 'ਚ ਜੁੱਟ ਗਏ ਹਨ। ਖੇਤੀ ਖੇਤਰ ਲਈ ਦਿੱਤੀ ਜਾਂਦੀ ਥੋੜ੍ਹੀ ਬਹੁਤੀ ਸਬਸਿਡੀ ਜਿਹੜੀ ਬਜਟ 'ਚ ਦਿਖਾ ਕੇ ਕਿਸਾਨਾਂ ਨੂੰ ਭਰਮਾਇਆ ਜਾਂਦਾ ਸੀ ਹੁਣ ਸਿੱਧਿਆਂ ਰਸਾਇਣਕ ਖਾਦਾਂ, ਕੀੜੇ ਮਾਰ ਦਵਾਈਆਂ ਮਸ਼ੀਨਾਂ ਜਾਂ ਟਰੈਕਟਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਇਹਦੇ ਨਾਲ ਨਾਲ ਠੇਕਾ ਖੇਤੀ (ਕੰਟਰੈਕਟ ਫਾਰਮਿੰਗ) ਦੇ ਨਾਂ ਹੇਠ ਵੱਡੀਆਂ ਕੰਪਨੀਆਂ ਵੱਡੇ ਕਿਸਾਨਾਂ ਦੇ ਸਮੂਹ ਬਣਾ ਕੇ ਆਪਣੀ ਲੋੜ ਮੁਤਾਬਕ ਖੇਤੀ ਕਰਵਾਉਣਗੀਆਂ, ਜਿਵੇਂ ਮੂੰਗਫਲੀ, ਲਸਨ, ਟਮਾਟਰ, ਆਲੂ, ਕਪਾਹ, ਸੋਇਆਬੀਨ, ਗੰਨਾ ਆਦਿ ਅਜਿਹੀਆਂ ਫਸਲਾਂ ਜਿਨ੍ਹਾਂ ਦੀ ਪ੍ਰੋਸੈਸਿੰਗ ਹੁੰਦੀ ਹੈ ਅਤੇ ਇਹ ਉਤਪਾਦਨ ਠੇਕਾ ਖੇਤੀ ਹੇਠ ਹੋਵੇਗਾ। ਟੀਚਾ ਇਹ ਰੱਖ ਕੇ ਚਲਿਆ ਜਾ ਰਿਹਾਹੈ ਕਿ ਇਵੇਂ ਬਾਜ਼ਾਰ ਵਿਚ ਨਕਦੀ ਫਸਲਾਂ ਨੂੰ ਉਤਸ਼ਾਹ ਮਿਲੇਗਾ ਅਤੇ ਅਨਾਜ ਉਤਪਾਦਨ ਘੱਟ ਹੋਵੇਗਾ। ਸਰਕਾਰ ਇਨ੍ਹਾਂ ਕੰਪਨੀਆਂ ਨੂੰ ਲਾਭ ਪਹੁੰਚਾਉਣ ਦੇ ਮੰਤਵ ਲਈ ਕਿਸਾਨਾਂ ਨੂੰ 25000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਫਲਾਂ ਅਤੇ ਫੁੱਲਾਂ ਦੀ ਪੈਦਾਵਾਰ ਲਈ ਸਿੱਧੀ ਅਦਾਇਗੀ ਦੇਣ ਦਾ ਲਾਲਚ ਦੇ ਰਹੀ ਹੈ ਤਾਂ ਕਿ ਇਹਦਾ ਉਤਪਾਦਨ ਵਧੇ ਅਤੇ ਵਿਓਪਾਰ ਕਰਨ ਵਾਲੀਆਂ ਕੰਪਨੀਆਂ ਨੂੰ ਕਿਸਾਨ ਸਸਤੀਆਂ ਕੀਮਤਾਂ ਉਤੇ ਆਪਣੀ ਪੈਦਾਵਾਰ ਵੇਚ ਸਕਣ। ਇਉਂ ਬਹੁਕੌਮੀ ਕੰਪਨੀਆਂ ਨੂੰ ਕਿਸਾਨ ਸਸਤੀਆਂ ਕੀਮਤਾਂ ਉਤੇ ਆਪਣੀ ਪੈਦਾਵਾਰ ਵੇਚ ਸਕਣ। ਇਉਂ ਬਹੁਕੌਮੀ ਕੰਪਨੀਆਂ ਨੂੰ ਲਾਭ ਦੀ ਰਿਐਤ ਦਿੱਤੀ ਜਾ ਰਹੀ ਹੈ। ਇਹ ਇਕ ਗੋਰਖ ਧੰਦਾ ਹੈ ਜਿਸ 'ਚ ਕਿਸਾਨ ਫਸੇਗਾ ਅਤੇ ਫਿਰ ਛਟਪਟਾਏਗਾ। ਸਾਡੇ ਧਿਆਨ 'ਚ ਅਜਿਹੇ ਕਈ ਕਿਸਾਨ ਹਨ ਜਿਹੜੇ ਖੇਤੀ ਵਿਭਿੰਨਤਾ ਦੇ ਚੱਕਰ 'ਚ ਵਧ ਮੁਨਾਫ਼ਾ ਹਾਸਲ ਕਰਨ ਦੇ ਮੰਤਵ ਨਾਲ ਫਸੇ ਅਤੇ ਫਿਰ ਕੰਗਾਲ ਹੋਏ। ਇਹ ਵੀ ਅਜਿਹੀ ਹੀ ਸਕੀਮ ਹੈ। ਇਨ੍ਹਾਂ ਕੇਸਾਂ ਦੀ ਸਟੱਡੀ ਅਜੇ ਕਿਸੇ ਅਦਾਰੇ ਵਲੋਂ ਨਹੀਂ ਕੀਤੀ ਜਾ ਰਹੀ।

ਯਾਦ ਹੋਵੇਗਾ 70ਵਿਆਂ 'ਚ ਜਦੋਂ ਹਰੇ ਇਨਕਲਾਬ ਦਾ ਮੁੱਢ ਬੰਨ੍ਹਿਆ ਸੀ ਅਤੇ ਖ਼ੁਰਾਕ ਸੁਰੱਖਿਆ ਦੀ ਬੂ ਦੁਹਾਈ ਪਾਈ ਸੀ ਤਾਂ ਸਿਫਰ ਕਣਕ ਅਤੇ ਝੋਨੇ ਨੂੰ ਹੀ ਖ਼੍ਰੀਦਣ ਅਤੇ ਸੰਭਾਲਣ ਉਤੇ ਜ਼ੋਰ ਦਿੱਤਾ ਸੀ। ਇਹਦਾ ਉਲਟ ਪ੍ਰਭਾਵ ਇਹ ਵੀ ਪਿਆ ਕਿ ਲਗਭਗ 370 ਕਿਸਾਨ ਦੀ ਪ੍ਰਚਲਿਤ ਫਸਲਾਂ ਜਿਹੜੀਆਂ ਅਨਾਜ ਲਈ ਵਰਤੀਆਂ ਅਤੇ ਬੀਜੀਆਂ ਜਾਂਦੀਆਂ ਸਨ ਅਤੇ ਜਿਨ੍ਹਾਂ ਦੇ ਪੌਸ਼ਟਿਕ ਤੱਤ ਮਨੁੱਖੀ ਸਿਹਤ ਲਈ ਲਾਹੇਵੰਦ ਸਨ, ਸਹਿਜੇ ਸਹਿਜੇ ਦਰਕਿਨਾਰ ਹੋ ਗਏ। ਇਨ੍ਹਾਂ ਕੁਦਰਤੀ ਫਸਲਾਂ ਵਿਚ ਜਿਹੜੇ ਗੁਣ ਤੇ ਤੱਤ ਸਨ ਉਹ ਮਨੁੱਖੀ ਸਰੀਰ ਨੂੰ ਕਈ ਭਿਆਨਕ ਬੀਮਾਰੀਆਂ ਨਾਲ ਲੜਨ ਦੇ ਯੋਗ ਬਣਾਉਂਦੇ ਸਨ ਅਤੇ ਉਨ੍ਹਾਂ ਦੇ ਦਾਖਲੇ ਲਈ ਸਰੀਰ ਵਿਚ ਇਕ ਵਾੜ ਭਾਵ ਸੁਰੱਖਿਆ ਛਤਰੀ ਪ੍ਰਦਾਨ ਕਰਦੇ ਸਨ ਪਰ ਇਨ੍ਹਾਂ ਦੀ ਪੈਦਾਵਾਰ ਅਤੇ ਮਿਲਣਾ ਲਗਭਗ ਖ਼ਤਮ ਹੋ ਗਿਆ ਹੈ। ਇਹਨੇ ਖੇਤੀ ਦੀ ਤਕਨੀਕ ਅਤੇ ਫਸਲੀ ਚੱਕਰ ਵੀ ਤੋੜ ਦਿੱਤਾ ਹੈ ਅਤੇ ਪੌਸ਼ਣ ਦੀ ਅਸੁਰੱਖਿਆ ਵੀ ਵਧੀ ਹੈ। ਕੀ ਇਹਦੇ ਜ਼ਿੰਮੇਵਾਰ ਕਿਸਾਨ ਹਨ? ਹਕੂਮਤ ਨਹੀਂ? ਜਵਾਰ, ਬਾਜਰਾ, ਰੌਂਗੀ, ਛੋਲੇ, ਹਰ ਕਿਸਮ ਦੀਆਂ ਦਾਲਾਂ, ਮੁਢਲ, ਦੇਸੀ ਕਣਕ, ਦੇਸੀ ਚੋਲ, ਆਲਸੀ ਤਿੱਲ ਮੇਥੇ ਆਦਿ ਕਈ ਕਿਸਮ ਦੀਆਂ ਫਸਲਾਂ ਦੇ ਨਾਂ ਹੁਣ ਬੀਜ ਮਿਲਦੇ ਹਨ ਨਾ ਖ਼੍ਰੀਦੀਆਂ ਜਾਂਦੀਆਂ ਹਨ ਨਾ ਬੀਜੀਆਂ ਜਾਂਦੀਆਂ ਹਨ। ਪੂਰੇ ਦੇਸ਼ ਵਿਚ ਖ਼ੁਰਾਕ ਸੁਰੱਖਿਆ ਅਤੇ ਖ਼ੁਰਾਕ ਭਾਵ (ਕਣਕ ਚੌਲ) ਪੈਦਾ ਕਰਨ ਦੇ ਸਭਿਆਚਾਰ ਨੇ ਸਮੁੱਚੀ ਕਿਸਾਨੀ ਹੀ ਨਹੀਂ ਦੇਸ਼ ਦੀ ਸੰਪਤੀ (ਮਨੁੱਖ ਜਾਤੀ) ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਇਸ ਪੂੰਜੀ ਦੀ ਖੇਤੀ ਨੂੰ ਪ੍ਰਚਾਰਨ ਪ੍ਰਸਾਰਨ ਦੀ ਦੋਸ਼ੀ ਹਕੂਮਤ ਨਹੀਂ ਤਾਂ ਹੋਰ ਕੀ ਹੈ। ਇਹੋ ਮਸ਼ੀਨੀ ਅਤੇ ਮੰਡੀ ਦਾ ਕਲਚਰ ਹੈ ਜਿਸ ਨੇ ਮਨੁੱਖ ਨੂੰ ਸੰਵੇਦਨਹੀਣ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਅਤੇ ਇਕ ਮਸ਼ੀਨੀ ਮਨੁੱਖ ਬਣਾ ਦਿੱਤਾ ਹੈ।

ਹੁਣ ਸਰਕਾਰ ਇਕ ਪਾਸੇ ਬਿਨਾਂ ਪਾਣੀ ਜਾਂ ਘੱਟ ਪਾਣੀ ਵਾਲੀਆਂ ਫਸਲਾਂ ਦੇ ਬੀਜ ਤਿਆਰ ਕਰਨ 'ਚ ਲੱਗੀ ਹੈ ਪਰ ਪਿਛਲੇ 40 ਸਾਲ ਲਗਾਤਾਰ ਉਨ੍ਹਾਂ ਫਸਲਾਂ ਦੇ ਬੀਜਾਂ ਦੀ ਮਾਰਕੀਟ ਨੂੰ ਉਤਸ਼ਾਹਿਤ ਕੀਤਾ ਮਾਰਕੀਟਿੰਗ ਕੀਤੀ ਅਤੇ ਸਬਸਿਡੀਆਂ ਦਿੱਤੀਆਂ। ਜਿਹੜੀਆਂ ਦੇਸੀ ਬੀਜਾਂ ਦੇ ਮੁਕਾਬਲੇ ਵੱਧ ਪਾਣੀ ਮੰਗਦੀਆਂ ਸਨ। ਬਿਨਾਂ ਰਸਾਇਣ ਖਾਦਾਂ ਦੇ ਉਤਪਾਦਨ ਦੀ ਸੁਰੱਖਿਆ ਨਹੀਂ। ਕੀੜੇ ਮਾਰ ਦਵਾਈਆਂ ਵਰਤੋਂ ਬਿਨਾਂ ਉਤਪਾਦਨ ਸੰਭਵ ਨਹੀਂ। ਅਜਿਹੀ ਖੇਤੀ ਵਿਚ ਕੀਹਦੇ ਹਿੱਤ ਸਨ? ਅੱਜ ਆਮ ਲੋਕਾਂ ਨੂੰ ਵੀ ਸਾਫ਼ ਹੋ ਗਿਆ ਹੈ। ਪਿਛਲੇਰੇ 40 ਸਾਲ ਮੁਨਾਫ਼ਾ ਉਹ ਹੀ ਕੰਪਨੀਆਂ ਲਿਜਾਂਦੀਆਂ ਰਹੀਆਂ ਜਿਹੜੀਆਂ ਬੀਜ, ਕੀੜੇ ਮਾਰ ਤੇ ਖਾਦਾਂ ਤਿਆਰ ਕਰਦੀਆਂ ਸਨ ਜਾਂ ਮਸ਼ੀਨਰੀ ਤਿਆਰ ਕਰਦੀਆਂ ਸਨ। ਕਿਸੇ ਦੇਸ਼ ਦਾ ਵਿਕਾਸ ਉਥੋਂ ਦੇ ਧਰਾਤਲ ਦੀ ਪਰਖ ਦੇ ਆਧਾਰਤ ਹੁੰਦਾ ਹੈ ਅਤੇ ਹਰ ਵਿਕਾਸ ਵਿਚ ਮਨੁੱਖ ਦੀ ਸੁਰੱਖਿਆ ਕੇਂਦਰ 'ਚ ਰਹਿਣੀ ਚਾਹੀਦੀ ਹੈ। ਪਰ ਭਾਰਤੀ ਹਕੂਮਤ ਨੇ ਨਾ ਭਾਰਤੀ ਮਨੁੱਖ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਨਾ ਹੀ ਇਸ ਦੇ ਸਮੁੱਚੇ ਬਹੁਪਰਤੀ ਪ੍ਰਭਾਵਾਂ ਨੂੰ ਜਿਸ 'ਚ ਵਾਤਾਵਰਣ ਸਿਹਤ, ਹਵਾ ਪਾਣੀ ਅਤੇ ਜ਼ਮੀਨ ਦਾ ਦੂਸ਼ਿਤ ਹੋਣ ਦੇ ਨਾਲ ਨਾਲ ਆਮ ਲੋਕਾਈ ਦਾ ਕਰਜ਼ੇ 'ਤੇ ਮੰਡੀ ਦੇ ਚੱਕਰਵਿਊ 'ਚ ਫਸ ਕੇ ਮਨੁੱਖ ਨੂੰ ਮਸ਼ੀਨੀ ਪੁਰਜਾ ਸੋਚਣ ਤੇ ਵਿਚਰਨ ਪੱਖੋਂ ਵੀ ਬਣਾ ਦੇਣਾ ਸੀ। ਇਸ ਮਹਾਂ ਪਾਪ ਦਾ ਭਾਗੀਦਾਰ ਕੌਣ ਹੈ? ਜਦੋਂ ਪਿਛਲੇਰੇ ਖੇਤੀ 'ਚ ਕੀਤੇ ਮਸ਼ੀਨੀਕਰਨ 'ਚ ਤਜਰਬੇ ਨਾਂਹਪੱਖੀ ਅਤੇ ਕਿਸਾਨ ਹੀ ਨਹੀਂ ਮਨੁੱਖਤਾ ਮਾਰੂ ਹਨ ਤਾਂ ਫਿਰ ਖੇਤੀ ਖੇਤਰ 'ਚ 100 ਫੀਸਦੀ ਪੂੰਜੀ ਨਿਵੇਸ਼ ਵਰਗੀ, ਇਕ ਹੋਰ ਗਲਤੀ ਜਾਂ ਪਾਪ ਮੁੜ ਕਿਉਂ? ਇਹੋ ਨਾ ਕਿ ਹਕੂਮਤ ਕਾਰਪੋਰੇਟੀ ਪੂੰਜੀ ਨੂੰ ਖ਼ੁਸ਼ ਕਰਨਾ ਚਾਹੁੰਦੀ ਹੈ ਅਤੇ ਕਾਰਪੋਰੇਟੀ ਪੂੰਜੀ ਦੇ ਵਿਕਾਸ ਨੂੰ ਅੰਕੜਿਆਂ 'ਚ ਢਾਲ ਕੇ ਆਪਣੀ ਹੀ ਪਿੱਠ ਥਾਪੜਦੀ ਰਹੇਗੀ ਕਿ ਦੇਖੋ ਪਿਛਲੀ ਸਰਕਾਰ ਦੀ ਵਿਕਾਸ 5 ਤੋਂ ਹੇਠਾਂ ਸੀ ਅਤੇ ਅਸੀਂ ਨਹੀਂ ਸਿਰਫ਼ ਮੋਦੀ ਨੇ 10 ਤੋਂ ਉਪਰ ਕਰ ਦਿੱਤੀ। ਇਹ 100 ਫੀਸਦੀ ਖੇਤੀ 'ਚ ਵਿਦੇਸ਼ੀ ਪੂੰਜੀ ਨਿਵੇਸ਼ ਵਿਕਾਸ ਨਹੀਂ, ਵਿਨਾਸ਼ ਸਾਬਤ ਹੋਵੇਗਾ। ਜਿਵੇਂ ਪਹਿਲਾਂ ਹਰਾ ਇਨਕਲਾਬ ਹੋਇਆ। ਜਿਸ ਨੇ ਕਿਸਾਨ ਤਬਾਹ ਕੀਤੇ ਅਤੇ ਕੰਪਨੀਆਂ ਤੇ ਬੈਂਕਾਂ ਨੂੰ ਮਾਲਾ ਮਾਲ ਕੀਤਾ।

ਖੇਤੀ 'ਚ ਵਿਕਾਸ ਕਰ ਵਧਾਉਣ ਦੇ ਸੁਪਨੇ 100 ਫੀਸਦੀ ਨਿਵੇਸ਼ ਨਾਲ ਪੂਰੇ ਹੋਣ ਵਾਲੇ ਨਹੀਂ। ਇਹ ਸਿਰਫ਼ ਖਾਮ ਖਿਆਲੀ ਹੈ ਇਸ ਦਾ ਅਸਲ ਮੰਤਵ ਕੁਝ ਹੋਰ ਹੈ। ਭਾਰਤ ਦੀ ਤ੍ਰਾਸਦੀ ਇਹ ਹੈ ਕਿ ਇਥੇ ਖੇਤੀ ਦੇ ਵਿਕਾਸ ਦੀ ਕਦੇ ਲੋਕ ਹਿੱਤੂ ਯੋਜਨਾ ਬਣੀ ਹੀ ਨਹੀਂ। ਹਾਂ ਪਹਿਲੀ ਪੰਜ ਸਾਲਾ ਯੋਜਨਾ ਵੇਲੇ ਜ਼ਰੂਰ ਖੇਤੀ ਨੂੰ ਪਹਿਲ ਦੇਣ ਦੀ ਕੋਸ਼ਿਸ਼ ਹੋਈ ਜਦੋਂ ਖੇਤੀ ਵਿਚ ਹੈਰੋਡ ਡੋਮਰ ਮਾਡਲ ਦੇ ਆਧਾਰਤ ਖੇਤੀ ਦਾ ਵਿਕਾਸ ਕਰਨ ਦੀ ਵਿਉਂਤ ਬਣੀ। ਇਹ ਯੋਜਨਾ ਦੀਆਂ ਪ੍ਰਾਪਤੀਆਂ ਮਿਥੇ ਟੀਚਿਆਂ ਨਾਲੋਂ ਵੱਧ ਸੀ। ਪਰ ਦੂਸਰੀ ਪੰਜ ਸਾਲਾ ਪਲੈਨ ਵਿਚ ਹੀ ਪ੍ਰਸ਼ਾਂਤ ਚੰਦਰ ਮਹਾਨ ਨਵੀਸ ਜਿਹੜੇ ਅੰਕੜਾ ਮਾਹਿਰ ਸਨ ਨੇ ਨਹਿਰੂ ਦੇ ਉਦਯੋਗਿਕ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਦੂਸਰੀ ਪੰਜ ਸਾਲ ਵਿਚ ਜਿਹੜੀ ਯੋਜਨਾ ਲਿਆਂਦੀ ਉਸ 'ਚੋਂ ਖੇਤੀ ਤੇ ਕਿਸਾਨ ਪਹਿਲ ਦੇ ਖੇਤਰ 'ਚੋਂ ਬਾਹਰ ਕਰ ਦਿੱਤੇ ਗਏ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਭਾਵ ਯੋਜਨਾ ਅਯੋਗ ਦੇ ਟੁੱਟਣ ਤੱਕ ਅਤੇ ਹੁਣ ਮੋਦੀ ਸਰਕਾਰਾਂ ਦੇ ਬਜਟਾਂ ਵਿਚ ਵੀ ਖੇਤੀ ਦੇ ਬਜਟ ਦੀ ਰਾਸ਼ੀ ਘਟਦੀ ਆ ਰਹੀ ਹੈ। ਦੇਸ਼ ਦੀ ਸਭ ਤੋਂ ਵੱਧ ਆਬਾਦੀ ਨੂੰ ਰੁਜ਼ਗਾਰ ਦੇਣ ਵਾਲਾ ਖੇਤਰ ਸਭ ਤੋਂ ਤ੍ਰਿਸਕਾਰ ਦਾ ਸ਼ਿਕਾਰ ਹੈ। ਬੇਸ਼ੱਕ ਸੰਸਦ 'ਚ ਕਿਸਾਨਾਂ ਦੇ ਨਾਂ ਪ੍ਰਧਾਨ ਮੰਤਰੀ ਤੋਂ ਲੈ ਕੇ ਸੰਸਦ ਮੈਂਬਰ ਮੱਗਰਮੱਛੀ ਹੰਝੂ ਵਹਾਉਣ ਤੋਂ ਨਹੀਂ ਚੁੱਕਦੇ, ਪਰ ਜੋ ਵੀ ਨੀਤੀਆਂ ਸਰਕਾਰ ਨੇ ਹੁਣ ਤੱਕ ਲਿਆਂਦੀਆਂ ਉਹ ਕਿਸਾਨ ਮਾਰੂ ਹੀ ਸਨ ਅਤੇ ਹਨ।

1990 ਤੋਂ 2000 ਦੇ ਦਹਾਕੇ 'ਚ ਜਦੋਂ ਖੇਤੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਮਹਿਜ ਦੋ ਫੀ ਸਦੀ ਰਹਿ ਗਿਆ ਤਾਂ ਇਸ ਉਤੇ ਨਜ਼ਰ ਰੱਖਣ ਵਾਲੇ ਅਰਥ ਸ਼ਾਸਤਰੀਆਂ ਲਈ ਇਹ ਗੰਭੀਰ ਵਿਸ਼ਾ ਬਣ ਗਿਆ ਜਿਸ ਦੇ ਚਲਦਿਆਂ ਸਰਕਾਰ ਨੇ ਐਮ. ਐਸ. ਸਵਾਮੀਨਾਥਨ ਦੀ ਅਗਵਾਈ 'ਚ ਇਕ ਕਮਿਸ਼ਨ ਵੀ ਬਿਠਾਇਆ ਤਾਂ ਕਿ ਖੇਤੀ ਸੰਕਟ ਤੋਂ ਮੁਕਤੀ ਕਿਵੇਂ ਹਾਸਲ ਕੀਤੀ ਜਾ ਸਕੇ। ਯਾਦ ਹੋਵੇਗਾ 1960 ਦੇ ਦਹਾਕੇ ਦੇ ਅੱਧ 'ਚ ਅਨਾਜ ਸੰਕਟ ਆਪਣੇ ਸਿਰੇ 'ਤੇ ਪਹੁੰਚ ਗਿਆ ਸੀ ਜਦੋਂ ਖਾਣ ਲਈ ਦੇਸ਼ ਦੇ ਆਵਾਮ ਕੋਲ ਅਨਾਜ ਹੀ ਨਹੀਂ ਸੀ। ਸੰਕਟ ਉਦੋਂ ਸ਼ੁਰੂ ਹੋਇਆ ਜਿਸ ਦੇ ਹੱਲ ਲਈ ਉਸ ਸਮੇਂ ਅਮਰੀਕਨ ਸਾਮਰਾਜਵਾਦੀਆਂ ਪਾਸੋਂ ਨਾ ਸਿਰਫ਼ ਸ਼ਰਮਨਾਕ ਸ਼ਰਤਾਂ ਅਧੀਨ ਕਣਕ ਤੇ ਹੋਰ ਅਨਾਜ ਮੰਗਵਾਇਆ ਗਿਆ ਸਗੋਂ ਉਨ੍ਹਾਂ ਦੀਆਂ ਸ਼ਰਤਾਂ ਹੇਠ ਖੇਤੀ ਵਿਕਸਿਤ ਕਰਨ ਦੀ ਤਕਨੀਕ ਵੀ ਮੰਗਵਾਈ ਗਈ। ਅਮਰੀਕਨ ਕਣਕ ਨਾਂ ਦੇ ਬੀਜ ਤੋਂ ਪਿਛੋਂ ਜਿਹੜੀ ਤਕਨੀਕ ਆਈ ਉਹਨੂੰ ਹਰੇ ਇਨਕਲਾਬ ਦਾ ਨਾਂ ਦਿੱਤਾ। ਅਮਰੀਕੀ ਕੰਪਨੀਆਂ ਦੇ ਸਹਿਯੋਗ ਨਾਲ ਖੇਤੀ ਯੂਨੀਵਰਸਿਟੀਆਂ ਖੋਹਲੀਆਂ ਜਿਨ੍ਹਾਂ ਨੇ ਜੋ ਕੁਝ ਕੀਤਾ ਇਹ ਦਾ ਕੱਚਾ ਚਿੱਠਾ ਅਲੱਗ ਹੈ ਪਰ ਇਸ ਤਕਨੀਕ ਨੇ ਸਾਡੀ

ਪ੍ਰੰਪਰਾਗਤ ਖੇਤੀ ਨੂੰ ਤਬਾਹ ਕਰ ਦਿੱਤਾ। ਪ੍ਰੰਪਰਾਗਤ ਖੇਤੀ ਹੀ ਤਬਾਹ ਨਹੀਂ ਹੋਈ ਸਗੋਂ ਕਿਸਾਨਾਂ ਦੀ ਤਬਾਹੀ ਦਾ ਸਿਲਸਿਲਾ ਵੀ ਸ਼ੁਰੂ ਹੋਇਆ ਜਿਹਦੀ ਭਿਆਨਕ ਵੀ ਅੱਜ ਸਿਰ ਚੜ੍ਹ ਬੋਲ ਰਹੀ ਹੈ।

1991 ਤੋਂ ਪਿਛੋਂ ਤਾਂ ਜਿਹੜੇ ਆਰਥਿਕ ਸੁਧਾਰਾਂ ਦਾ ਹੋ ਹੱਲਾ ਮੱਚਣਾ ਸ਼ੁਰੂ ਹੋਇਆ ਇਸ ਨੇ ਖੇਤੀ ਖੇਤਰ ਨੂੰ ਉਕਾ ਹੀ ਵਿਸਾਰ ਦਿੱਤਾ। ਕਿਸੇ ਰਾਜਸੀ ਪਾਰਟੀ ਅਤੇ ਉਹਦੇ ਵਿਦਵਾਨਾਂ ਕੋਲ, ਵਿੱਤ ਮੰਤਰੀਆਂ, ਖੇਤੀ ਮੰਤਰੀਆਂ ਜਾਂ ਖੇਤੀ ਆਰਥਿਕ ਮਾਹਿਰਾਂ ਕੋਲ ਖੇਤੀ ਨੂੰ ਦੇਸ਼ ਦੀਆਂ ਘਰੇਲੂ ਲੋੜਾਂ ਹਿੱਤ ਵਿਕਸਿਤ ਕਰਨ ਦਾ ਕੋਈ ਪ੍ਰੋਗਰਾਮ ਹੈ ਹੀ ਨਹੀਂ ਸੀ। ਇਥੋਂ ਤੱਕ ਕਿ ਸੱਤਾ 'ਚ ਸਮੇਂ ਸਮੇਂ ਬੈਠੀਆਂ ਲੋਕ ਹਿੱਤੂ ਧਿਰਾਂ ਵੀ ਕੋਈ ਬਦਲਵਾਂ ਖੇਤੀ ਮਾਡਲ ਦੇਣ ਤੋਂ ਅਸਮਰਥ ਰਹੀਆਂ। ਸਾਰੀਆਂ ਧਿਰਾਂ ਵਿਸ਼ਵ ਬੈਂਕ ਜਾਂ ਕੌਮਾਂਤਰੀ ਮੁਦਰਾਕੋਸ਼ ਦੀ ਸਿਫਾਰਸ਼ ਹਿਤੂ ਨੀਤੀਆਂ ਉਤੇ ਸਹਿਮਤੀ ਬਣਾ ਕੇ ਲਾਗੂ ਕਰਨ ਦੀਆਂ ਸਿਫਾਰਸ਼ਾਂ ਕਰਦੇ ਰਹੇ। ਇਸ ਚਕਾਚੌਂਧ (ਸਾਈਨਿੰਗ) ਨੇ ਕਿਸਾਨਾਂ ਦੀ ਤ੍ਰਾਸਦੀ ਅਤੇ ਪੂੰਜੀਪਤੀਆਂ ਕਾਰਪੋਰੇਟ ਘਰਾਣਿਆਂ ਦੀ ਸਾਈਨਿਰਗਤਾ (ਚਕਾਚੌਂਧਤਾ) ਨੂੰ ਹੀ ਸਾਹਮਣੇ ਲਿਆਂਦਾ।

ਇਸ 'ਚ ਕੋਈ ਸ਼ੱਕ ਨਹੀਂ ਕਿ ਜ਼ਮੀਨੀ ਸੁਧਾਰਾਂ ਦੀ ਮੰਗ ਲੋਕ ਹਿੱਤੂ ਧਿਰਾਂ ਵਲੋਂ ਲਗਾਤਾਰ ਕੀਤੀ ਜਾਂਦੀ ਰਹੀ। ਇਕ ਸਮੇਂ ਤੱਕ ਇਸ 'ਤੇ ਕੁਝ ਅਮਲ ਹੋਇਆ ਵੀ ਪਰ ਜਿਵੇਂ ਹੀ ਹਰਾ ਇਨਕਲਾਬ ਦੀ ਸ਼ੁਰੂਆਤ ਹੋਈ ਇਹ ਚੁਪਕੇ ਜਿਹੇ ਰੋਕ ਦਿੱਤਾ ਗਿਆ। ਕਿਉਂਕਿ ਹਰੇ ਇਨਕਲਾਬ ਦੀ ਤਕਨੀਕ ਵੱਡੇ ਆਕਾਰ ਦੀ ਖੇਤੀ ਆਧਾਰਤ ਸੀ ਅਤੇ ਖੇਤੀ ਦਾ ਆਧੁਨਿਕੀਕਰਨ ਅਤੇ ਮਸ਼ੀਨੀਕਰਨ ਵੀ ਇਹੀ ਮੰਗ ਕਰਦਾ ਸੀ। ਇਸ ਵਿਚ ਅਮਰੀਕੀ ਸਾਮਰਾਜੀਆਂ ਜਾਂ ਸਾਮਰਾਜੀ ਪੂੰਜੀ ਦੇ ਹਿੱਤ ਸਨ। ਇਸ ਹਰੇ ਇਨਕਲਾਬ ਨੇ ਮਸ਼ੀਨੀਕਰਨ, ਰਸਾਇਣਿਕ ਖਾਦਾਂ ਕੀਟਨਾਸ਼ਕਾਂ ਦੇ ਨਾਲ ਨਾਲ ਆਧੁਨਿਕ ਬੀਜਾਂ ਦੀ ਵਰਤੋਂ ਹੀ ਨਹੀਂ ਵਧਾਈ ਸਗੋਂ ਇਕ ਪੂਰੀ ਮੰਡੀ ਦੇ ਨਾਲ ਕਿਸਾਨ ਨੂੰ ਜੋੜ ਦਿੱਤਾ। ਖੇਤੀ ਪੈਦਾਵਾਰ ਦੀ ਵਿਕਰੀ ਦੇ ਪ੍ਰਬੰਧ ਅਤੇ ਵਿਦੇਸ਼ੀ ਜਿਣਸਾਂ ਦੀ ਮੰਡੀ 'ਚ ਮੁਕਾਬਲੇਬਾਜ਼ੀ ਇਹ ਪੂਰਾ ਆਲ ਜਲਾਲ ਆਧੁਨਿਕ ਪੂੰਜੀਵਾਦ ਦੀ ਦੇਣ ਸੀ ਜਿਸ ਨੇ ਕਿਸਾਨ ਨੂੰ ਚੁਫੇਰਿਓਂ ਆਪਣੀ ਗ੍ਰਿਫਤ 'ਚ ਲੈ ਲਿਆ।

ਅਮਰੀਕੀ ਸਾਮਰਾਜੀ ਪੂੰਜੀ ਦੇ ਹਿੱਤਾਂ ਦੀ ਪੂਰਤੀ ਦਾ ਇਕ ਰੂਪ ਖੇਤੀ ਨਾਲ ਸਬੰਧਤ ਉਤਪਾਦਾਂ ਵਾਲੀਆਂ ਬਹੁਕੌਮੀ ਕਾਰਪੋਰੇਸ਼ਨਾਂ ਲਈ ਮੰਡੀ ਤਿਆਰ ਕਰਨਾ ਜੋ ਉਸ ਨੂੰ ਮਿਲੀ ਅਤੇ ਅਥਾਹ ਪੂੰਜੀ ਕੀੜੇਮਾਰ ਨੂੰ, ਰਸਾਇਣ ਖਾਦਾਂ ਅਤੇ ਬੀਜਾਂ ਦੀਆਂ ਕੰਪਨੀਆਂ ਬਟੋਰ ਕੇ ਭਾਰਤ 'ਚੋਂ ਲੈ ਕੇ ਗਈਆਂ ਭਾਵ ਇਕ ਪੂਰ ਖੇਤੀ ਦਾ ਬਾਜ਼ਾਰ ਉਨ੍ਹਾਂ ਦੇ ਹੱਥ ਲੱਗਾ। ਦੂਸਰਾ ਹਿੱਤ ਇਹ ਸੀ ਕਿ ਇਸ ਹਰੇ ਇਨਕਲਾਬ ਨੇ ਵਿਸਫੋਟਕ ਖੇਤੀ ਸੰਕਟ ਜੋ 60-70ਵਿਆਂ ਵਿਚ ਉਭਰ ਕੇ ਆਇਆ ਸੀ ਅਤੇ ਜਿਸ 'ਚੋਂ ਕਿਸਾਨੀ ਤੇ ਜਵਾਨੀ ਦਾ ਵੱਡਾ ਹਿਸਾ ਸਮਾਜਵਾਦ ਵੱਲ ਖਿੱਚਿਆ ਗਿਆ ਸੀ, ਨੂੰ ਵਕਤੀ ਤੌਰ 'ਤੇ ਰੋਕ ਕੇ ਖਤਰਾ ਟਾਲ ਲਿਆ। ਹਰੇ ਇਨਕਲਾਬ ਦੇ ਸਾਕਾਰਾਆਤਮਕ ਅਤੇ ਨਾਕਾਰਾਆਤਮਕ ਦੋਹਾਂ ਕਿਸਮਾਂ ਦੇ ਪ੍ਰਭਾਵ ਦੇਖੇ ਜਾ ਸਕਦੇ ਹਨ। ਜਿਥੇ ਖੇਤੀ 'ਚ ਤੇਜ਼ ਵਿਕਾਸ ਨੇ ਅਨਾਜ ਸਮੱਸਿਆ ਦਾ ਹੱਲ ਕਰਦਿਆਂ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਤੋਂ ਨਿਜਾਤ ਦੁਆ ਦਿੱਤੀ, ਉਥੇ ਖੇਤੀ 'ਚ ਪੂੰਜੀਵਾਦੀ ਸਬੰਧਾਂ ਦਾ ਤੇਜ਼ੀ ਨਾਲ ਵਿਕਾਸ ਹੋਇਆ। ਇਹਦਾ ਇਕ ਹੋਰ ਖੇਤੀ ਖੇਤਰ ਵਿਚ ਵੱਧ ਫੁੱਲ ਰਹੀ (ਪੂੰਜੀਵਾਦੀ ਲੈਂਡ ਲਾਰਡ) ਜਮਾਤ ਦੀਆਂ ਇੱਛਾਵਾਂ ਅਤੇ ਖਾਹਿਸ਼ਾਂ ਦੇ ਰੂਪ 'ਚ ਸਾਹਮਣੇ ਆਇਆ ਜਿਸ ਨੇ ਆਪਣੇ ਹਿੱਤਾਂ ਲਈ ਅਤੇ ਹਿੱਤਾਂ ਦੀ ਸੌਦੇਬਾਜ਼ੀ ਲਈ ਨੌਜਵਾਨਾਂ ਨੂੰ ਭਰਮਾਉਣ ਦੇ ਅਜਿਹੇ ਨਾਅਰੇ ਦਿੱਤੇ ਜਿਹੜੇ ਜਜ਼ਬਾਤੀ ਸਨ ਅਤੇ ਸਮਾਂ ਵਿਹੂਣੇ ਵੀ। ਇਸ ਦੌਰ ਨੇ ਖੇਤੀ ਦੇ ਸੰਕਟ ਅਸਲ ਕਾਰਨਾਂ ਨੂੰ ਫੜਣ ਤੋਂ ਧਿਆਨ ਲਾਂਭੇ ਕਰਦਿਆਂ ਸਮੱਸਿਆ ਦਾ ਹੱਲ ਇਕ ਵੱਖਰੇ ਕਾਲਪਨਿਕ ਰਾਜ ਦੇ ਵੇਗ ਅਤੇ ਯਥਾਰਥ ਵਿਹੂਣੇ ਵਿਚਾਰਾਂ ਵੱਲ ਧਕਦਿਆਂ, ਅਸਲ ਮੁੱਦੇ ਉਤੇ ਧਿਆਨ ਕੇਂਦਰਤ ਕਰਨ ਨੂੰ ਹੀ ਔਜੜੇ ਰਾਹ ਪਾ ਦਿੱਤਾ। ਖੇਤੀ ਸੰਕਟ ਆਰਥਿਕ ਸੀ, ਨਵੀਂ ਪੂੰਜੀਵਾਦ ਲੈਂਡਲਾਰਡ ਜਮਾਤ ਦੇ ਹਿੱਤ ਸੱਤਾ 'ਚੋਂ ਹਿੱਸੇਦਾਰੀ ਤੱਕ ਸੀਮਤ ਸਨ। ਇਸ ਸੰਕਟ 'ਚੋਂ ਆਵਾਮ ਨੂੰ ਕੱਢਣ ਦਾ ਪੈਂਤੜਾ ਮੁਤਬਾਦਲ ਆਰਥਿਕ ਪ੍ਰਬੰਧ ਦੀ ਸਿਰਜਣਾ ਦਾ ਸੰਕਲਪ ਸੀ। ਪਰ ਅਜੋਕੀ ਸਾਮਰਾਜੀ ਪੂੰਜੀ ਬੜੀ ਤੇਜ਼ ਤਰਾਰ ਤੇ ਚਾਲਬਾਜ਼ ਹੈ। ਧਰਮ ਆਧਾਰਤ ਰਾਜ ਦੇ ਸਿਰਜਨ ਦੇ ਨਾਅਰੇ ਨੇ ਸੰਕਟ 'ਚ ਫਸੀ ਕਿਸਾਨੀ ਨੂੰ ਕਿਸੇ ਹੋਰ ਪਾਸੇ ਧਕ ਕੇ ਦੋ ਤਿੰਨ ਦਹਾਕਿਆਂ ਲਈ ਸੱਤਾ ਵਿਰੁੱਧ ਉਠਣ ਵਾਲੀਆਂ ਕਿਸਾਨ ਲਹਿਰਾਂ ਦਾ ਰਾਹ ਭਟਕਾਅ ਦਿੱਤਾ।

ਹਰੇ ਇਨਕਲਾਬ ਦਾ ਸਮਾਂ ਸਿਰਫ਼ 10-15ਸਾਲ ਦਾ ਹੀ ਸੀ। ਹਰੇ ਇਨਕਲਾਬ ਦੀ ਪਹਿਲੀ ਸਮੱਸਿਆ ਖੇਤੀ ਦੀ ਪੈਦਾਵਾਰ ਵਿਚ ਵਾਧੇ ਦਾ ਠਹਿਰਾਅ ਸੀ ਅਤੇ ਇਹ ਵਾਧੇ ਦੀ ਦਰ ਸਹਿਜੇ ਸਹਿਜੇ ਰੁਕ ਗਈ। ਕਿਸਾਨਾਂ ਵਲੋਂ ਵਧੇਰੇ ਫਸਲ ਦੇ ਲਾਲਚ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀ ਵਧੇਰੇ ਵਰਤੋਂ ਕਰਨ ਅਤੇ ਵਧੇਰੇ ਨਿਵੇਸ਼ ਕਰਨ ਦੇ ਬਾਵਜੂਦ ਇਹ ਆਮ ਦਿਨ 'ਚ ਗਿਰਾਵਟ ਦੇ ਰੂਪ 'ਚ ਸਾਹਮਣੇ ਆਇਆ। ਦੁਨੀਆ ਦੇ ਪੱਧਰ ਉਤੇ ਅਤਿ ਢੁਕਵੇਂ ਮੌਸਮ ਅਤੇ ਉੱਚ ਜ਼ਮੀਨੀ ਕੁਆਲਟੀ ਦੇ ਬਾਵਜੂਦ ਵਿਸ਼ਵ ਦੇ ਮੁਕਾਬਲੇ ਘੱਟ ਪੈਦਾਵਾਰ। ਵੱਧ ਲਾਗਤ ਅਤੇ ਉਤਪਾਦਨ ਅਤੇ ਮੰਡੀ 'ਚ ਕੀਮਤਾਂ ਦੀ ਗਿਰਾਵਟ ਇਹ ਸਭ ਕੁਝ ਇਕ ਸੰਕਟ ਦੇ ਜਨਮਦਾਤਾ ਹਨ। ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਹ ਸੰਕਟ ਕੁਦਰਤੀ ਸੰਕਟ ਨਹੀਂ ਸਗੋਂ ਪੂੰਜੀ ਦੇ ਪ੍ਰਬੰਧ ਵਲੋਂ ਥੋਪਿਆ ਹੋਇਆ ਸੰਕਟ ਹੈ। ਇਹਨੂੰ ਇਕ ਹੋਰ ਰੂਪ ਵਿਚ ਵੀ ਵੇਖਿਆ ਜਾ ਸਕਦਾ ਹੈ। ਮਿਸਾਲ ਲਈ ਜਦੋਂ ਦੇਸ਼ ਆਜ਼ਾਦ ਹੋਇਆ ਦੇਸ਼ ਵਿਚ 141 ਮਿਲੀਅਨ ਹੈਕਟੇਅਰ ਜ਼ਮੀਨ ਵਿਚ ਖੇਤੀ ਹੁੰਦੀ ਸੀ ਅਤੇ ਦੇਸ਼ 'ਚ 11 ਕਰੋੜ ਕਿਸਾਨ ਸਨ ਅਤੇ ਸਾਢੇ ਸਤ ਕਰੋੜ ਖੇਤ ਮਜ਼ਦੂਰ ਸਨ। 1991 'ਚ ਪਹੁੰਚਦਿਆਂ-ਪਹੁੰਚਦਿਆਂ ਖੇਤੀ 142 ਮਿਲੀਅਨ ਹੈਕਟੇਅਰ ਜ਼ਮੀਨ ਉਤੇ ਹੋਣ ਲੱਗੀ ਅਤੇ ਕਿਸਾਨ 11 ਕਰੋੜ ਤੋਂ ਘੱਟ ਕੇ 10 ਕਰੋੜ ਰਹਿ ਗਏ। 1991 'ਚ ਆਰਥਿਕ ਸੁਧਾਰ ਆਏ। ਨਵੀਂ ਆਰਥਿਕ ਨੀਤੀ ਦੇ ਹੋ ਹੱਲੇ ਹੇਠ ਉਦਯੋਗਿਕ ਧੰਦੇ, ਇਨਫਰਾਸਟਰਕਚਰ, ਰੀਅਲ ਅਸਟੇਟ ਅਤੇ ਸੇਜ਼ ਦੇ ਨਾਂ ਉਤੇ ਖੇਤੀ ਦੀ ਜ਼ਮੀਨ ਹਥਿਆਉਣ ਦਾ ਸਿਲਸਿਲਾ ਸ਼ੁਰੂ ਹੋਇਆ। 2014 ਤੱਕ ਪਹੁੰਚਦਿਆਂ ਪਹੁੰਚਦਿਆਂ ਜ਼ਮੀਨ ਘੱਟ ਕੇ 139 ਮਿਲੀਅਨ ਹੈਕਟੇਅਰ ਤੱਕ ਆ ਗਈ ਅਤੇ ਕਿਸਾਨ ਘੱਟ ਕੇ 9 ਕਰੋੜ ਰਹਿ ਗਏ ਅਤੇ ਮਜ਼ਦੂਰ ਵਧ ਕੇ 11 ਕਰੋੜ ਹੋ ਗਏ। ਹਾਲਾਤਾਂ ਨੇ ਕਿਸਾਨਾਂ ਨੂੰ ਖੇਤੀ ਛੱਡਣ ਲਈ ਮਜ਼ਬੂਰ ਕਰ ਦਿੱਤਾ ਹੈ। ਖੇਤੀ ਲਾਗਤ ਅਤੇ ਮੁੱਲ ਅਯੋਗ ਜਿਹਨੂੰ ਕਮਿਸ਼ਨ ਫਾਰ ਐਗਰੀਕਲਚਰ ਕਾਸਟ ਐਂਡ ਪ੍ਰਾਈਸਿਸ ਕਹਿੰਦੇ ਹਨ, ਦੀ ਰਿਪੋਰਟ 'ਤੇ ਆਧਾਰਤ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ - ਜਦੋਂ ਤੱਕ ਸਰਕਾਰ ਕਿਸਾਨਾਂ ਦੀ ਕੋਈ ਨਿਸ਼ਚਿਤ ਆਮਦਨ ਦਾ ਕੋਈ ਰਾਹ ਨਹੀਂ ਕੱਢਦੀ ਉਦੋਂ ਤੱਕ ਕਿਸਾਨਾਂ ਦੀ ਰੁਜ਼ਗਾਰ ਸੁਰੱਖਿਆ ਇਕ ਕੱਚੇ ਧਾਗੇ ਵਾਂਗੂੰ ਰਹੇਗੀ। ਜਿਹੜਾ ਅੱਜ ਟੁੱਟਾ ਜਾਂ ਕੱਲ ਟੁੱਟਾ। ਇਸ ਸਰਕਾਰੀ ਸੰਗਠਨ ਨੇ ਹੀ 2011 ਅਤੇ 2012-13 ਦੇ ਦੌਰਾਨ ਔਸਤ ਲਾਗਤ ਲਾਭ ਦੀ ਗਿਣਤੀ ਮਿਣਤੀ ਕੀਤੀ ਜਿਸ ਮੁਤਾਬਕ ਦੇਸ਼ ਦੇ ਪੈਮਾਨੇ ਉਤੇ ਕਣਕ ਦੀ ਫਸਲ ਦੀ ਪ੍ਰਤੀ ਹੈਕਟੇਅਰ ਨੈਟ ਰੀਟਰਨ ਭਾਵ ਕੁੱਲ ਲਾਭ 14260 ਰੁਪਏ ਹੈ। ਇਸ ਸਾਰੀ ਰਿਪੋਰਟ ਦਾ ਜਮ੍ਹਾਂ ਜੋੜ ਇਹ ਹੈ ਕਿ ਜੇ ਉਤਰ ਪ੍ਰਦੇਸ਼ ਦੇ ਕਿਸਾਨ ਨੂੰ ਇਕ ਹੈਕਟੇਅਰ 'ਚੋਂ ਸਿਰਫ਼ 15069 ਰੁਪਏ ਹੀ ਬਚਦੇ ਹਨ ਤਾਂ ਉਸ ਦੀ ਮਹੀਨੇ ਦੀ ਆਮਦਨ 1300-1400 ਰੁਪਏ ਹੀ ਆਮਦਨ ਗਿਣਤੀ ਜਾਂਦੀ ਹੈ ਅਤੇ ਇਉਂ ਹੀ ਪੰਜਾਬ ਵਿਚ ਇਹ ਕਣਕ 'ਚ 18701 ਰੁਪਏ ਪ੍ਰਤੀ ਹੈਕਟੇਅਰ ਅਤੇ ਝੋਨਾ 36352 ਰੁਪਏ ਪ੍ਰਤੀ ਹੈਕਟਰ ਦਾ ਜਮ੍ਹਾਂ ਜੋੜ ਕਰਕੇ ਮਾਸਿਕ ਆਮਦਨ 3029 ਰੁਪਏ ਹੀ ਬਣਦੀ ਹੈ। ਛੇਵੇਂ ਤਨਖਾਹ ਕਮਿਸ਼ਨ ਮੁਤਾਬਕ ਇਕ ਦਰਜਾ ਚਾਰ (ਚਪੜਾਸੀ) ਦੀ ਤਨਖਾਹ 25000 ਪ੍ਰਤੀ ਮਹੀਨਾ ਹੈ। ਦੇਸ਼ ਦੀ 54 ਫੀਸਦੀ ਆਬਾਦੀ ਭਾਵ 60 ਕਰੋੜ ਕਿਸਾਨਾਂ ਨੂੰ ਜਿਊਣ ਦੇ ਪੱਧਰ ਦੀ ਆਮਦਨ ਵੀ ਨਹੀਂ। ਅਜਿਹੇ ਹਾਲਤ ਵਿਚ ਕੰਗਾਲੀ, ਭੁਖਮਰੀ ਤੇ ਜ਼ਮੀਨਾਂ ਵੇਚਣ ਪਿਛੋਂ ਖੁਦਕਸ਼ੀ ਤੋਂ ਇਲਾਵਾ ਉਸ ਕੋਲ ਕੀ ਬਦਲ ਹੈ। ਹਕੂਮਤ ਤਾਂ ਸੰਸਦ 'ਚ ਮਗਰਮੱਛੀ ਹੰਝੂ ਵਹਾ ਸਕਦੀ ਹੈ ਉਹਦੇ ਜੀਵਨ ਦੀ ਗਰੰਟੀ ਨਹੀਂ।

ਹੁਣ ਜਦੋਂ ਖੇਤੀ 'ਚ 100 ਫੀਸਦੀ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਹਰੀ ਝੰਡੀ ਮਿਲੇਗੀ ਤਾਂ ਲਾਜ਼ਮੀ ਹੈ ਜਿਥੇ ਮਸ਼ੀਨੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਉਥੇ ਇਸ ਲਈ ਵੱਡੇ ਫਾਰਮਾਂ ਦੀ ਲੋੜ ਵੀ ਪਵੇਗੀ ਅਤੇ ਵਿਦੇਸ਼ੀ ਪੂੰਜੀ ਇਥੋਂ ਹੀ ਭਾਰਤੀ ਬੈਂਕਾਂ ਤੋਂ ਕਰਜ਼ੇ ਲੈ ਕੇ ਛੋਟੀ ਕਿਸਾਨੀ ਨੂੰ ਉਜਾੜਨ ਵਿਚ ਸਿੱਧੀ ਭੂਮਿਕਾ ਨਿਭਾਵੇਗਾ। ਵਿਸ਼ਵ ਬੈਂਕ ਤਾਂ ਪਹਿਲਾਂ ਹੀ ਇਹ ਕਹਿ ਰਿਹਾ ਹੈ ਕਿ ਭਾਰਤ ਦੀ ਖੇਤੀ ਛੋਟੀ ਹੋਣ ਕਰਕੇ ਵੱਧ ਖਰਚੀਲੀ ਹੈ। ਵੱਡੇ ਫਾਰਮਾਂ ਅਤੇ ਆਧੁਨਿਕ ਮਸ਼ੀਨੀਕਰਨ ਦੀ ਵਰਤੋਂ ਨਾਲ ਖੇਤੀ ਦੀ ਲਾਗਤ ਤਾਂ ਘਟਾ ਦੇਣਗੇ ਪਰ ਕਰੋੜ ਕਰੋੜ ਜ਼ਮੀਨ ਵਿਹੂਣੇ ਹੋਣ ਵਾਲੇ ਲੋਕਾਂ ਲਈ ਰੁਜ਼ਗਾਰ ਕਿਥੋਂ ਅਰਜਿਤ ਕਰਨਗੇ? (ਇਹੋ ਹਾਲ ਖੇਤੀ ਸਹਾਇਕ ਧੰਦੇ ਪਸ਼ੂ ਪਾਲਣ ਦਾ ਹੈ ਜਿਸ ਬਾਰੇ ਚਰਚਾ ਤਾਂ ਫੇਰ ਕਰਾਂਗੇ। ਪਰ ਇਸ ਖੇਤਰ ਵਿਚ ਵੀ ਵੱਡੇ ਡੇਅਰੀ ਫਾਰਮ ਖੋਲ੍ਹਣ ਦੀ ਨੀਤੀ ਹੇਠ ਹੀ ਵਿਦੇਸ਼ੀ ਤਕਨੀਕ ਅਪਣਾਈ ਜਾ ਰਹੀ ਹੈ। ਅਗਲੇਰੇ ਦੋ ਲੇਖਾ ਜੈਵਿਕ ਖੇਤੀ ਦਾ ਅਡੰਬਰ ਅਤੇ ਖੇਤੀ ਬਾਜ਼ਾਰ ਦੀ ਆਰਥਿਕਤਾ ਉਤੇ ਚਰਚਾ ਕਰਾਂਗੇ।)

ਮੁਕਦੀ ਗੱਲ ਇਹ ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਜੇ ਕੰਗਾਲੀ ਅਤੇ ਭੁਖਮਰੀ ਕੰਢੇ ਖੁਦਕਸ਼ੀ ਲਈ ਮਜ਼ਬੂਰ ਹੈ ਤਾਂ ਸਰਕਾਰੀ ਨੀਤੀਆਂ ਜਿਹੜੀਆਂ ਪੂੰਜੀ ਦੇ ਵਿਕਾਸ ਦੀਆਂ ਹਮਾਇਤੀ ਹਨ, ਕਿਸਾਨੀ ਲਈ ਸੀੜ੍ਹੀ ਭਾਵ ਮੌਤ ਦਾ ਸਾਮਾਨ ਤਿਆਰ ਕਰਨ ਵਾਲੀਆਂ ਹਨ। ਹੁਣੇ ਹੁਣੇ ਆਰਡੀਨੈਂਸਾਂ ਰਾਹੀਂ ਲਾਗੂ ਕੀਤਾ ਜਾ ਰਿਹਾ ਜ਼ਮੀਨ ਪ੍ਰਾਪਤੀ ਆਰਡੀਨੈਂਸ 2015 ਵਿਸ਼ਵੀ ਪੂੰਜੀ ਦੇ ਚਾਰੇ ਲਈ ਸਾਰੇ ਰਾਹ ਖੋਹਲ ਦਿੰਦਾ ਹੈ। ਵਿਦੇਸ਼ੀ ਪੂੰਜੀ ਕਿਸਾਨ ਤੇ ਜ਼ਮੀਨ ਨੂੰ ਹੜੱਪੇਗੀ ਅਤੇ ਡਕਾਰ ਵੀ ਨਹੀਂ ਮਾਰੇਗੀ। ਦੇਸ਼ ਦਾ ਪ੍ਰਧਾਨ ਮੰਤਰੀ ਵਿਦੇਸ਼ੀ ਸਾਜ਼ਾਂ ਉਤੇ ਇਹ ਜਾਪ ਕਰੇਗਾ।" ਭੁੱਖਾ ਭਾਰਤ ਭੁੱਖਿਆਂ ਦਾ ਹੈ-ਸ਼ਾਈਨਿੰਗ ਇੰਡੀਆ ਪੂੰਜੀਪਤੀਆਂ ਦਾ।"

ਇਰਾਕ ਸੰਕਟ

# ਢਿੱਡ ਦੀ ਭੁੱਖ ਤੋਂ ਖਤਰੇ ਛੋਟੇ...

ਚਰਨਜੀਤ ਭੁੱਲਰ

ਜਵਾਨਾਂ ਨੂੰ ਖਾੜੀ ਮੁਲਕਾਂ ਦੇ ਖਤਰੇ ਢਿੱਡ ਦੀ ਭੁੱਖ ਤੋਂ ਛੋਟੇ ਲੱਗਦੇ ਹਨ। ਇਰਾਕ ਸੰਕਟ ਨੇ ਦਰਜਨਾਂ ਪੰਜਾਬ ਦੇ ਮਾਪਿਆਂ ਨੂੰ ਸੁੱਕਣੇ ਪਾਇਆ ਹੋਇਆ ਹੈ। ਫਿਰ ਵੀ ਲੰਘੇ ਇੱਕ ਵਰੇਵਿਚ ਪੰਜਾਬ 'ਚੋਂ 45,784 ਨੌਜਵਾਨ ਖਾੜੀ ਮੁਲਕਾਂ ਵਿਚ ਰੋਜ਼ੀ ਰੋਟੀ ਦੀ ਤਲਾਸ਼ ਵਿਚ ਗਏ ਹਨ। ਖਾੜੀ ਮੁਲਕਾਂ ਸਮੇਤ ਡੇਢ ਦਰਜਨ ਮੁਲਕਾਂ ਵਿਚ 1 ਅਪਰੈਲ 2014 ਤੋਂ ਫਰਵਰੀ 2015 ਤੱਕ 7.38 ਲੱਖ ਭਾਰਤੀ ਨੌਜਵਾਨ ਪੁੱਜ ਗਏ ਹਨ। ਇਨ੍ਹਾਂ ਵਿਚ ਜਿਆਦਾ ਨੌਜਵਾਨ ਅੰਡਰ ਮੈਟ੍ਰਿਕ ਹਨ। ਵੱਡੀ ਗਿਣਤੀ ਵਿਚ ਨੌਜਵਾਨ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ ਜਦੋਂ ਕਿ ਕਾਫੀ ਗਿਣਤੀ ਵਿਚ ਨੌਜਵਾਨ ਵਿਦੇਸ਼ਾਂ ਵਿਚ ਰੁਲ ਰਹੇ ਹਨ\ ਵਿਦੇਸ਼ੀ ਮਾਮਲਿਆਂ ਵਾਰੇ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਲੰਘੇ ਇੱਕ ਵਰੇ ਦੌਰਾਨ ਇਕੱਲੇ ਇਰਾਕ ਵਿਚ 1171 ਭਾਰਤੀ ਨੌਜਵਾਨ ਪੁੱਜੇ ਹਨ ਜਦੋਂ ਕਿ 2.99 ਲੱਖ ਨੌਜਵਾਨ ਸਾਊਦੀ ਅਰਬ ਰੁਜ਼ਗਾਰ ਖਾਤਰ ਗਏ ਹਨ। 1 ਅਪਰੈਲ 2011 ਤੋਂ ਫਰਵਰੀ 2015 ਤੱਕ (ਕਰੀਬ ਚਾਰ ਵਰ੍ਹੇ) ਦੌਰਾਨ 29.85 ਲੱਖ ਭਾਰਤੀ ਨੌਜਵਾਨ ਡੇਢ ਦਰਜਨ ਮੁਲਕਾਂ (ਸਮੇਤ ਖਾੜੀ ਮੁਲਕਾਂ) ਵਿਚ ਗਏ ਹਨ ਜੋ ਇੰਮੀਗਰੇਸ਼ਨ ਚੈੱਕ ਰਿਕੁਆਰਿਡ ਕੈਟਾਗਿਰੀ ਵਿਚ ਆਉਂਦੇ ਹਨ।



ਇਨ੍ਹਾਂ ਚਾਰ ਵਰ੍ਹਿਆਂ ਦੌਰਾਨ ਇਕੱਲੇ ਇਰਾਕ ਵਿਚ 11,528 ਅਤੇ ਕੁਵੈਤ ਵਿਚ 2.55 ਲੱਖ ਭਾਰਤੀ ਨੌਜਵਾਨ ਪੁੱਜੇ ਹਨ। ਇਸੇ ਤਰ੍ਹਾਂ 13.16 ਲੱਖ ਭਾਰਤੀ ਨੌਜਵਾਨ ਸਾਊਦੀ ਅਰਬ ਗਏ ਹਨ। ਸਭ ਤੋਂ ਜ਼ਿਆਦਾ ਯੂ.ਏ.ਈ ਵਿਚ 7.16 ਲੱਖ ਨੌਜਵਾਨ ਗਏ ਹਨ। ਲੰਘੇ ਇੱਕ ਵਰੇ ਦੀ ਗੱਲ ਕਰੀਏ ਤਾਂ ਹਰਿਆਣਾ 'ਚੋਂ ਸਿਰਫ 2177 ਨੌਜਵਾਨ ਖਾੜੀ ਮੁਲਕਾਂ ਵਿਚ ਗਏ ਹਨ ਜਦੋਂ ਕਿ ਰਾਜਸਥਾਨ ਚੋਂ 43,966 ਅਤੇ ਯੂ.ਪੀ 'ਚੋਂ ਸਭ ਤੋਂ ਜ਼ਿਆਦਾ 2.09 ਲੱਖ ਨੌਜਵਾਨ ਖਾੜੀ ਮੁਲਕਾਂ ਵਿਚ ਗਏ ਹਨ। ਏਸ਼ੀਅਨ ਟਰੈਵਲ ਏਜੰਸੀ ਬਠਿੰਡਾ ਦੇ ਇੰਜ.ਬਲਜਿੰਦਰ ਸਿੰਘ ਦਾ ਪ੍ਰਤੀਕਰਮ ਸੀ ਕਿ ਖਾੜੀ ਮੁਲਕਾਂ ਵਿਚ ਜਿਆਦਾ ਨੌਜਵਾਨ ਲੇਬਰ ਕਰਨ ਜਾਂਦੇ ਹਨ ਅਤੇ ਬਹੁਤੇ ਏਜੰਟਾਂ ਹੱਥੋਂ ਧੋਖੇ ਦਾ ਸ਼ਿਕਾਰ ਹੋ ਕੇ ਵਾਪਸ ਪਰਤ ਆਉਂਦੇ ਹਨ। ਉਨ੍ਹਾਂ ਆਖਿਆ ਕਿ ਬਹੁਤੇ ਨੌਜਵਾਨ ਸਿਰਫ ਰੁਜ਼ਗਾਰ ਖਾਤਰ ਖਤਰਾ ਮੁੱਲ ਸਹੇੜਦੇ ਹਨ ਅਤੇ ਮਾੜੇ ਹਾਲਾਤਾਂ ਵਿਚ ਰਹਿ ਕੇ ਵੀ ਕੰਮ ਕਰਨ ਲਈ ਮਜ਼ਬੂਰ ਹੁੰਦੇ ਹਨ। ਸਰਕਾਰੀ ਵੇਰਵਿਆਂ ਅਨੁਸਾਰ ਵਿਦੇਸ਼ ਗਏ ਬਹੁਤੇ ਭਾਰਤੀ ਤਾਂ ਆਪਣੀ ਜ਼ਿੰਦਗੀ ਤੋਂ ਹੀ ਹੱਥ ਧੋ ਬੈਠਦੇ ਹਨ। ਹਜ਼ਾਰਾਂ ਬਦਨਸੀਬ ਮਾਪੇ ਹਨ ਜਿਨ੍ਹਾਂ ਨੂੰ ਵਿਦੇਸ਼ ਗਏ ਪੁੱਤ ਦੀ ਲਾਸ਼ ਹੀ ਮਿਲਦੀ ਹੈ।

ਜਨਵਰੀ 2011 ਤੋਂ 1 ਮਈ 2015 ਤੱਕ ਵਿਦੇਸ਼ੀ ਧਰਤੀ ਤੇ 26,781 ਭਾਰਤੀ ਲੋਕਾਂ ਦੀ ਮੌਤ ਹੋਈ ਹੈ। ਭਾਵੇਂ ਇਨ੍ਹਾਂ ਮੌਤਾਂ ਦੇ ਕਾਰਨ ਵੱਖ ਵੱਖ ਹਨ ਪ੍ਰੰਤੂ ਇਕੱਲੇ ਸਾਲ 2015 ਵਿਚ 1207 ਭਾਰਤੀ ਮੌਤ ਤੋਂ ਹਾਰੇ ਹਨ। ਲੰਘੇ ਚਾਰ ਵਰ੍ਹਿਆਂ ਵਿਚ ਇਕੱਲੇ ਇਰਾਕ ਵਿਚ 38 ਨੌਜਵਾਨਾਂ ਦੀ ਮੌਤ ਹੋਈ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਸਭ ਤੋਂ ਜਿਆਦਾ ਯੂ.ਏ.ਈ ਵਿਚ 4195 ਭਾਰਤੀ ਲੋਕਾਂ ਦੀ ਮੌਤ ਹੋਈ ਹੈ ਜਦੋਂ ਕਿ ਸਾਊਦੀ ਅਰਬ ਵਿਚ 2705 ਮੌਤਾਂ ਹੋਈਆਂ ਹਨ। ਇਵੇਂ ਹੀ ਕੁਵੈਤ ਵਿਚ 1788 ਅਤੇ ਓਮਾਨ ਵਿਚ 1771 ਭਾਰਤੀ ਆਪਣੀ ਜਾਨ ਗੁਆ ਬੈਠੇ ਹਨ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦਾ ਪ੍ਰਤੀਕਰਮ ਸੀ ਕਿ ਜਦੋਂ ਮੁਲਕ ਵਿਚ ਰੁਜ਼ਗਾਰ ਦੀ ਕਿਧਰੋਂ ਕੋਈ ਆਸ ਨਹੀਂ ਦਿੱਖਦੀ ਤਾਂ ਨੌਜਵਾਨ ਖਤਰੇ ਸਹੇੜ ਕੇ ਖਾਲੀ ਮੁਲਕਾਂ ਵਿਚ ਜਾਂਦੇ ਹਨ ਜਿਥੋਂ ਉਨ੍ਹਾਂ ਦੀ ਜ਼ਿੰਦਗੀ ਹੋਰ ਮੁਸ਼ਕਲਾਂ ਵਿਚ ਘਿਰ ਜਾਂਦੀ ਹੈ ਜਿਸ ਦੀ ਮਿਸਾਲ ਇਰਾਕ ਵਿਚ ਫਸੇ ਨੌਜਵਾਨ ਵੀ ਹਨ।

ਵੇਰਵਿਆਂ ਅਨੁਸਾਰ ਵੱਡੀ ਗਿਣਤੀ ਵਿਚ ਭਾਰਤੀ ਲੋਕ ਵਿਦੇਸ਼ੀ ਜੇਲ੍ਹਾਂ ਵਿਚ ਵਰ੍ਹਿਆਂ ਤੋਂ ਬੰਦ ਹਨ ਜਿਨ੍ਹਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ ਹੈ। ਸਾਊਦੀ ਅਰਬ ਦੀਆਂ ਜੇਲ੍ਹਾਂ ਵਿਚ 1276 ਅਤੇ ਕੁਵੈਤ ਦੀਆਂ ਜੇਲ੍ਹਾਂ ਵਿਚ 299 ਭਾਰਤੀ ਬੰਦ ਹਨ। ਵਿਦੇਸ਼ੀ ਜੇਲਾਂ ਵਿਚ ਇਸ ਵੇਲੇ ਕੁੱਲ 6310 ਭਾਰਤੀ ਬੰਦ ਹਨ ਜਦੋਂ ਕਿ ਇਰਾਕ ਦੀਆਂ ਜੇਲ੍ਹਾਂ ਵਿਚ 9 ਭਾਰਤੀ ਬੰਦ ਹਨ। ਇਵੇਂ ਹੀ ਬਹਿਰੀਨ ਵਿਚ 123 ਅਤੇ ਓਮਾਨ ਦੀਆਂ ਜੇਲ੍ਹਾਂ ਵਿਚ 116 ਭਾਰਤੀ ਬੰਦ ਹਨ। ਇਨ੍ਹਾਂ 'ਚੋਂ ਬਹੁਤੇ ਤਾਂ ਰੁਜ਼ਗਾਰ ਦੀ ਖਾਤਰ ਵਿਦੇਸ਼ ਗਏ ਸਨ ਜਿਥੇ ਉਨ੍ਹਾਂ ਨੂੰ ਏਜੰਟਾਂ ਦੀ ਕਰਤੂਤ ਕਾਰਨ ਸਲਾਖਾਂ ਪਿਛੇ ਜਾਣਾ ਪਿਆ ਹੈ। ਕਈਆਂ ਦੇ ਹੋਰ ਵੀ ਕਾਰਨ ਹਨ। ਠੱਗੇ ਗਏ ਨੌਜਵਾਨ ਏਜੰਟਾਂ ਦੀ ਸ਼ਿਕਾਇਤ ਵੀ ਕਰਦੇ ਹਨ ਪ੍ਰੰਤੂ ਕਿਸੇ ਦਾ ਵਾਲ ਵਿੰਗਾ ਨਹੀਂ ਹੁੰਦਾ ਹੈ। ਵੇਰਵਿਆਂ ਅਨੁਸਾਰ ਲੰਘੇ ਚਾਰ ਵਰ੍ਹਿਆਂ ਦੌਰਾਨ ਪੰਜਾਬ ਦੇ 42 ਨੌਜਵਾਨਾਂ ਨੂੰ ਟਰੈਵਲ ਏਜੰਸੀਆਂ ਅਤੇ ਕੰਪਨੀਆਂ ਦੀਆਂ ਸ਼ਿਕਾਇਤਾਂ ਕੀਤੀਆਂ ਹਨ ਜਿਨ੍ਹਾਂ 'ਚੋਂ ਸਿਰਫ ਅੱਠ ਏਜੰਟਾਂ ਅਤੇ ਕੰਪਨੀਆਂ ਦੇ ਲਾਇਸੈਂਸ ਕੈਂਸਲ ਕੀਤੇ ਗਏ ਹਨ ਜਦੋਂ ਕਿ ਬਾਕੀ ਸਾਫ ਬਚ ਗਏ ਹਨ। ਇੰਮੀਗ੍ਰੇਸ਼ਨ ਐਕਟ 1983 ਤਹਿਤ ਫਰਾਡ ਕਰਨ ਵਾਲੀਆਂ ਕੰਪਨੀਆਂ ਅਤੇ ਏਜੰਟਾਂ ਦੀ ਰਜਿਸਟ੍ਰੇਸ਼ਨ ਕੈਂਸਲ ਕਰਕੇ ਉਨ੍ਹਾਂ ਦੀ ਬੈਂਕ ਗਰੰਟੀ ਜ਼ਬਤ ਕੀਤੀ ਜਾਂਦੀ ਹੈ।

ਪ੍ਰਵਾਸੀ ਭਾਰਤੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਵਾਸੀ ਸੈੱਲ ਦੇ ਸੀਨੀਅਰ ਨੌਜਵਾਨ ਆਗੂ ਕਮਲਜੀਤ ਸਿੰਘ ਸਿੱਧੂ (ਰਾਈਆ ਵਾਲੇ) ਦਾ ਪ੍ਰਤੀਕਰਮ ਸੀ ਕਿ ਜਿਨਾਂ ਸਮਾਂ ਕੇਂਦਰ ਸਰਕਾਰ ਫਰਾਡ ਕਰਨ ਵਾਲੀਆਂ ਏਜੰਸੀਆਂ ਖਿਲਾਫ ਸਖਤ ਕਦਮ ਨਹੀਂ ਚੁੱਕਦੀ, ਉਨ੍ਹਾਂ ਸਮਾਂ ਭੋਲੇ ਭਾਲੇ ਨੌਜਵਾਨਾਂ ਨੂੰ ਏਜੰਟ ਆਪਣੇ ਜਾਲ ਵਿਚ ਫਸਾਉਂਦੇ ਰਹਿਣਗੇ। ਉਨ੍ਹਾਂ ਆਖਿਆ ਕਿ ਗੁੰਮਰਾਹੀ ਵਿਚ ਫਸੇ ਨੌਜਵਾਨ ਖਾਸ ਕਰਕੇ ਖਾੜੀ ਮੁਲਕਾਂ ਵਿਚ ਪੂਰੀ ਜ਼ਿੰਦਗੀ ਗੁਆ ਦਿੰਦੇ ਹਨ।

# ਚਾਨਣ ਮੁਨਾਰੇ ਚਕਰ ਦੀਆਂ ਚੰਗੀਆਂ ਖ਼ਬਰਾਂ



**ਪ੍ਰਿੰ. ਸਰਵਣ ਸਿੰਘ**

ਚਕਰ ਦੀ ਧੀ ਮਨਦੀਪ ਕੌਰ ਸੰਧੂ 24 ਮਈ ਨੂੰ ਤੈਪਈ ਚੀਨ ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣ ਗਈ ਹੈ। ਉਥੇ 46 ਮੁਲਕਾਂ ਦੀਆਂ 441 ਚੋਟੀ ਦੀਆਂ ਮੁੱਕੇਬਾਜ਼ਾਂ ਨੇ ਭਾਗ ਲਿਆ ਸੀ। ਸੱਤ ਅਰਬ ਤੋਂ ਵੱਧ ਦੀ ਆਬਾਦੀ ਵਾਲੀ ਇਸ ਦੁਨੀਆ 'ਚੋਂ ਕਿਸੇ ਜ਼ੋਰ-ਜੁਗਤ ਵਾਲੀ ਖੇਡ ਦੀ ਵਰਲਡ ਚੈਂਪੀਅਨ ਬਣਨਾ ਵੱਡੀ ਪ੍ਰਾਪਤੀ ਹੈ। ਮਨਦੀਪ ਨੇ ਇੰਗਲੈਂਡ, ਹੰਗਰੀ, ਫਰਾਂਸ ਤੇ ਆਇਰਲੈਂਡ ਦੀਆਂ ਚੈਂਪੀਅਨ ਮੁੱਕੇਬਾਜ਼ਾਂ ਨੂੰ ਹਰਾ ਕੇ ਗੁਰਜ ਜਿੱਤੀ। ਇਸ ਨਾਲ ਭਾਰਤ, ਪੰਜਾਬ ਤੇ ਚਕਰ ਦਾ ਮਾਣ ਵਧਿਆ ਹੈ। ਜਿਵੇਂ ਚਕਰ ਨੂੰ ਪਿੰਡਾਂ ਦਾ ਚਾਨਣ ਮੁਨਾਰਾ ਕਿਹਾ ਜਾਂਦੈ ਉਵੇਂ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਵੀ ਖੇਡ ਸਭਿਆਚਾਰ ਦਾ ਚਾਨਣ ਮੁਨਾਰਾ ਹੈ।

ਕੈਨੇਡਾ ਦੇ ਸਿੱਧੂ ਭਰਾਵਾਂ ਵੱਲੋਂ 2006 ਵਿਚ ਸ਼ੁਰੂ ਕੀਤੀ ਇਸ ਅਕੈਡਮੀ ਦੇ ਖਿਡਾਰੀ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ 2015 ਤਕ ਸਟੇਟ ਪੱਧਰ ਦੇ 200 ਤੋਂ ਵੱਧ ਤੇ ਨੈਸ਼ਨਲ ਪੱਧਰ ਦੇ 30 ਮੈਡਲ ਜਿੱਤ ਚੁੱਕੇ ਹਨ। ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ ਤੇ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ। ਚਕਰ ਦੀਆਂ ਚਾਰ ਧੀਆਂ ਕੌਮੀ ਪੱਧਰ 'ਤੇ ਜੇਤੂ ਰਹੀਆਂ ਤੇ ਕੌਮਾਂਤਰੀ ਮੁਕਾਬਲਿਆਂ ਵਿਚੋਂ ਭਾਰਤ ਲਈ 4 ਮੈਡਲ ਜਿੱਤੀਆਂ। ਹੁਣ ਤੈਪਈ ਦੀ ਮਹਿਲਾ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਮਨਦੀਪ ਨੇ ਗੋਲਡ ਮੈਡਲ ਜਿੱਤ ਕੇ ਕਮਾਲ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਮਨਦੀਪ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਮਨਦੀਪ ਦੇ ਵਰਲਡ ਚੈਂਪੀਅਨ ਬਣਨ ਨਾਲ ਪੰਜਾਬ ਦੀਆਂ ਧੀਆਂ ਨੂੰ ਹੋਰ ਬਲ ਮਿਲੇਗਾ। ਪੰਜਾਬ ਸਰਕਾਰ ਵੱਲੋਂ ਅਣਗੌਲੇ ਪਿੰਡ ਚਕਰ ਤੇ ਉਥੋਂ ਦੀ ਸਪੋਰਟਸ ਅਕੈਡਮੀ ਨੂੰ ਉਮੀਦ ਹੈ ਕਿ ਹੁਣ ਸਰਕਾਰ ਚਕਰ ਵੱਲ ਧਿਆਨ ਦੇਵੇਗੀ। ਮਨਦੀਪ 2020 ਦੀਆਂ ਓਲੰਪਿਕ ਖੇਡਾਂ ਵਿਚ ਮੈਡਲ ਜਿੱਤਣ ਦੀ ਸੰਭਾਵਨਾ ਰੱਖਦੀ ਹੈ।

ਸ਼ੇਰੇ ਪੰਜਾਬ ਅਕੈਡਮੀ ਦੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਕਿਸੇ ਵੀ ਦਿਨ ਕੋਈ ਖੇਡ ਅਧਿਕਾਰੀ ਆ ਕੇ ਵੇਖ ਲਵੇ ਉਸ ਨੂੰ ਡੇਢ ਸੌ ਤੋਂ ਵਧੇਰੇ ਖਿਡਾਰੀ ਖੇਡ ਮੈਦਾਨਾਂ ਵਿਚ ਖੇਡਦੇ ਦਿਸਣਗੇ। ਕੋਈ ਫੁੱਟਬਾਲ ਖੇਡ ਰਿਹਾ ਹੋਵੇਗਾ, ਕੋਈ ਕਬੱਡੀ, ਕੋਈ ਅਥਲੈਟਿਕਸ ਕਰ ਰਿਹਾ ਹੋਵੇਗਾ ਤੇ 60 ਕੁ ਹੋਣਹਾਰ ਬੱਚੇ ਮੁੱਕੇਬਾਜ਼ੀ ਦੀ ਸਿਖਲਾਈ ਲੈ ਰਹੇ ਹੋਣਗੇ।

ਚਕਰੀਏ ਮਾਣ ਨਾਲ ਦਸਦੇ ਹਨ ਕਿ ਉਨ੍ਹਾਂ ਨੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਹੀ ਸਪੋਰਟਸ ਅਕੈਡਮੀ ਚਲਾਈ, ਪਰਵਾਸੀਆਂ ਦੀ ਮਦਦ ਨਾਲ ਤਿੰਨ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨਵਿਆਈਆਂ, ਸਟੇਡੀਅਮ ਬਣਾਇਆ ਤੇ ਤਿੰਨ ਕਰੋੜ ਰੁਪਏ ਦੀ ਪੂੰਜੀ ਲਾ ਕੇ ਸੀਵਰੇਜ ਪਾਇਆ। ਚਾਰ ਕਰੋੜ ਰੁਪਏ ਖਰਚ ਕੇ ਚਾਰੇ ਅਗਵਾੜਾਂ ਦੀਆਂ ਨੌਂ ਸੱਥਾਂ ਨਵਿਆਈਆਂ, ਪਾਰਕ ਬਣਾਏ, ਥਾਂ ਥਾਂ ਸੀਮਿੰਟ ਦੇ ਬੈਂਚ ਸਥਾਪਿਤ ਕੀਤੇ, ਬੱਸ ਸ਼ੈੱਡ ਬਣਾਏ, ਨਵੀਆਂ ਇੱਟਾਂ ਨਾਲ ਗਲੀਆਂ ਪੱਕੀਆਂ ਕੀਤੀਆਂ ਅਤੇ ਗਲੀਆਂ, ਫਿਰਨੀ ਤੇ ਪਿੰਡ ਦੇ ਰਾਹਾਂ ਉਤੇ ਦਸ ਹਜ਼ਾਰ ਬੂਟੇ ਤੇ ਰੁੱਖ ਲਾਏ। ਦੂਰ ਨੇੜੇ ਦੇ ਲੋਕ ਆ ਕੇ ਵੇਖਦੇ ਹਨ ਕਿ ਇਹ ਕ੍ਰਿਸ਼ਮਾ ਹੋਇਆ ਕਿਵੇਂ?

ਇਹ ਕ੍ਰਿਸ਼ਮਾ ਕਰਨ ਵਿਚ ਪਿੰਡ ਦੇ ਹਰ ਮਾਈ-ਭਾਈ, ਬਾਲ-ਬੱਚੇ ਤੇ ਨੌਜੁਆਨ ਦਾ ਯੋਗਦਾਨ ਹੈ। ਇਹਦੇ ਵਿਚ ਇਕ ਰੁਪਿਆ ਦਾਨ ਦੇਣ ਵਾਲੇ ਵੀ ਹਨ ਤੇ ਕਰੋੜ ਰੁਪਿਆ ਦੇਣ ਵਾਲੇ ਵੀ। ਕੈਨੇਡਾ ਤੋਂ ਆਏ ਆਇਰਲੈਂਡੀਏ ਗੋਰੇ ਮੌਰਗਿਨ ਕੇਵਨ ਨੇ ਇਕ ਕਰੋੜ ਰੁਪਿਆ ਦਾਨ ਦੇ ਕੇ ਕਿਹਾ ਕਿ ਮੈਂ ਚਕਰ ਦਾ ਨਾਗਰਿਕ ਬਣ ਕੇ ਖ਼ੁਸ਼ ਹਾਂ। ਵਰ੍ਹਿਆਂ ਤੋਂ ਸ਼ਾਮਲਾਟਾਂ ਰੋਕੀ ਬੈਠੇ ਭਰਾਵਾਂ ਨੇ ਸਾਂਝੀਆਂ ਥਾਵਾਂ ਆਪਣੇ ਆਪ ਛੱਡ ਦਿੱਤੀਆਂ। ਕਈਆਂ ਨੇ ਤਾਂ ਨਿੱਜੀ ਥਾਵਾਂ ਛੱਡ ਕੇ ਗਲੀਆਂ ਖੁੱਲ੍ਹੀਆਂ ਕਰਵਾਈਆਂ।

ਚਕਰ ਬਾਰੇ ਡਾ. ਬਲਵੰਤ ਸਿੰਘ ਸੰਧੂ ਦੀ ਕਿਤਾਬ ਚਾਨਣ ਮੁਨਾਰਾ ਚਕਰ ਦਾ ਸੰਦੇਸ਼ ਹੈ ਕਿ ਪੰਜਾਬ ਦੇ ਪਿੰਡ ਚਕਰ ਦੀ ਰੀਸ ਕਰਨ। ਪਿੰਡਾਂ ਦੇ ਲੋਕ ਆਪਣੇ ਕਾਰਜ ਆਪਣੇ ਹੱਥੀਂ ਸਵਾਰਨ ਨਾ ਕਿ ਸਰਕਾਰਾਂ ਦੀਆਂ ਬੁਰਕੀਆਂ ਵੱਲ ਝਾਕੀ ਜਾਣ। ਸਰਕਾਰਾਂ ਤਾਂ ਵੋਟਾਂ ਦੀਆਂ ਭੁੱਖੀਆਂ ਹਨ। ਪਿੰਡ ਚਕਰ ਦੇ ਵਿਕਾਸ ਵਿਚ ਪਿੰਡ ਦੇ ਤੇ ਪਰਵਾਸੀ ਭਰਾਵਾਂ ਦੇ ਸਹਿਯੋਗ ਨਾਲ ਦਸ ਕਰੋੜ ਰੁਪਏ ਤੋਂ ਵੱਧ ਲੱਗ ਚੁੱਕੇ ਹਨ ਜੋ ਸਭ ਨੂੰ ਦਿਸਦੇ ਹਨ। ਕਈਆਂ ਪਿੰਡਾਂ ਵਿਚ ਸਰਕਾਰੀ ਗਰਾਂਟਾਂ ਦੇ ਕਰੋੜਾਂ ਰੁਪਏ ਲੱਗੇ ਹਨ ਪਰ ਦਿੱਸਦੇ ਲੱਖਾਂ ਵੀ ਨਹੀਂ!

ਸ਼ੇਰੇ ਪੰਜਾਬ ਅਕੈਡਮੀ ਕੈਨੇਡਾ ਵਸਦੇ ਸਿੱਧੂ ਭਰਾ ਬਲਦੇਵ ਸਿੰਘ ਤੇ ਸਵਰਗੀ ਅਜਮੇਰ ਸਿੰਘ ਦੀ ਦੇਣ ਹੈ। ਅਕੈਡਮੀ ਵਿਚ ਦੋ ਸੌ ਤੋਂ ਵੱਧ ਬੱਚੇ ਖੇਡਾਂ ਦੀ ਸਿਖਲਾਈ ਲੈ ਰਹੇ ਹਨ ਜਿਨ੍ਹਾਂ ਲਈ ਤਿੰਨ ਕੋਚ ਰੱਖੇ ਹਨ। ਪ੍ਰੋ. ਬਲਵੰਤ ਸਿੰਘ ਸੰਧੂ ਅਕੈਡਮੀ ਦਾ ਕੋਆਰਡੀਨੇਟਰ ਹੈ ਤੇ ਸ. ਦਵਿੰਦਰ ਸਿੰਘ ਰਿਟਾਇਰਡ ਐੱਸ. ਪੀ. ਸਰਪ੍ਰਸਤ। ਸਾਲ ਦਾ ਵੀਹ ਕੁ ਲੱਖ ਦਾ ਖਰਚਾ ਸਿੱਧੂ ਭਰਾਵਾਂ ਵੱਲੋਂ ਕੀਤਾ ਜਾ ਰਿਹੈ। ਉਨ੍ਹਾਂ ਨੇ ਐਲਾਨ ਕੀਤਾ ਹੋਇਐ ਕਿ ਇਸ ਅਕੈਡਮੀ ਦਾ ਕੋਈ ਖਿਡਾਰੀ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤੇ ਤਾਂ 50 ਲੱਖ ਰੁਪਏ, ਸਿਲਵਰ ਜਿੱਤੇ ਤਾਂ 30 ਲੱਖ, ਬਰਾਂਜ ਜਿੱਤੇ ਤਾਂ 20 ਲੱਖ ਤੇ ਜੇ ਓਲੰਪਿਕ ਖੇਡਾਂ ਲਈ ਚੁਣਿਆ ਜਾਵੇ ਤਾਂ 10 ਲੱਖ ਰੁਪਏ ਦੇ ਇਨਾਮ ਦੇਣਗੇ।

ਮੈਂ ਜਦੋਂ ਆਪਣੇ ਪਿੰਡ ਜਾਂਦਾ ਹਾਂ ਤਾਂ ਵੇਖਦਾ ਹਾਂ ਕਿ ਸਵੇਰੇ ਸ਼ਾਮ ਬੀਹੀਆਂ ਵਿਚ ਬੱਚੇ ਸ਼ੇਰੇ ਪੰਜਾਬ ਅਕੈਡਮੀ ਦੇ ਟਰੈਕ ਸੂਟ ਪਾਈ ਸਟੇਡੀਅਮ ਵੱਲ ਜਾਂਦੇ ਹਨ ਤੇ ਖੇਡ ਮੈਦਾਨ ਵਿਚ ਕਸਰਤਾਂ ਤੇ ਖੇਡਾਂ ਦਾ ਅਭਿਆਸ ਕਰਦੇ ਹਨ। ਨਸ਼ਿਆਂ ਤੋਂ ਬਚੇ ਹੋਏ ਹਨ ਤੇ ਉੱਚੇ ਆਚਰਣ ਦੇ ਮਾਲਕ ਬਣ ਰਹੇ ਹਨ। ਉਨ੍ਹਾਂ ਦੇ ਸਰੀਰਾਂ ਵਿਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹਿਜ ਨਿਕਾਸ ਹੋ ਰਿਹੈ ਤੇ ਵਿਹਲਾ ਸਮਾਂ ਸਕਾਰਥੇ ਲੱਗ ਰਿਹੈ। ਜੇਕਰ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਅਜਿਹਾ ਮਾਹੌਲ ਬਣ ਜਾਵੇ ਤਾਂ ਪੰਜਾਬ ਕੀਹਦੇ ਲੈਣ ਦਾ ਹੈ? ਪਰਵਾਸੀ ਖੇਡ ਪ੍ਰਮੋਟਰਾਂ ਨੂੰ ਚਕਰ ਵਰਗੀਆਂ ਖੇਡ ਅਕੈਡਮੀਆਂ ਸਥਾਪਿਤ ਕਰਨ ਦੀ ਲੋੜ ਹੈ ਜਿਥੇ ਇਕ ਦੋ ਦਿਨਾਂ ਦੇ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਰਾ ਸਾਲ ਖੇਡਾਂ ਚੱਲਣ। ਪੰਜਾਬ ਨੂੰ ਨਸ਼ਿਆਂ ਦੀ ਲਾਅਣਤ ਤੋਂ ਇੰਜ ਹੀ ਬਚਾਇਆ ਜਾ ਸਕਦੈ।



ਜਨਵਰੀ 2015 ਵਿਚ ਸਰਬੀਆ 'ਚ ਹੋਏ ਚੌਥੇ ਇੰਟਰਨੈਸ਼ਨਲ ਜੂਨੀਅਰ ਮੁੱਕੇਬਾਜ਼ੀ ਕੱਪ ਵਿਚ ਮਨਦੀਪ ਕੌਰ ਸੰਧੂ ਨੇ ਸੋਨੇ ਤੇ ਹਰਪ੍ਰੀਤ ਕੌਰ ਸਿੱਧੂ ਨੇ ਚਾਂਦੀ ਦੇ ਤਮਗੇ ਜਿੱਤੇ ਸਨ। ਇਹ ਦੋਵੇਂ ਕੁੜੀਆਂ ਸਾਧਾਰਨ ਕਿਸਾਨ ਘਰਾਂ ਦੀਆਂ ਜੰਮਪਲ ਹਨ ਜਿਨ੍ਹਾਂ ਦੇ ਮਾਪੇ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ।

ਸ਼ੇਰੇ ਪੰਜਾਬ ਅਕੈਡਮੀ ਵਿਚ ਰੋਜ਼ਾਨਾ ਦੋ ਸੌ ਤੋਂ ਵੱਧ ਬੱਚੇ ਬੱਚੀਆਂ ਨੂੰ ਕਸਰਤਾਂ ਕਰਾਈਆਂ ਜਾਂਦੀਆਂ ਤੇ ਖੇਡਾਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਖੇਡ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਖੁਰਾਕ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ ਲਿਆਉਣ ਦੇ ਖਰਚੇ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ।

ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਸ਼ੇਰਨੀਆਂ ਨੇ ਪੰਜਾਬ, ਭਾਰਤ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। ਇਸ ਅਕੈਡਮੀ ਦੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਤੇ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਖੇਡੀ। ਪਰਮਿੰਦਰ ਕੌਰ ਇੰਟਰਵਰਸਿਟੀ ਚੈਂਪੀਅਨ ਬਣੀ ਤੇ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਸ਼ਵਿੰਦਰ ਕੌਰ ਨੇ ਵੀ ਨੈਸ਼ਨਲ ਪੱਧਰ 'ਤੇ ਮੱਲਾਂ ਮਾਰੀਆਂ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ।

ਅਮਨਦੀਪ ਦੀ ਛੋਟੀ ਭੈਣ ਸਿਮਰਨਜੀਤ ਕੌਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ ਦੂਜੀ ਗੋਲਡਨ ਗਲੱਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ ਲੜਨ ਸਰਬੀਆ ਗਈ। ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਖੇ ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿਚੋਂ ਬਰਾਂਜ ਮੈਡਲ ਜਿੱਤਿਆ। ਉਥੇ ਤੇਤੀ ਦੇਸ਼ਾਂ ਦੀਆਂ ਮੁੱਕੇਬਾਜ਼ ਪਹੁੰਚੀਆਂ ਸਨ। ਪੰਜਾਬ ਸਰਕਾਰ ਨੇ ਕਬੱਡੀ ਦੀਆਂ ਖਿਡਾਰਨਾਂ ਨੂੰ ਤਾਂ ਕਾਰਾਂ ਤਕ ਦੇ ਇਨਾਮ ਦਿੱਤੇ ਪਰ ਵਰਲਡ ਬਾਕਸਿੰਗ ਵਿਚ ਤੀਜਾ ਸਥਾਨ ਹਾਸਲ ਕਰਨ ਵਾਲੀ ਚਕਰ ਦੀ ਸ਼ੇਰਨੀ ਨੂੰ ਕੁਝ ਵੀ ਨਾ ਦਿੱਤਾ।

ਜਿਸ ਮਨਦੀਪ ਕੌਰ ਨੇ ਪਹਿਲਾਂ ਸਰਬੀਆ ਤੇ ਹੁਣ ਤੈਪਈ ਵਿਚ ਗੋਲਡ ਮੈਡਲ ਜਿੱਤੇ ਹਨ ਅਜੇ ਬਾਰ੍ਹਵੀਂ 'ਚ ਪੜ੍ਹਦੀ ਹੈ। ਬੜੀ ਹੋਣਹਾਰ ਮੁੱਕੇਬਾਜ਼ ਹੈ ਜਿਸ ਤੋਂ ਵੱਡੀਆਂ ਆਸਾਂ ਹਨ। ਉਹ ਤੀਜੀ ਜਮਾਤ 'ਚ ਪੜ੍ਹਦਿਆਂ ਹੀ ਸ਼ੇਰੇ ਪੰਜਾਬ ਅਕੈਡਮੀ ਵਿਚ ਟ੍ਰੇਨਿੰਗ ਲੈਣ ਲੱਗ ਪਈ ਸੀ। ਉਹ ਤਿੰਨ ਵਾਰ ਨੈਸ਼ਨਲ ਚੈਂਪੀਅਨ ਬਣੀ ਤੇ ਉਸ ਦੀ ਚੋਣ 2020 ਵਿਚ ਹੋਣ ਜਾ ਰਹੀਆਂ ਓਲੰਪਿਕ ਖੇਡਾਂ ਦੀ ਸੰਭਾਵਤ ਮੁੱਕੇਬਾਜ਼ ਵਜੋਂ ਹੋ ਚੁੱਕੀ ਹੈ। ਸਰਬੀਆ ਤੋਂ ਚਾਂਦੀ ਦਾ ਤਮਗਾ ਜਿੱਤਣ ਵਾਲੀ ਹਰਪ੍ਰੀਤ ਕੌਰ ਏਸ਼ੀਅਨ ਤੇ ਕਾਮਨਵੈਲਥ ਖੇਡਾਂ ਦਾ ਮੈਡਲ ਜਿੱਤਣ ਵਾਲੀ ਮੁੱਕੇਬਾਜ਼ ਬਣ ਸਕਦੀ ਹੈ। ਨੈਸ਼ਨਲ ਪੱਧਰ ਤੇ ਚਾਂਦੀ ਦਾ ਤਮਗ਼ਾ ਜਿੱਤਣ ਵਾਲੀ ਮਨਪ੍ਰੀਤ ਕੌਰ ਤੇ ਹੋਣਹਾਰ ਮੁੱਕੇਬਾਜ਼ ਮੁਸਕਾਨ ਸਿੱਧੂ ਤੋਂ ਵੀ ਬੜੀਆਂ ਆਸਾਂ ਹਨ।

ਸੰਤ ਬਲਬੀਰ ਸਿੰਘ ਸੀਚੇਵਾਲ ਆਮ ਕਹਿੰਦੇ ਹਨ, "ਚਕਰ ਵਾਸੀਆਂ ਨੇ ਸੀਵਰੇਜ ਪਾਉਣ 'ਚ ਜੋ ਉਤਸ਼ਾਹ ਦਿਖਾਇਆ ਇਹ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ ਪਿੰਡ ਨੂੰ ਨਰਕ 'ਚੋਂ ਕੱਢ ਕੇ ਸੱਚਮੁੱਚ ਦਾ ਸਵਰਗ ਬਣਾ ਦਿੱਤਾ ਹੈ। ਹੁਣ ਕੋਈ ਆਪਣੇ ਪਿੰਡ 'ਚ ਸੀਵਰੇਜ ਪਾਉਣਾ ਚਾਹੁੰਦਾ ਹੈ ਤਾਂ ਮੇਰੀ ਪਹਿਲੀ ਸਲਾਹ ਉਨ੍ਹਾਂ ਨੂੰ ਪਿੰਡ ਚਕਰ ਦੇਖ ਆਉਣ ਦੀ ਹੁੰਦੀ ਹੈ।"

ਚਕਰ ਬਾਰੇ ਸਚਿੱਤਰ ਪੁਸਤਕ ਚਾਨਣ ਮੁਨਾਰਾ ਚਕਰ ਦੇ ਮੁੱਖ ਬੰਦ ਵਿਚ ਲਿਖਿਐ, "ਸਾਥੋਂ ਅਕਸਰ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸ਼ੇਰ-ਏ-ਪੰਜਾਬ ਸਪੋਰਟਸ ਅਕੈਡਮੀ ਬਣੀ, ਕਿਵੇਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਪਿੰਡ ਦੀਆਂ ਸੱਥਾਂ ਅਤੇ ਭਾਈਚਾਰਕ ਸਾਂਝ ਕੇਂਦਰਾਂ ਨੂੰ ਬਣਾਇਆ ਤੇ ਨਵਿਆਇਆ? ਕਿਵੇਂ ਗਲੀਆਂ ਨਵੇਂ ਸਿਰਿਓਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ? ਕਿਵੇਂ ਸੀਵਰੇਜ ਦਾ ਪਾਣੀ ਮੁੜ ਵਰਤੋਂ ਯੋਗ ਬਣਾਇਆ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁੱਧ ਕੀਤਾ? ਕਿਵੇਂ ਪਿੰਡ ਵਾਸੀਆਂ ਨੂੰ ਏਕਤਾ ਦੇ ਸੂਤਰ ਵਿਚ ਪ੍ਰੋਇਆ ਅਤੇ ਉਹਨਾਂ ਰਾਹੀਂ ਅਸੰਭਵ ਜਾਪਦੇ ਕਾਰਜ ਸੰਭਵ ਕਰਵਾਏ? ਕਿਵੇਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਹੋੜਿਆ ਅਤੇ ਨਰੋਆ ਖੇਡ ਸਭਿਆਚਾਰ ਸਿਰਜਿਆ?" ਅਜਿਹੇ ਸਾਰੇ ਸਵਾਲਾਂ ਦਾ ਜਵਾਬ ਇਸ ਪੁਸਤਕ ਵਿਚ ਮਿਲਦਾ ਹੈ।

ਆਪਣੇ ਪਿੰਡ ਨੂੰ ਨਵਾਂ ਰੂਪ ਦੇਣ ਦੀ ਪਹਿਲ ਕਰਨ ਵਾਲੇ ਸਿੱਧੂ ਭਰਾ ਅਜਮੇਰ ਸਿੰਘ/ਬਲਦੇਵ ਸਿੰਘ ਨੇ ਲਿਖਿਆ, "ਅਸੀਂ ਇਕ ਦੀਵਾ ਬਾਲ਼ਿਆ ਹੈ ਤੇ ਚਾਹੁੰਦੇ ਹਾਂ ਕਿ ਇਸ ਦੀ ਲਾਟ ਨਾਲ ਹੋਰ ਦੀਵੇ ਜਗਣ। ਅਸੀਂ ਜੇ ਆਪਣੇ ਪਿੰਡ ਲਈ ਕੁਝ ਕਰ ਸਕੇ ਹਾਂ ਤਾਂ ਇਸ ਵਿਚ ਸਮੁੱਚੇ ਪਿੰਡਵਾਸੀਆਂ ਤੇ ਪਰਵਾਸੀਆਂ ਦਾ ਯੋਗਦਾਨ ਹੈ। ਪਿੰਡ ਦੇ ਵਿਕਾਸ ਵਿਚ ਤਿਲ ਫੁੱਲ ਪਾ ਕੇ ਕਿਸੇ ਨੇ ਕਿਸੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਸਗੋਂ ਆਪਣੀ ਜਨਮ ਭੋਇੰ ਦਾ ਕਰਜ਼ਾ ਹੀ ਉਤਾਰਿਆ ਹੈ।"

ਵਰਣਨਯੋਗ ਹੈ ਕਿ ਕਰੋੜਾਂ ਰੁਪਏ ਲੋਕਾਂ ਨੇ ਆਪਣੇ ਪੱਲਿਓਂ 'ਕੱਠੇ ਕੀਤੇ ਤੇ ਪਿੰਡ 'ਚ ਲਾਏ।

ਲੇਖਕ ਲਿਖਦਾ ਹੈ, "ਚਕਰ ਦੀ ਮਿੱਟੀ ਵਿਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ ਦਿੱਤੇ, ਮਿੱਠੇ ਮੇਵਿਆਂ ਵਰਗੇ ਧੀ-ਪੁੱਤ ਤੇ ਮੋਛਿਆਂ ਵਰਗੇ ਯਾਰ ਬੇਲੀ ਦਿੱਤੇ। ਇਸ ਦੇ ਖੇਤਾਂ ਨੇ ਸਦੀਆਂ ਤੋਂ ਸਾਡਾ ਢਿੱਡ ਭਰਿਆ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰਬਾਣੀ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ ਪਾਣੀ ਤੇ ਧਰਤ ਦੀ ਮਹੱਤਾ ਸਮਝਦਿਆਂ ਦੁਨੀਆ ਸਾਹਵੇਂ ਸਰਬਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉੱਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲ਼ਦਾ ਰਹੇ ਤੇ ਇਸ ਦੀਵੇ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।"

ਪੁਸਤਕ ਵਿਚਲੀਆਂ ਤਸਵੀਰਾਂ 'ਚ ਪਿੰਡ ਦੀਆਂ ਪੁਰਾਣੀਆਂ ਤੇ ਨਵੀਆਂ ਝਾਕੀਆਂ ਵਿਖਾਈਆਂ ਹਨ। ਉਹੀ ਛੱਪੜ ਜੋ ਤਿੰਨ ਸਾਲ ਪਹਿਲਾਂ ਨਰਕ ਬਣੇ ਹੋਏ ਸਨ ਹੁਣ ਫੁੱਲਾਂ ਵਾਲੇ ਪਾਰਕਾਂ ਤੇ ਝੀਲਾਂ ਵਿਚ ਬਦਲ ਗਏ ਹਨ। ਰੂੜੀਆਂ 'ਚ ਘਿਰੀ ਮੁਸ਼ਕ ਮਾਰਦੇ ਪਾਣੀ ਵਾਲੀ ਢਾਬ ਹੁਣ ਨਿਰਮਲ ਝੀਲ ਬਣ ਗਈ ਹੈ ਜਿਸ ਵਿਚ ਸੈਰ ਸਪਾਟੇ ਲਈ ਕਿਸ਼ਤੀਆਂ ਤਰਦੀਆਂ ਹਨ। ਪੁਸਤਕ ਦੇ ਸਰਵਰਕ ਉਤੇ ਲਿਖਿਐ, "ਚਕਰ ਦੇਸ਼ਭਗਤਾਂ, ਆਜ਼ਾਦੀ ਘੁਲਾਟੀਆਂ, ਮਹਾਂਦਾਨੀਆਂ, ਮਿਹਨਤਕਸ਼ਾਂ ਅਤੇ ਖਿਡਾਰੀਆਂ ਦਾ ਪਿੰਡ ਹੈ। ਇਥੋਂ ਦੇ ਆਜ਼ਾਦੀ ਘੁਲਾਟੀਆਂ ਨੇ ਅੰਗਰੇਜ਼ਾਂ ਨਾਲ ਟੱਕਰ ਲਈ ਤਾਂ ਮਨ ਵਿਚ ਕੋਈ ਡਰ ਨਾ ਰੱਖਿਆ। ਜੇ ਚਕਰ ਵਾਲੇ ਦਾਨ ਕਰਨ ਲੱਗੇ ਤਾਂ ਦਾਨ ਕਰੋੜਾਂ 'ਚ ਚਲਾ ਗਿਆ। ਪਿੰਡ ਦੇ ਵਿਕਾਸ ਕਾਰਜਾਂ ਵਿਚ ਕਦੇ ਮਾਇਆ ਦੀ ਤੋਟ ਨਾ ਆਉਣ ਦਿੱਤੀ। ਨੌਜੁਆਨਾਂ ਨੇ ਪਿੰਡ ਨੂੰ

ਸੋਹਣਾ ਬਣਾਉਣ ਦਾ ਸੁਪਨਾ ਲਿਆ ਤਾਂ ਸੁਪਨਾ ਸਾਕਾਰ ਕਰਨ ਲਈ ਨੀਂਦਾਂ ਵਿਸਾਰ ਦਿੱਤੀਆਂ। ਖੇਡਾਂ ਵੱਲ ਹੋਏ ਤਾਂ ਮੈਡਲਾਂ ਦੇ ਢੇਰ ਲਾ ਦਿੱਤੇ। ਚਕਰ ਨੂੰ ਖਿਡਾਰੀਆਂ ਦਾ ਪਿੰਡ ਜਾਨਣ ਲਾ ਦਿੱਤਾ।"

ਪੁਸਤਕ ਦੇ ਕਾਂਡ-ਦੀਵੇ ਦੀ ਲੋਅ, ਵਿਰਸਾ ਤੇ ਵਰਤਮਾਨ, ਚੱਕਰਾਂ 'ਚੋਂ ਨਿਕਲਿਆ ਚਕਰ, ਸੀਵਰੇਜ ਸਿਸਟਮ: ਤਕਨੀਕ ਤੇ ਤਜ਼ਰਬੇ, ਸ਼ਕਤੀ, ਸੰਘਰਸ਼ ਤੇ ਸੁਹਜ ਦਾ ਸੰਗਮ, ਚਿੱਠੀ ਚਕਰ ਤੋਂ, ਝੀਲਾਂ ਚਕਰ ਦੀਆਂ, ਚਕਰ 'ਚ ਚੜ੍ਹਿਆ ਖੇਡਾਂ ਦਾ ਸੂਰਜ, ਚਕਰ ਦੀਆਂ ਸ਼ੇਰਨੀਆਂ, ਚਕਰ ਨੂੰ ਗੁਰ ਸ਼ਬਦਾਂ ਦੀ ਗੁੜ੍ਹਤੀ, ਚਕਰ ਇਕ ਮਾਰਗ ਦਰਸ਼ਕ ਅਤੇ ਹੈਲੋ! ਮੈਂ ਚਕਰ ਬੋਲਦਾਂ... ਆਦਿ ਹਨ। ਜੋ ਸੁਣਿਆ, ਜੋ ਦੇਖਿਆ ਨਾਂ ਦੇ ਕਾਂਡ ਵਿਚ ਉਨ੍ਹਾਂ ਨਾਮਵਰ ਵਿਅਕਤੀਆਂ ਦੇ ਕਥਨ ਦਰਜ ਹਨ ਜਿਹੜੇ ਪਿੰਡ ਚਕਰ ਵੇਖਣ ਗਏ। ਗੁਰਦਵਾਰਾ ਮਹਿਦੀਆਣਾ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ ਸੰਗਤਾਂ ਹੁਣ ਚਕਰ ਦੀ ਵੀ ਜ਼ਿਆਰਤ ਕਰ ਕੇ ਮੁੜਦੀਆਂ ਹਨ। ਮਹਿਦੀਆਣਾ ਸਾਹਿਬ ਤੋਂ ਚਕਰ ਨੇੜੇ ਹੀ ਹੈ।

ਜੀਵੇ ਪੰਜਾਬ ਦੇ ਲੇਖਕ ਗੁਰਪ੍ਰੀਤ ਸਿੰਘ ਤੂਰ ਲਿਖਦੇ ਹਨ, "ਪੰਜਾਬ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਮਾਹੌਲ ਦੀ ਲੋੜ ਹੈ ਉਹ ਪਿੰਡ ਚਕਰ ਵਿਚ ਦੇਖਿਆ ਜਾ ਸਕਦਾ ਹੈ। ਪੰਜਾਬ ਦੇ ਸਾਹਿਤਕਾਰ, ਬੁੱਧੀਜੀਵੀ ਤੇ ਚਿੰਤਕ ਜਿਸ ਤਰ੍ਹਾਂ ਦਾ ਪੰਜਾਬ ਸਿਰਜਣਾ ਚਾਹੁੰਦੇ ਹਨ ਚਕਰ ਉਹਦੀ ਜਿਊਂਦੀ ਜਾਗਦੀ ਮਿਸਾਲ ਹੈ। ਅੱਖੜ ਸੁਭਾਅ ਦਾ ਚਕਰ ਕਿਸੇ ਸਮੇਂ ਮਾਰਧਾੜ ਕਾਰਨ ਬਦਨਾਮ ਵੀ ਰਿਹਾ ਪਰ ਇਸ ਨੇ ਜੋ ਰੁਤਬਾ ਅੱਜ ਪ੍ਰਾਪਤ ਕਰ ਲਿਆ ਹੈ, ਉਹਦੀ ਸ਼ਲਾਘਾ ਹੀ ਨਹੀਂ, ਰੀਸ ਵੀ ਕਰਨੀ ਬਣਦੀ ਹੈ।"

ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਅਰਸ਼ਦੀਪ ਸਿੰਘ ਥਿੰਦ ਨੇ ਲਿਖਿਆ, "15 ਜੂਨ 2014 ਨੂੰ ਚਕਰ ਦੇਖਣ ਦਾ ਮੌਕਾ ਮਿਲਿਆ। ਮੇਰੇ ਨਾਲ ਆਈਆਂ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਪਿੰਡ ਦੇਖ ਕੇ ਬੜੀ ਪ੍ਰਸੰਨਤਾ ਹੋਈ। ਸ਼ਹਿਰਾਂ ਨੂੰ ਦੇਖ ਕੇ ਪਿੰਡਾਂ ਦੇ ਲੋਕਾਂ ਦਾ ਸੁਫ਼ਨਾ ਸੀ ਕਿ ਪਿੰਡਾਂ ਵਿਚ ਵੀ ਵਧੀਆ ਖੇਡ ਸਹੂਲਤਾਂ ਹੋਣ, ਸੈਰ ਕਰਨ ਲਈ ਥਾਵਾਂ ਹੋਣ, ਬੱਚਿਆਂ ਦੇ ਮਨੋਰੰਜਨ ਲਈ ਪਾਰਕ ਤੇ ਝੂਲੇ ਹੋਣ। ਚਕਰ ਵਿਚ ਉਹ ਸੁਪਨਾ ਸਾਕਾਰ ਹੁੰਦਾ ਦੇਖਿਆ। ਇਸ ਪਿੰਡ ਤੋਂ ਅਗਾਂਹ ਹੋਰ ਪਿੰਡਾਂ ਵਿਚ ਵੀ ਅਜਿਹਾ ਮਾਹੌਲ ਬਣਨ ਦੀ ਆਸ ਬੱਝੀ ਹੈ। ਲੋਕਾਂ ਨੇ ਖ਼ੁਦ ਹੀ ਹੰਭਲਾ ਮਾਰ ਕੇ ਆਪਣਾ ਅੱਗਾ ਸੁਆਰ ਲਿਆ ਹੈ।"

ਕੈਨੇਡਾ ਦੇ ਮੈਂਬਰ ਪਾਰਲੀਮੈਂਟ ਪਰਮ ਗਿੱਲ ਨੇ 09 ਜਨਵਰੀ 2013 ਨੂੰ ਲਿਖਿਆ, "ਕੈਨੇਡਾ ਰਹਿੰਦਿਆਂ ਪੰਜਾਬ ਸਦਾ ਹੀ ਖਿੱਚ ਪਾਉਂਦਾ ਹੈ। ਇਸ ਵਾਰ ਦੀ ਪੰਜਾਬ ਫੇਰੀ ਸੱਚਮੁੱਚ ਯਾਦਗਾਰੀ ਹੋ ਨਿਬੜੀ। ਸਬੱਬ ਨਾਲ ਪਿੰਡ ਚਕਰ ਵਿਚ ਹੋਏ ਵਿਕਾਸ ਕਾਰਜ ਆਪਣੀ ਅੱਖੀਂ ਦੇਖੇ। ਪਰਵਾਸੀ ਪੰਜਾਬੀਆਂ ਦੀ ਮਦਦ ਤੇ ਪਿੰਡਵਾਸੀਆਂ ਦੀ ਸਵੈਸ਼ਕਤੀ ਤੇ ਪ੍ਰੇਰਨਾ ਨਾਲ ਕੋਈ ਪਿੰਡ ਕਿਥੋਂ ਕਿਥੇ ਜਾ ਸਕਦਾ ਹੈ, ਇਸ ਗੱਲ ਦਾ ਗਵਾਹ ਪਿੰਡ ਚਕਰ ਹੈ। ਚਕਰ ਨੇ ਜੋ ਥੋੜ੍ਹੇ ਸਮੇਂ ਵਿਚ ਹੀ ਵੱਡੀਆਂ ਮੱਲਾਂ ਮਾਰੀਆਂ ਹਨ, ਭਾਵੇਂ ਉਹ ਖੇਡਾਂ ਵਿਚ ਹੋਣ, ਭਾਵੇਂ ਵਾਤਾਵਰਣ ਦੀ ਸਾਂਭ ਸੰਭਾਲ ਹੋਵੇ, ਉਸ ਲਈ ਚਕਰ ਵਧਾਈ ਦਾ ਪਾਤਰ ਹੈ।"

ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਨੇ 12 ਜਨਵਰੀ 2014 ਨੂੰ ਵਿਜ਼ਟਰ ਬੁੱਕ 'ਤੇ ਲਿਖਿਆ, "ਅੱਜ ਪਿੰਡ ਚਕਰ 'ਚ ਆ ਕੇ ਸੋਚਦਾ ਹਾਂ ਕਿ ਚਕਰ ਨਾ ਆਉਂਦਾ ਤਾਂ ਬਹੁਤ ਕੁਝ ਦੇਖਣ ਜਾਨਣ ਵਾਲਾ ਰਹਿ ਜਾਣਾ ਸੀ। ਪਿੰਡ ਚਕਰ ਦੇ ਪਰਵਾਸੀਆਂ ਅਤੇ ਨਗਰ ਨਿਵਾਸੀਆਂ ਦੇ ਕਾਰਜ ਬਹੁਤ ਸਲਾਹੁਣਯੋਗ ਹਨ। ਇਨ੍ਹਾਂ ਸਾਰਿਆਂ ਨੇ ਰਲ ਮਿਲ ਕੇ ਪਿੰਡ ਨੂੰ ਸਾਫ਼ ਸੁਥਰਾ ਅਤੇ ਸੋਹਣਾ ਹੀ ਨਹੀਂ ਬਣਾਇਆ ਸਗੋਂ ਪੂਰੇ ਪੰਜਾਬ ਨੂੰ ਇਕ ਮਾਡਲ ਵੀ ਦਿੱਤਾ ਹੈ। ਪਿੰਡ ਚਕਰ ਨੇ ਜਿਵੇਂ ਆਪਣੀ ਪੱਧਰ 'ਤੇ ਖੇਡ ਸੰਸਾਰ ਸਿਰਜਿਆ ਅਤੇ ਬਹੁਤ ਘੱਟ ਸਮੇਂ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ, ਇਸ ਦੀ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਮੈਂ ਚਕਰ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹਾਂ।"

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਚਕਰ ਆਇਆ ਤਾਂ ਉਸ ਨੇ ਖੇਡ ਅਕੈਡਮੀ ਵੇਖਣ ਪਿੱਛੋਂ ਕਿਸ਼ਤੀ ਉਤੇ ਝੀਲ ਦੀ ਸੈਰ ਵੀ ਕੀਤੀ। ਉਸ ਦਾ ਕਹਿਣਾ ਹੈ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਲਿਖਦੇ ਹਨ, "ਅਪ੍ਰੈਲ 2011 ਵਿਚ ਚਕਰ ਦੇ ਚੱਲ ਰਹੇ ਕਾਰਜ ਦੇਖਣ ਦਾ ਮੌਕਾ ਮਿਲਿਆ। ਚਕਰ ਦੇ ਉਦਮੀਆਂ ਨੇ ਵਾਤਾਵਰਣ ਨੂੰ ਸੰਭਾਲਣ ਦਾ ਜੋ ਉਪਰਾਲਾ ਕੀਤਾ ਅਤੇ ਕਰ ਰਹੇ ਹਨ ਉਹ ਕਾਬਲੇ ਤਾਰੀਫ਼ ਹੈ। ਸੀਵਰੇਜ ਤੇ ਹੋਰ ਵਾਧੂ ਦੇ ਪਾਣੀ ਨੂੰ ਸੋਧ ਕੇ ਮੁੜ ਸਿੰਜਾਈ ਲਈ ਵਰਤਣਾ ਬੜੀ ਵੱਡੀ ਗੱਲ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਬਾਕੀ ਪਿੰਡ ਵੀ ਜੇ ਅਜਿਹੇ ਉਪਰਾਲੇ ਕਰ ਲੈਣ ਤਾਂ ਪੌਣ ਪਾਣੀ ਦੇ ਪਲੀਤ ਹੋਣ ਦੀ ਸਮੱਸਿਆ ਨੂੰ ਠੱਲ੍ਹ ਪੈ ਸਕਦੀ ਹੈ।"

ਕੈਨੇਡਾ ਤੋਂ ਪਿੰਡ ਵੇਖਣ ਆਏ ਕੈਵਿਨ ਮੌਰਗਨ ਨੇ ਚਕਰ ਦੇ ਵਿਕਾਸ ਕਾਰਜਾਂ ਵਿਚ ਇਕ ਕਰੋੜ ਰੁਪਏ ਦਾ ਯੋਗਦਾਨ ਪਾ ਕੇ ਬੇਨਤੀ ਕੀਤੀ ਕਿ ਮੈਨੂੰ ਚਕਰ ਦਾ ਸਿਟੀਜ਼ਨ ਬਣਾ ਲਓ। ਚਕਰੀਆਂ ਨੇ ਵੱਡੀ ਝੀਲ ਦਾ ਨਾਂ ਮੌਰਗਨ ਝੀਲ ਰੱਖ ਕੇ ਉਸ ਨੂੰ ਚਕਰੀਆ ਬਣਾ ਲਿਆ। ਹੋਰ ਵਿਅਕਤੀਆਂ ਦੇ ਕਥਨਾਂ ਦਾ ਹਵਾਲਾ ਦਿੱਤੇ ਬਿਨਾਂ ਇਹੋ ਕਹਿਣਾ ਉਚਿਤ ਹੋਵੇਗਾ ਕਿ ਕਿਤਾਬ ਵੀ ਪੜ੍ਹੋ ਤੇ ਪਿੰਡ ਚਕਰ ਨੂੰ ਅੱਖੀਂ ਵੇਖ ਕੇ ਆਪੋ ਆਪਣੇ ਪਿੰਡਾਂ ਦੀ ਤਕਦੀਰ ਬਦਲੋ। ਜੇ ਚਕਰ ਸੁਧਰ ਸਕਦੈ ਤਾਂ ਹੋਰ ਪਿੰਡ ਕਿਉਂ ਨਹੀਂ ਸੁਧਰ ਸਕਦੇ? ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ ਦੇ ਗੁਰਵਾਕ ਉਤੇ ਚੱਲੋਗੇ ਤਾਂ ਚਕਰ ਦੇ ਹਾਣੀ ਹੋ ਜਾਵੋਗੇ। ਚਕਰ ਦਾ ਵਿਕਾਸ ਜਾਰੀ ਹੈ ਤੇ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਯੂ. ਐਨ. ਓ. ਪੰਜਾਬ ਦੇ ਇਸ ਪਿੰਡ ਨੂੰ 'ਵਿਸ਼ਵ ਮਾਡਲ ਪਿੰਡ' ਦਾ ਖ਼ਿਤਾਬ ਨਹੀਂ ਦਿੰਦੀ। ਅਸੀਸ ਹੈ:

ਪਿੰਡਾਂ ਵਿਚੋਂ ਪਿੰਡ ਨਿਆਰਾ,
ਜੁਗ ਜੁਗ ਜੀਵੇ ਚਕਰ ਪਿਆਰਾ
ਕਾਇਮ ਰਹੇ ਪਿੰਡ ਦਾ ਇਤਫ਼ਾਕ,
ਵਧੇ ਪ੍ਰੇਮ ਤੇ ਮੇਲ ਮਿਲਾਪ
ਜੀਂਦੀ ਰਹੇ ਜੁਆਨਾਂ ਦੀ ਸ਼ਕਤੀ,
ਹੋਵੇ ਲੋਕ ਸੇਵਾ ਵਿਚ ਮੁਕਤੀ
ਮਿਲਦਾ ਰਹੇ ਮਿਹਨਤ ਦਾ ਵਰ,
ਬਣੇ ਬਹਿਸ਼ਤ ਹਰੇਕ ਦਾ ਘਰ
ਰਹੇ ਚੜ੍ਹਦੀਆਂ ਕਲਾਂ 'ਚ ਪਿੰਡ,
ਬਣੇ ਵਿਸ਼ਵ ਦਾ ਮਾਡਲ ਪਿੰਡ
ਈਸ਼ਰ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ
ਜੀਣ ਤੇਰੇ ਬਲਕਾਰੀ ਜੁਆਨ,
ਜਿਹੜੇ ਬਣੇ ਚਕਰ ਦੀ ਸ਼ਾਨ
ਜੀਵਣ ਤੇਰੇ ਬਾਲ ਪਿਆਰੇ,
ਮਾਪਿਆਂ ਦੀਆਂ ਅੱਖਾਂ ਦੇ ਤਾਰੇ
ਵਧਣ ਤੇਰੇ ਰੁੱਖ-ਬੂਟੇ,
ਫਲ਼ਣ ਤੇਰੀਆਂ ਪੈਲੀਆਂ
ਝੂੰਮਣ ਤੇਰੇ ਪਿੱਪਲ, ਬੋਹੜ,
ਨਿੰਮਾਂ, ਧਰੇਕਾਂ, ਟਾਹਲੀਆਂ
ਭਰੇ ਰਹਿਣ ਛੰਭ-ਟੋਭੇ,
ਖਿੜੀਆਂ ਰਹਿਣ ਫੁਲਵਾੜੀਆਂ
ਝੀਲ ਤੇਰੀ ਦਾ ਨਿਰਮਲ ਪਾਣੀ,
ਤਰਦੀਆਂ ਜਿਥੇ ਕਿਸ਼ਤੀਆਂ
ਬੀਹੀਆਂ ਵਿਹੜੇ, ਆਲਾ ਦੁਆਲਾ,
ਮਹਿਕਣ ਫੁੱਲ ਸੁਗੰਧੀਆਂ
ਚਕਰ ਚਮਕੇ ਚਾਨਣ ਮੁਨਾਰਾ,
ਚਾਨਣ ਹੋਵੇ ਚੌਹੀਂ ਕੂੰਟੀਂ
ਜਗਣ ਚਰਾਗਾਂ ਤੋਂ ਹੋਰ ਚਰਾਗ,
ਹੋਣ ਚੁਫੇਰੇ ਚਾਨਣੀਆਂ

ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਲਈ ਚਾਨਣ ਮੁਨਾਰਾ ਸੀ। ਉਹਦੇ ਉੱਦਮ ਨਾਲ ਚਾਨਣ ਮੁਨਾਰਾ ਚਕਰ ਪੁਸਤਕ ਛਪੀ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਊੜਾ ਸੀ। 15 ਦਸੰਬਰ ਦੀ ਸਵੇਰ ਨੂੰ ਟੋਰਾਂਟੋ ਵਿਚ ਉਸ ਦਾ ਦੇਹਾਂਤ ਹੋਇਆ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ ਉਸ ਸੁਹੇਲੜੇ ਸੱਜਣ ਦਾ ਸਿਰਫ਼ 61 ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ। ਉਸ ਦਾ ਜਨਮ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਵਿਚ 7 ਮਾਰਚ 1953 ਨੂੰ ਸੁਤੰਤਰਤਾ ਸੰਗਰਾਮੀ ਸ. ਉਜਾਗਰ ਸਿੰਘ ਦੇ ਘਰ ਹੋਇਆ ਸੀ। ਬਚਪਨ ਪਿੰਡ ਦੀਆਂ ਬੀਹੀਆਂ, ਵਿਹੜਿਆਂ ਤੇ ਖੇਤਾਂ ਵਿਚ ਬੀਤਿਆ। ਮੁੱਢਲੀ ਸਿੱਖਿਆ ਉਸ ਨੇ ਚਕਰ ਦੇ ਸਰਕਾਰੀ ਸਕੂਲ ਵਿਚ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਉਸ ਦੇ ਪਿਤਾ ਨੇ ਇੰਗਲੈਂਡ ਮੰਗਵਾ ਲਿਆ

ਇੰਗਲੈਂਡ ਵਿਚ ਉਹ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਤਿੰਨ ਭਰਾ ਸਨ। ਦੋ ਭਰਾ ਅਜਮੇਰ ਸਿੰਘ ਤੇ ਬਲਦੇਵ ਸਿੰਘ ਕੈਨੇਡਾ ਜਾ ਵਸੇ। ਗਰੇਟਰ ਟੋਰਾਂਟੋ ਵਿਚ ਤੇ ਹੋਰ ਕਈ ਥਾਈਂ ਉਨ੍ਹਾਂ ਨੇ ਦਾਨ ਪੁੰਨ ਤੇ ਖੇਡਾਂ/ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖ਼ਤੀ ਨਹੀਂ ਲਵਾਈ।

ਪਿੰਡ ਦੇ ਵਿਕਾਸ ਵਿਚ ਬੇਸ਼ੱਕ ਦਸ ਕਰੋੜ ਤੋਂ ਉਪਰ ਲੱਗ ਚੁੱਕੇ ਹਨ ਤੇ ਕਰੋੜਾਂ ਹੋਰ ਲੱਗਣੇ ਹਨ ਪਰ ਕਰੋੜਾਂ ਰੁਪਿਆਂ ਦੀ ਅਣਮੁੱਲੀ ਕਾਰ ਸੇਵਾ ਜੋ ਪਿੰਡ ਦੇ ਬੱਚਿਆਂ, ਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਸੂਬਾਈ/ਕੇਂਦਰੀ ਸਰਕਾਰਾਂ ਤੋਂ ਹੱਥ ਅੱਡ ਕੇ ਮੰਗਣਾ ਹੇਠਾਪਣ/ਮੰਗਤਾਪਣ ਸਮਝਦੇ ਹਾਂ। ਟੈਕਸ ਭਰਦੇ ਹਾਂ ਜਿਸ ਕਰਕੇ ਪਿੰਡ ਦੇ ਪ੍ਰੋਜੈਕਟਾਂ ਲਈ ਸਰਕਾਰੀ ਗਰਾਂਟਾਂ ਲੈਣਾ ਸਾਡਾ ਹੱਕ ਹੈ। ਆਪਣੇ ਪਿੰਡ ਵਾਸੀਆਂ ਨੂੰ ਸਾਡਾ ਇਹੋ ਸੁਨੇਹਾ ਹੈ ਕਿ ਆਪਣੇ ਹੱਥੀਂ ਅਪਣਾ ਆਪੇ ਹੀ ਕਾਜ ਸਵਾਰੀਏ ਦੇ ਗੁਰਵਾਕ ਦਾ ਪੱਲਾ ਨਹੀਂ ਛੱਡਣਾ ਤੇ ਜਿਸ ਚਕਰੀਏ ਦਾ ਅਜੇ ਤਕ ਯੋਗਦਾਨ ਨਹੀਂ ਪੈ ਸਕਿਆ ਉਹ ਦਸਵੰਧ ਦੇਣ 'ਚ ਢਿੱਲ ਨਾ ਕਰੇ। ਵਸੇ ਚਕਰ, ਵਧੇ ਚਕਰ।

ਇੱਕੀਵੀਂ ਸਦੀ ਦੇ ਚੜ੍ਹਨ ਸਾਰ ਸਿੱਧੂ ਭਰਾਵਾਂ ਦੀ ਅਗਵਾਈ ਵਿਚ ਚਕਰ ਨੇ ਅਜਿਹਾ ਇਤਿਹਾਸ ਸਿਰਜਿਆ ਜਿਸਦੀ ਮਿਸਾਲ ਘੱਟ ਹੀ ਮਿਲਦੀ ਹੈ। ਚਕਰੀਆਂ ਨੇ ਆਪਣੇ ਆਪ ਨੂੰ ਪਛਾਣਿਆ ਤੇ ਆਪਣੀ ਪੱਧਰ 'ਤੇ ਪੰਜਾਬ ਅਤੇ ਭਾਰਤ ਨੂੰ ਮਾਡਲ ਪਿੰਡ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਯਕੀਨ ਹੈ ਕਿ ਜਿਸ ਦਿਨ ਸਰਕਾਰ ਵੀ ਉਨ੍ਹਾਂ ਨੂੰ ਸਹਿਯੋਗ ਦੇਣ ਲੱਗ ਪਈ, ਉਹ ਪੂਰੀ ਦੁਨੀਆ ਲਈ ਇਕ ਮਾਡਲ ਸਿਰਜ ਦੇਣਗੇ।

ਅਜਮੇਰ ਸਿੰਘ ਦਰਿਆਦਿਲ ਦਾਨੀ ਹੀ ਨਹੀਂ ਸੀ ਉਹ ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਸਾਂਝੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿੱਚ ਸ਼ਾਮਲ ਹੋ ਗਏ। ਚਲਦੇ ਕੰਮ ਵਿੱਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ। ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਦੀਵਾਰ ਬਣ ਕੇ ਆ ਖੜ੍ਹਦੀਆਂ ਪਰ ਅਜਮੇਰ ਸਿੰਘ ਦੀ ਅਗਵਾਈ ਵਿਚ ਕੱਖ ਕਾਨ ਵਾਂਗ ਉਡ ਜਾਂਦੀਆਂ। ਇਕ ਵਾਰ ਸਾਰੀ ਰਾਤ ਕੰਮ ਕੀਤਾ ਗਿਆ ਕਿਉਂਕਿ ਰਾਤੋ ਰਾਤ ਰਸਤੇ ਨੂੰ ਚਾਲੂ ਕਰਨ ਬਾਰੇ ਫੈਸਲਾ ਲਿਆ ਗਿਆ ਸੀ। ਅਜਿਹੇ ਕੰਮਾਂ ਨੂੰ ਸਮੇਂ ਸਿਰ ਕਰਨ ਪਿੱਛੇ ਵੱਡੀ ਪ੍ਰੇਰਣਾ ਸੀਵਰੇਜ ਦੇ ਮੁੱਖ ਪ੍ਰਬੰਧਕ ਅਜਮੇਰ ਸਿੰਘ ਦੀ ਹਾਜ਼ਰੀ ਹੁੰਦੀ ਸੀ। ਕੋਈ ਵੀ ਕੰਮ ਚੱਲ ਰਿਹਾ ਹੁੰਦਾ ਉਹ ਇਸ ਵਿੱਚ ਹਿੱਸਾ ਲੈ ਕੇ ਖ਼ੁਸ਼ ਹੁੰਦਾ। ਇਹ ਕੰਮ ਚਾਹੇ ਇੱਟਾਂ ਢੋਣ ਦਾ ਹੁੰਦਾ, ਕਹੀ ਨਾਲ ਜ਼ਮੀਨ ਪੁੱਟਣ ਦਾ ਹੁੰਦਾ, ਇੱਟਾਂ ਦੀ ਚਿਣਾਈ ਦਾ ਹੁੰਦਾ ਭਾਵੇਂ ਪਲਸਤਰ ਕਰਨ ਦਾ ਹੁੰਦਾ। ਲੋਕਾਂ ਵਿਚ ਵਿਚਰ ਕੇ ਲੋਕ ਸੇਵਾ ਕਰਨ ਵਾਲਿਆਂ ਦਾ ਹੌਸਲਾ ਵਧਾਉਣ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਤੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦਾ ਉਹਦਾ ਆਪਣਾ ਤਰੀਕਾ ਸੀ। ਇਸਦੇ ਨਾਲ ਉਹ ਹਾਸਾ ਮਜ਼ਾਕ ਕਰਦਿਆਂ ਪੇਂਡੂਆਂ ਦਾ ਮਨੋਰੰਜਨ ਵੀ ਕਰਦਾ।

ਅਕਤੂਬਰ 2014 ਵਿਚ ਉਹ ਛੇ ਹਫ਼ਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਆਇਆ ਸੀ। ਦੋ ਹਫ਼ਤੇ ਬਾਅਦ ਉਹ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਗਿਆ। ਪਿੰਡ ਵਾਸੀਆਂ ਨੂੰ ਕਹਿ ਗਿਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਫਿਰ ਪਿੰਡ ਆਵੇਗਾ ਤੇ ਰਹਿ ਗਏ ਕੰਮ ਅਗਾਂਹ ਤੋਰਾਂਗੇ। ਟੋਰਾਂਟੋ ਜਾ ਕੇ ਪਤਾ ਲੱਗਾ ਉਸ ਨੂੰ ਕੈਂਸਰ ਹੋ ਗਈ ਹੈ। ਮੈਂ ਹਾਲ ਚਾਲ ਪੁੱਛਿਆ ਤਾਂ ਉਸ ਦਾ ਕਹਿਣਾ ਸੀ, "ਬਾਈ ਜੀ, ਮੈਂ ਬੁਨਿਆਦੀ ਤੌਰ 'ਤੇ ਫਾਈਟਰ ਹਾਂ। ਕੈਂਸਰ ਨਾਲ ਤਕੜਾ ਹੋ ਕੇ ਫਾਈਟ ਕਰਾਂਗਾ। ਜਿੱਤ ਹਾਰ ਉਪਰਲੇ ਦੇ ਹੱਥ ਹੈ।"

ਉਹ ਸੱਚਮੁੱਚ ਫਾਈਟਰ ਸੀ। ਹਨ੍ਹੇਰਿਆਂ ਵਿਰੁੱਧ ਲੜਨ ਵਾਲਾ ਤੇ ਚਾਨਣਾਂ ਦਾ ਛੱਟਾ ਦੇਣ ਵਾਲਾ ਸਿਦਕੀ ਜੋਧਾ। ਉਹ ਮਰਿਆ ਨਹੀਂ, ਉਹ ਅਜੇ ਵੀ ਜੂਝ ਰਿਹੈ ਤੇ ਚਕਰ ਦਾ ਚਾਨਣ ਮੁਨਾਰਾ ਬਣਿਆ ਸਦਾ ਨੂਰ ਵੰਡਦਾ ਰਹੇਗਾ। ਚਕਰ ਦੀਆਂ ਨਵੀਆਂ ਪੀੜ੍ਹੀਆਂ ਉਹਦੀ ਜਗਾਈ ਜੋਤ ਨੂੰ ਅੱਗੇ ਤੋਰਦੀਆਂ ਰਹਿਣਗੀਆਂ। ਜੀਵੇ ਚਕਰ ਜੀਵੇ ਅਜਮੇਰ! ਜੀਣ ਜੁਆਨ ਚਕਰ ਦੀ ਸ਼ਾਨ!!

# ਮੋਦੀ ਦਾ ਇਕ ਸਾਲ

**ਬਲਜਿੰਦਰ ਸਿੰਘ ਵੜੈਚ**

ਸਮਾਂ ਬਲਵਾਨ ਹੈ ਵਾਲੀ ਗੱਲ ਸਾਡੇ ਵੇਦਾਂ-ਸ਼ਾਸਤਰਾਂ ਅਤੇ ਧਾਰਮਿਕ ਗ੍ਰੰਥਾਂ ਵਿਚ ਵਾਰ ਵਾਰ ਉਚਾਰੀ ਗਈ ਹੈ। ਇਹ ਗੱਲ ਹੈ ਵੀ ਸੋਲ੍ਹਾਂ ਆਨੇ ਠੀਕ। ਸਮਾਂ, ਸਮਾਂ ਪਾ ਕੇ ਆਪਣੀ ਸ਼ਕਤੀ ਦਾ ਰੰਗ ਜ਼ਰੂਰ ਦਿਖਾਉਂਦਾ ਹੈ। ਸਮੇਂ ਨੇ ਜਦੋਂ ਕਰਵਟ ਬਦਲੀ ਤਾਂ ਸਾਡੇ ਦੇਸ਼ ਵਿਚ ਬੀ. ਜੇ. ਪੀ. ਦੀ ਤੂਫ਼ਾਨੀ ਜਿੱਤ ਨੇ ਮੋਦੀ ਦੀ ਮੋਦੀ ਲਹਿਰ ਨੂੰ ਅੰਬਰੀ ਪਰਵਾਜ਼ ਦੇ ਮਾਰੀ ਪਰ ਬੜੀ ਸ਼ਰਮ ਦੀ ਗੱਲ ਹੈ ਕਿ ਸਮੁੱਚੀ ਪਾਰਟੀ ਦੀ ਕਾਰਗੁਜ਼ਾਰੀ ਨੂੰ ਅੱਖੋਂ ਪਰੋਖੇ ਕਰਦੇ ਹੋਏ ਕੁਝ ਚਾਪਲੂਸੀ ਲੋਕਾਂ ਨੇ ਇਸ ਨੂੰ ਮੋਦੀ ਦੀ 'ਵਨ ਮੈਨ ਪਾਰਟੀ' ਬਣਾ ਦਿੱਤਾ। ਇਹ ਸਾਰੇ ਚਾਪਲੂਸ ਲੋਕ ਮੋਦੀ ਦੀ ਕਹੀ ਗੱਲ ਨੂੰ ਗੁਰਬਾਣੀ ਪ੍ਰਵਚਨਾ ਵਾਂਗ ਕਬੂਲਦੇ ਹਨ। ਅੱਜ ਮੋਦੀ ਸ਼ਾਇਦ ਆਪਣੀ ਸਫ਼ਲਤਾ ਦੇ ਹੰਕਾਰ ਵਿਚ ਇਹ ਭੁੱਲ ਗਿਆ ਹੈ ਕਿ ਇਕ, ਇਕ ਅਤੇ ਗਿਆਰਾਂ, ਗਿਆਰਾਂ ਹੁੰਦੇ ਹਨ। ਕਹਿਣ ਦਾ ਭਾਵ ਕਿ ਸਾਂਝੇ ਤੌਰ 'ਤੇ ਲਏ ਫੈਸਲੇ ਵਿਕਾਸਸ਼ੀਲ ਢਾਂਚੇ ਦਾ ਨਿਰਮਾਣ ਕਰਦੇ ਹਨ। ਜਦੋਂ ਕਿ ਇਕੱਲੇ ਆਦਮੀ ਵਲੋਂ ਲਏ ਫੈਸਲੇ ਵਿਚ ਜ਼ਰਾ ਜਿੰਨੀ ਘਾਟ ਵੀ, ਪੂਰੇ ਦੇਸ਼ ਦਾ ਬੇੜਾ ਗ਼ਰਕ ਕਰ ਦਿੰਦੀ ਹੈ। ਇਸ ਸਬੰਧ ਵਿਚ ਮੋਦੀ ਨੂੰ ਆਪਦੇ ਕਾਰਜਕਾਲ ਦੇ ਇਕ ਸਾਲ ਉਪਰ ਝਾਤ ਮਾਰਨੀ ਚਾਹੀਦੀ ਹੈ। ਜੇਕਰ ਅਸੀਂ ਕਹੀਏ ਕਿ ਜਿਸ ਸੋਚ ਸਮਝ ਦੇ ਆਧਾਰ 'ਤੇ ਮੋਦੀ ਨੇ ਦੇਸ਼ ਵਿਕਾਸ ਦੇ ਜਿਹੜੇ ਕਦਮ ਚੁੱਕੇ ਹਨ, ਇਨ੍ਹਾਂ ਨਾਲ ਦੇਸ਼ ਵਿਚ ਵਿਕਾਸ ਤਾਂ ਨਜ਼ਰ ਨਹੀਂ ਆਇਆ ਲੇਕਿਨ ਵਿਨਾਸ਼ ਦੇ ਝਲਕਾਰੇ ਜ਼ਰੂਰ ਝਲਕਾ ਮਾਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਆਪਣੇ ਦੇਸ਼ ਦੇ ਛੋਟੇ ਵਪਾਰੀਆਂ ਅਤੇ ਕਿਰਤੀ ਲੋਕਾਂ ਦਾ ਕਚੂਮਰ ਕੱਢ ਕੇ ਮੰਗੋਲੀਆ ਅਤੇ ਨੇਪਾਲ ਵਰਗੇ ਦੇਸ਼ਾਂ ਨੂੰ ਦਿੱਤੇ ਬੁਨਾਜੇ ਲੋਕਾਂ ਦੀਆਂ ਅੱਖਾਂ ਵਿਚ ਰੋੜ ਵਾਂਗ ਰੜਕ ਰਹੇ ਹਨ। ਆਪਣੇ ਦੇਸ਼ ਦੀ ਭੁੱਖੀ ਅਤੇ ਰੋਗੀ ਜਨਤਾ ਨੂੰ ਅੱਖੋਂ ਓਹਲੇ ਕਰਕੇ ਦਮੋਦਰ ਸਾਹਿਬ ਬਾਹਰਲੇ ਦੇਸ਼ਾਂ ਦੀ ਰਾਜਨੀਤੀ ਵਿਚ ਨਾਮਣਾ ਖੱਟਣਾ ਚਾਹੁੰਦੇ ਹਨ। ਸਾਡੇ ਦੇਸ਼ ਦੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਵਿਦੇਸ਼ੀ ਦੌਰਿਆਂ 'ਤੇ ਇੰਝ ਲੁਟਾਈ ਜਾਂਦੇ ਹਨ ਜਿਵੇਂ ਮੋਦੀ ਦੇ ਬਾਪ ਨੇ ਇਸਨੂੰ ਵਿਰਾਸਤ ਵਿਚ ਦਿੱਤੀ ਹੋਵੇ। ਜੇਕਰ ਝਾਤੀ ਮਾਰੀਏ ਤਾਂ ਪਿਛਲੀ ਕਾਂਗਰਸ ਸਰਕਾਰ ਨੇ ਐਨੇ ਵਿਦੇਸ਼ੀ ਦੌਰੇ 10 ਸਾਲਾਂ ਵਿਚ ਨਹੀਂ ਕੀਤੇ, ਜਿੰਨੇ ਇਸ ਸਾਹਿਬ ਨੇ ਇਕ ਸਾਲ ਵਿਚ ਮਾਰ ਸੁੱਟੇ। ਗੱਲਾਂ ਕਰਦਿਆਂ ਇਕ ਗੱਲ ਹੋਰ ਸਾਹਮਣੇ ਆਈ ਕਿ ਇਸ ਦਾ ਇਕ ਨਿੱਜੀ ਚਾਪਲੂਸ ਅਮਿਤ ਸ਼ਾਹ ਆਖ ਰਿਹਾ ਹੈ ਕਿ ਇਨ੍ਹਾਂ ਦੌਰਿਆਂ ਨਾਲ ਦੇਸ਼ ਦਾ ਵੱਕਾਰ ਵਧਦਾ ਹੈ। ਇਸ ਨੂੰ ਪੁੱਛਣ ਵਾਲਾ ਹੋਵੇ ਕਿ ਅੱਗੇ ਕਾਂਗਰਸ ਦੇ ਦੌਰਿਆਂ ਨੇ ਕਿਹੜਾ ਸਾਡੇ ਦੇਸ਼ ਦੇ ਵੱਕਾਰ 'ਤੇ ਸੋਨਾ ਮੜ ਦਿੱਤਾ ਕਿ ਹੁਣ ਮੋਦੀ ਇਸ ਨੂੰ ਹੀਰਿਆਂ ਨਾਲ ਜੜੇਗਾ। ਇਹ ਸਭ ਬੇਕਾਰ ਗੱਲਾਂ ਹਨ, ਭੋਲੀ-ਭਾਲੀ ਜਨਤਾ ਲੂੰ ਉੱਲੂ ਬਣਾਇਆ ਜਾ ਰਿਹਾ ਹੈ। ਏਥੇ ਇਕ ਗੱਲ ਹੋਰ ਆਖਣੀ ਬਣਦੀ ਹੈ ਕਿ ਜਿਹੜਾ ਨਰਿੰਦਰ ਆਪਣੇ ਦੇਸ਼ ਦੇ ਹਾਲਾਤ ਇਕ ਸਾਲ ਵਿਚ ਨਹੀਂ ਸਮਝ ਸਕਿਆ ਉਹ ਪੰਜ ਰੋਜ਼ੇ ਵਿਦੇਸ਼ੀ ਦੌਰਿਆਂ ਨਾਲ ਉਥੇ ਦੇ ਲੋਕਾਂ ਦੇ ਹਾਲਾਤ ਕੀ ਸਮਝੇਗਾ। ਨਾਲੇ ਇਕ ਗੱਲ ਸਾਫ਼ ਹੈ ਕਿ ਸਕਾ, ਸਕਾ ਹੁੰਦਾ ਹੈ ਅਤੇ ਗੁਆਂਢੀ, ਗੁਆਂਢੀ। ਇਸ ਤੋਂ ਅੱਗੇ ਸਾਡੇ ਪੀ. ਐਮ. ਨੂੰ ਚਾਹੀਦਾ ਹੈ ਕਿ ਉਹ ਬੈਗਾਨਿਆਂ ਦੀ ਭਲਾਈ ਦਾ ਰਾਹ ਰਸਤਾ ਤਿਆਗ ਕੇ ਆਪਣੇ ਦੇਸ਼ 'ਤੇ ਨਜ਼ਰ ਰੱਖਣ ਤਾਂ ਕਿ ਸੂਬਾ ਸਰਕਾਰਾਂ ਆਪ ਹੁਦਰੀ ਨਾ ਕਰ ਸਕਣ ਨਹੀਂ ਤਾਂ ਪੰਜਾਬ ਦੇ ਮੁੱਖ ਮੰਤਰੀ ਪਰਿਵਾਰ ਵਰਗੇ ਹੋਰ ਕਈ ਪਰਿਵਾਰ ਲੋਕਾਂ ਨੂੰ ਆਪਣੀਆਂ ਬੱਸਾਂ ਅਤੇ ਟਰਾਲਿਆਂ ਹੇਠ ਦਰੜ-ਦਰੜ ਕੇ ਮਾਰ ਦੇਣਗੇ ਜਿਹਾ ਕਿ ਮੋਗਾ ਵਿਚ ਬਾਦਲ ਬਾਬੇ ਦੀ ਔਰਬਿਟ ਕੰਪਨੀ ਦੀ ਬੱਸ ਨੇ ਕੀਤਾ। ਜੇਕਰ ਇਹ ਲੋਕ ਨੰਨ੍ਹੀਆਂ ਨੂੰ ਏਦਾਂ ਬੱਸਾਂ 'ਚੋਂ ਹੇਠਾਂ ਸੁੱਟ ਸੁੱਟ ਕੇ ਮਾਰਨ ਲੱਗ ਪਏ ਇਸ ਨਾਲ ਲਿੰਗ ਅਨੁਪਾਤ ਤਾਂ ਘਟੇਗਾ ਹੀ ਅਤੇ ਨਾਲ ਹੀ ਲੋਕਾਂ ਦਾ ਗੁੱਸਾ ਵੀ ਬਾਰੂਦ ਵਾਂਗ ਫੱਟ ਸਕਦਾ ਹੈ। ਅੰਤ ਵਿਚ ਅਸੀਂ ਤਾਂ ਆਪਣੇ ਆਪ ਨੂੰ ਦੇਸ਼ ਦਾ ਰਖਵਾਲਾ ਕਹਿਣ ਵਾਲੇ ਇਸ ਮੋਦੀ ਨੂੰ ਇਹੀ ਕਹਿ ਸਕਦੇ ਹਾਂ ਕਿ ਆਪਣੀਆਂ ਵਰਤਮਾਨ ਨੀਤੀਆਂ ਨੂੰ ਭਵਿੱਖੀ ਰੂਪ ਬੜਾ ਸੋਚ ਸਮਝ ਕੇ ਦੇਣ ਇਹ ਨਾ ਹੋਵੇ ਕਿ ਇਨ੍ਹਾਂ ਨੀਤੀਆਂ ਨਾਲ ਦੇਸ਼ ਦੇ ਵਿਕਾਸ ਦੀ ਥਾਂ ਬੇੜਾ ਗਰਕ ਜਾਵੇ।

92167-29598

## ਫੀਦਲ ਕਾਸਤਰੋ ਦੇ ਨਾਂ

-ਚੀ ਗੁਵੇਰਾ



ਸਰਘੀ ਦੇ ਜੋਸ਼ੀਲੇ ਪੈਗੰਬਰ
ਆ ਚੱਲੀਏ
ਸ਼ਾਂਤ ਪੁਲਾੜੀ ਰਾਹਾਂ ਦੇ ਨਾਲ-ਨਾਲ
ਉਸ ਹਰਿਆਵਲੇ ਟਾਪੂ ਨੂੰ
ਮੁਕਤ ਕਰਾਉਣ ਲਈ
ਜੋ ਤੈਨੂੰ ਬਹੁਤ ਪਿਆਰਾ ਹੈ।
ਆਪਣੇ ਮੱਥੇ ਉਤੇ
'ਮਾਰਤੀ' ਦੇ ਆਕੀ ਸਿਤਾਰਿਆਂ ਨੂੰ
ਜੜ ਕੇ
ਉਨ੍ਹਾਂ ਨਿਰਾਦਰੀਆਂ ਨੂੰ ਧੋ ਸੁੱਟੀਏ
ਆ ਸਹੁੰ ਖਾਈਏ
ਕਿ ਜਾਂ ਜਿੱਤਾਂਗੇ
ਜਾਂ ਸ਼ਹੀਦ ਹੋ ਜਾਵਾਂਗੇ।

ਤੇਰੀਆਂ ਪਹਿਲੀਆਂ ਗੋਲੀਆਂ ਨਾਲ
ਸਾਰਾ ਜੰਗਲ
ਪਵਿੱਤਰ ਹੈਰਾਨੀ ਨਾਲ ਜਾਗ ਉੱਠੇਗਾ
ਅਸੀਂ ਵੀ ਗੋਲੀਆਂ ਦੀ
ਬੁਛਾੜ ਕਰਾਂਗੇ
ਤੇ ਤੇਰੇ ਕੋਲ ਖੜ੍ਹੇ ਹੋਵਾਂਗੇ-

ਰੋਟੀ, ਭੋਂ, ਅਜ਼ਾਦੀ ਤੇ ਇਨਸਾਫ਼ ਲਈ
ਜਦੋਂ ਤੇਰੀ ਆਵਾਜ਼
ਹਵਾ ਵਿਚ ਗੂੰਜੇਗੀ
ਤਾਂ ਜਵਾਬ ਵਿਚ,
ਸਾਡੀ ਆਵਾਜ਼ ਵੀ
ਤੇਰੇ ਨਾਲ ਹੋਵੇਗੀ।

ਤਲਾਸ਼ ਦੇ ਅੰਤ ਉੱਤੇ
ਜਦ ਜ਼ੁਲਮ ਦਾ ਫੋੜਾ ਕੱਟਿਆ ਜਾਵੇਗਾ
ਤਾਂ ਫਸਲ ਦੀ ਵਾਢੀ ਲਈ ਤਿਆਰ
ਅਸੀਂ ਵੀ ਤੇਰੇ ਨਾਲ ਹੋਵਾਂਗੇ।

ਜਿਸ ਦਿਨ ਕੌਮੀ-ਕਰਨ ਦੀਆਂ
ਸਾਡੀਆਂ ਬਰਛੀਆਂ ਦੇ ਲਾਏ
ਜ਼ਖ਼ਮ ਨੂੰ
ਅਜਗਰ ਚੱਟ ਰਿਹਾ ਹੋਵੇਗਾ
ਤਾਂ ਵੇਖ ਲਵੀਂ
ਗੌਰਵ-ਭਰੇ ਦਿਲਾਂ ਨਾਲ
ਅਸੀਂ ਵੀ ਤੇਰੇ ਲਾਗੇ ਚਾਗੇ ਹੀ
ਖਲੋਤੇ ਹੋਵਾਂਗੇ।
ਕਦੇ ਨਾ ਸੋਚੀਂ
ਕਿ ਸਾਡੇ ਦਿਲਾਂ ਦੇ ਸੋਨੇ ਦੀ ਚਮਕ
ਬਦੇਸ਼ੀ ਪਿੱਸੂਆਂ ਨੂੰ ਵੇਖ ਧੁੰਦਲੀ
ਪੈ ਜਾਵੇਗੀ
ਅਸੀਂ ਉਨ੍ਹਾਂ ਦੀ ਰਫ਼ਲਾਂ
ਗੋਲੀਆਂ ਤੇ ਚੱਟਾਨ ਉੱਤੇ
ਕਬਜ਼ਾ ਕਰ ਲਵਾਂਗੇ
ਹੋਰ ਨਹੀਂ ਕੁਝ ਚਾਹੀਦਾ ਸਾਨੂੰ
ਤੇ ਜਦੋਂ ਲੜਾਈ ਵਿਚ
ਸਾਡਾ ਪੈਂਤੜਾ ਜਾਮ ਹੋ ਜਾਵੇ
ਤਾਂ ਸਾਡੇ ਉੱਤੇ
ਕਿਊਬਾ ਦੇ ਹੰਝੂਆਂ ਦਾ ਕਫ਼ਨ ਪਾ ਕੇ
ਸਾਡੇ ਜਿਸਮਾਂ ਨੂੰ ਲਪੇਟ ਦੇਣਾ
ਅਮਰੀਕਾ ਦਾ ਇਤਿਹਾਸ
ਇਸ ਦਾ ਗਵਾਹ ਹੈ
ਬਸ ਹੋਰ ਕੁਝ ਨਹੀਂ ਚਾਹੀਦਾ ਸਾਨੂੰ।

(ਮੈਕਸੀਕੋ 1956)

## ਚੀ ਗੁਵੇਰਾ

-ਨਿਕੋਲਸ-ਗੁਈ ਲੇਨ



ਭਾਵੇਂ ਤੂੰ ਮਰ ਗਿਆ ਹੈਂ
ਪਰ ਤੇਰੀ ਰੌਸ਼ਨੀ ਬੁਝਾਈ ਨਹੀਂ ਜਾ ਸਕੀ
ਗੁਰੀਲੇ, ਤੂੰ ਚੱਲਦਾ ਹੈਂ
ਅੱਗ ਤੇ ਘੋੜੇ ਉਤੇ ਅਸਵਾਰ
ਪਹਾੜਾਂ, ਪੌਣਾਂ ਤੇ ਬੱਦਲਾਂ ਵਿਚ ਦੀ
ਤੈਨੂੰ ਚੁੱਪ ਕਰਾ ਦਿੱਤਾ ਗਿਆ ਹੈ
ਪਰ ਤੂੰ ਚੁੱਪ ਨਹੀਂ ਹੋਇਆ।
ਤੇ ਭਾਵੇਂ ਉਹ ਤੇਰੇ ਜਿਸਮ ਨੂੰ ਜਲਾ ਦੇਣ
ਜਾਂ ਦੁਰਾਡੇ ਕਿਤੇ ਲੁਕਾ ਦੇਣ
ਕਬਰਸਤਾਨਾਂ ਵਿਚ, ਜੰਗਲਾਂ ਵਿਚ
ਠੰਡੀਆਂ, ਉੱਚੀਆਂ ਥਾਵਾਂ ਉਤੇ
ਚੀ ਕਮਾਂਡਰ!
ਦੋਸਤਾਂ ਤੇ ਭਰਾਵਾਂ
ਉਹ ਤੈਨੂੰ ਸਾਡੇ ਤੋਂ ਦੂਰ ਨਹੀਂ ਰੱਖ ਸਕਦੇ।
ਅਮਰੀਕਾ, ਖੁਸ਼ੀ ਵਿਚ ਦੰਦ ਕੱਢਦਾ ਹੈ
ਪਰ ਛੇਤੀ ਹੀ ਉਹ ਆਪਣੇ ਡਾਲਰ-ਵਿਛਾਏ
ਬਿਸਤਰ ਵਿਚ ਪਾਸੇ ਮਾਰਦਾ ਤੇ ਉੱਸਲ-ਵੱਟੇ
ਉਸ ਦੀ ਮੁਸਕਾਨ, ਇਕ ਮਖੌਟਾ ਬਣ ਜਾਂਦੀ ਹੈ
ਪਾਣ ਚਾੜ੍ਹੀ ਫੌਲਾਦ ਵਰਗੀ
ਤੇਰੀ ਸ਼ਕਲ ਪਹਾੜੀਆਂ ਚੜ੍ਹਦੀ ਹੈ
ਤੇਰੇ ਦੁਆਲੇ ਗੁਰੀਲੇ ਆਣ ਇਕੱਠੇ ਹੁੰਦੇ ਹਨ
ਪਹਾੜ ਦੀਆਂ ਗਊ-ਮੱਖੀਆਂ
ਤੇ ਸਿਪਾਹੀਆਂ ਵਲੋਂ ਛਾਨਣੀ ਕੀਤਾ ਤੇਰਾ ਮਹਾਨ ਦਿਲ
ਅਮਰੀਕਾ ਦੀ ਕਾਲੀ ਰਾਤ ਵਿਚ
ਤੇ ਉਨ੍ਹਾਂ ਦੀਆਂ ਮੌਜ
ਮਸਤੀਆਂ ਵਿਚ
ਅਚਾਨਕ ਚੜ੍ਹੇ ਸਿਤਾਰੇ ਵਾਂਗ ਫਟਦਾ ਹੈ,
ਤੈਨੂੰ ਪਤਾ ਸੀ, ਗੁਵੇਰਾ
ਪਰ ਨਿਰਮਾਣਤਾ ਨੇ ਤੈਨੂੰ ਰੋਕੀ ਰੱਖਿਆ
ਆਪਣੇ ਬਾਰੇ ਕੁਝ ਆਖਣ ਤੋਂ
ਚੀ ਕਮਾਂਡਰ!
ਮਿੱਤਰ ਪਿਆਰੇ ਤੇ ਭਰਾਵਾ!
ਕਿਹੜੀ ਜਗ੍ਹਾ ਹੈ ਜਿਥੇ ਤੂੰ ਨਹੀਂ ਹੈਂ?
ਤੂੰ ਇੰਡੀਆਨਾ ਦੇ ਸੁਪਨਿਆਂ ਵਿਚ ਹੈਂ
ਤੇ ਨੀਗਰੋ ਦੇ ਤਾਂਬੇ ਵਿਚੋਂ ਉਭਰਦਾ ਹੋਇਆ
ਬਗਾਵਤ ਦੀਆਂ ਲਹਿਰਾਂ-ਦਰ ਲਹਿਰਾਂ ਬਣ
ਤੇਲ ਤੇ ਸ਼ੋਰੇ ਵਿਚਲੀਆਂ ਸਲ੍ਹਾਬੀਆਂ
ਆਤਮਾਵਾਂ ਵਿਚ
ਖੇਲੇ ਦੀ ਉਜੜੀ ਧਰਤੀ ਵਿਚੋਂ
ਖੱਲਾਂ ਦੇ ਉਜਾੜ ਬਿਰਖ਼ ਹੀਣ ਇਲਾਕੇ ਵਿਚੋਂ
ਤੂੰ, ਜਿਸ ਦਾ ਲਹੂ
ਕਤਲ ਕੀਤੇ ਜਾਣ ਤੋਂ ਇਕ ਮਿੰਟ ਬਾਅਦ
ਇਕ ਜੀਵਤ ਯਾਦਗਾਰ ਬਣ
ਫੁੱਟ ਨਿਕਲਿਆ ਸੀ,
ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਦੇ ਉਲਟ
ਜਿਊਂਦਾ ਹੈਂ
ਮਿੱਤਰ ਪਿਆਰੇ ਤੇ ਭਰਾਵਾਂ!
ਕਿਊਬਾ ਤੈਨੂੰ ਦਿਲੋਂ ਪੋਟਾ ਪੋਟਾ ਜਾਣਦਾ ਹੈ
ਦਾਹੜੀ ਵਾਲਾ ਰੌਸ਼ਨੀ-ਵੰਡਦਾ ਚਿਹਰਾ
ਤੂੰ ਇਕ ਸੰਤ,
ਜਿਸ ਨੂੰ ਹਾਥੀ ਦੰਦ ਤੇ ਜੈਤੂਨ ਦੇ ਰੰਗਾਂ ਵਿਚ
ਰੰਗਿਆ ਗਿਆ ਸੀ
ਦ੍ਰਿੜਤਾ-ਭਰੀ ਤੇਰੀ ਆਵਾਜ਼
ਜੋ ਚੋਰੀ ਚੋਰੀ ਕਿਸੇ ਦੀ ਗੱਲ ਸੁਣਨ
ਦੀ ਆਦੀ ਨਹੀਂ
ਕਿਸੇ ਮਿੱਤਰ ਤੇ ਸੰਗੀ-ਸਾਥੀ ਵਲੋਂ
ਦਿੱਤੇ ਹੁਕਮ
ਤੂੰ ਕੋਮਲ ਚਿੱਤ ਵੀ ਹੈਂ
ਤੇ ਸਖ਼ਤ ਵੀ ਹੈ
ਕਾਮਰੇਡ ਕਮਾਂਡਰ
ਹਰ ਰੋਜ਼ ਅਜੇ ਵੀ ਅਸੀਂ
ਤੈਨੂੰ ਹਾਜ਼ਰ-ਨਾਜ਼ਰ ਵੇਖਦੇ ਹਾਂ
ਮੰਤਰੀ ਤੇ ਸੈਨਿਕ ਦੇ ਰੂਪ ਵਿਚ,
ਦ੍ਰਿੜ ਤੇ ਸਪਸ਼ਟ ਹਰ ਰੋਜ਼
ਬੱਚੇ ਵਾਂਗ ਪਵਿੱਤਰ
ਬੰਦੇ ਵਾਂਗ ਅਜੇ ਵੀ ਸ਼ੁੱਧ

ਚੀ ਕਮਾਂਡਰ!
ਮਿੱਤਰ ਤੇ ਭਰਾ!
ਤੂੰ ਦੂਰਦਾ ਹੈਂ
ਆਪਣੇ ਬਦਰੰਗ ਹੋਏ, ਪਾਟੇ
ਤੇ ਧਾਗਾ ਧਾਗਾ ਹੋਏ ਯੁੱਧ ਦੇ
ਕੱਪੜਿਆਂ ਵਿਚ,
ਇਕ ਆਕਾਰ ਜੋ ਜੰਗਲ ਵਿਚੋਂ
ਪਹਿਲਾਂ ਵਾਂਗ ਹੀ ਗੁਜ਼ਰਦਾ ਹੈ
ਸੀਅਰਾਂ ਵਿਚੋਂ ਦੀ
ਚੌੜ ਛਾਤੀ ਅੱਧ-ਨੰਗੀ
ਸਾਹ ਲੈਂਦੇ ਤੇਰੇ ਸ਼ਬਦ ਤੇ ਸ਼ਸਤਰ
ਬਲਦੀ ਹੋਈ ਸਮੁੰਦਰੀ ਹਵਾ
ਹੌਲੀ-ਹੌਲੀ ਖਿੜਦਾ ਗੁਲਾਬ
ਤੇਰੇ ਲਈ ਕੋਈ ਆਰਾਮ ਨਹੀਂ ਹੈ
ਮਹਾਨ ਹਿਰਦੇ ਵਾਲੇ ਗੁਵੇਰਾ!
ਅਮਰੀਕਾ ਦੇ ਡੂੰਘੇ ਦਿਲ ਵਿਚੋਂ
ਮੇਰੇ ਲਈ ਉਡੀਕੀਂ
ਅਸੀਂ ਵੀ ਤੇਰੇ ਸੰਗ ਹੋਵਾਂਗੇ
ਅਸੀਂ ਵੀ ਜਿਊਣ ਲਈ ਮਰਾਂਗੇ
ਤੇਰੇ ਵਾਂਗ
ਜਿਵੇਂ ਤੂੰ ਮਰਿਆ ਸੀ
ਜਿਵੇਂ ਤੂੰ ਅਜੇ ਵੀ ਜ਼ਿੰਦਾ ਹੈਂ
ਐ ਕਮਾਂਡਰ!
ਮਿੱਤਰ-ਪਿਆਰੇ ਤੇ ਭਰਾਵਾ!

## ਚੀ ਗੁਵੇਰਾ

- ਹਰਭਜਨ ਸਿੰਘ ਹੁੰਦਲ

ਗੁਰੀਲਾ-ਯੁੱਧ
ਛਾਪਾ ਪੈਣ 'ਤੇ ਵਿਹੜੇ ਵਿਚ ਪੁੱਟੇ ਭੋਰੇ ਵਿਚ
ਉਤਰ ਜਾਣ ਦੀ ਬੱਚਿਆਂ ਵਾਲੀ ਲੁਕਣ-ਮੀਟੀ ਨਹੀਂ
ਸਗੋਂ ਲੋਕਾਂ ਦੇ ਨੀਲੇ ਸਮੁੰਦਰ ਵਿਚ
ਮੱਛੀ ਵਾਂਗ ਤਿਲਕ ਜਾਣ ਦਾ ਸਲੀਕਾ ਹੈ

ਤੇ ਇਨਕਲਾਬ
ਜਿੱਤ ਪਿਛੋਂ ਘੋੜੇ ਵੇਚ ਕੇ ਸੌਂ ਜਾਣ ਦੀ ਲਾਲਸਾ ਨਹੀਂ
ਸਗੋਂ ਕੰਡਿਆਂ ਭਰੇ ਜੰਗਲ ਦੀ
ਬਿਖਰੀ ਯਾਤਰਾ 'ਤੇ ਤੁਰਨ ਦੀ ਮੱਚਦੀ ਰੀਝ ਹੈ
ਰਾਹ ਵਿਚ ਸੂਲੀਆਂ ਵੀ ਨੇ
ਜਿੱਤਾਂ ਦੇ ਜਸ਼ਨ ਵੀ
ਚਰਖੜੀਆਂ ਦੇ ਜੰਗਲ ਵੀ ਨੇ
ਤੇ ਝੰਡੇ ਨੂੰ ਸਲਾਮੀ ਵੀ

ਚੀ ਗੁਵੇਰਾ ਇਕ ਨਾਮ ਹੀ ਨਹੀਂ ਸੀ ਕੇਵਲ
ਉਹ ਤਾਂ ਝੁੱਗੀਆਂ ਵਿਚ ਰਚੀ
ਇਰਾਦੇ ਦੀ ਲੜਨ-ਭਾਵਨਾ ਸੀ
ਉਹ ਤਾਂ ਸੂਰਜ ਦੀ ਨਿੱਘ-ਭਰੀ ਧੁੱਪ ਸੀ
ਉਹ ਤਾਂ ਹੱਕ ਲਈ ਡੁੱਲ੍ਹੇ ਲਹੂ 'ਚੋਂ
ਖਿੜਿਆ ਸੱਜਰਾ ਸੂਹਾ ਗੁਲਾਬ ਸੀ

ਉਸ ਲਈ ਕੋਈ ਮਿੱਟੀ ਵੀ ਪਰਾਈ ਨਹੀਂ ਸੀ
ਜੰਗਲਾਂ ਤੇ ਪਹਾੜਾਂ ਵਿਚ
ਉਸ ਦੀ ਮੌਤ ਨਾਲ
ਕਈ ਵਾਰ ਮੁਲਾਕਾਤ ਹੋਈ
ਪਰ ਮੌਤ ਹਰ ਵਾਰ ਉਸ ਦੀਆਂ ਅੱਖਾਂ ਵਿਚ
ਅੱਖਾਂ ਪਾ
ਤੱਕਣੋਂ ਸ਼ਰਮਾਉਂਦੀ ਰਹੀ
ਡਰਦੀ ਤੇ ਘਬਰਾਉਂਦੀ ਰਹੀ
ਜਦ ਮਿਲੀ ਤਾਂ ਲੁਕ ਲੁਕ ਕੇ
ਬੁਜ਼ਦਿਲਾਂ ਵਾਂਗੂ ਮਿਲੀ

ਚੀ ਗੁਵੇਰਾ ਮਰਿਆ ਨਹੀਂ ਸੀ
ਕਦੇ ਲੋਕਾਂ ਦੇ ਜਾਏ ਵੀ ਮਰਦੇ ਨੇ ਭਲਾਂ

ਜਿਥੇ ਕਿਤੇ ਵੀ ਕਾਲੀ ਰਾਤੇ
ਜਬਰ ਦਾ ਝੱਖੜ
ਘਰਾਂ ਦੇ ਬੂਹੇ ਖੜਕਾਉਂਦਾ ਹੈ

ਜਦੋਂ ਕਦੇ ਵੀ
ਨੀਲੇ ਅਸਮਾਨ 'ਤੇ
ਦਹਿਸ਼ਤ ਦੀ ਬਿਜਲੀ ਕੜਕਦੀਹੈ
ਚੀ ਗੁਵੇਰਾ
ਚਾਨਣ ਦੀ ਸੂਹੀ ਲਾਟ ਬਣ ਕੇਰਸਤਾ ਵਿਖਾਉਂਦਾ ਹੈ
ਉਹ ਹੱਥਾਂ 'ਚ ਹਥਿਆਰ ਬਣ
ਥੱਕੇ ਜਜ਼ਬਿਆਂ ਨੂੰ ਢਾਰਸ ਬੰਨ੍ਹਾਉਂਦਾ ਹੈ

ਚੀ ਗੁਵੇਰਾ ਮਰਦਾ ਨਹੀਂ ਹੈ
ਕਦੇ ਸੂਰਜ ਵੀ ਮਰਦਾ ਹੈ ਭਲਾ

## ਗੁਰੀਲੇ ਪਹੁੰਚਦੇ ਨੇ

-ਫੈਲਿਕਸ-ਪੀਤਾ-ਰੋਦਰੀ ਗੁਏਜ਼

ਜਦੋਂ ਦਿਲ ਦੇ ਵੱਡੇ ਬੂਹੇ
ਖੁੱਲ੍ਹਦੇ ਨਹੀਂ
ਗੁਰੀਲੇ ਪਹੁੰਚਦੇ ਨੇ
ਜਦੋਂ ਸਾਡੇ ਸੁਪਨਿਆਂ ਦੇ ਚਾਲਕ-ਪਹੀਏ
ਗਵਾਚ ਜਾਂਦੇ ਨੇ
ਗੁਰੀਲੇ ਆਉਂਦੇ ਨੇ

ਜਦੋਂ ਬੱਚਿਆਂ ਦੇ ਜੰਮਣ 'ਤੇ
ਤਾਜ਼ੀ ਡਬਲ ਰੋਟੀ ਦੀ ਥਾਂ
ਮੌਤ ਸਾਡੀ ਬਾਂਹ ਹੇਠ ਲੁਕੀ ਹੁੰਦੀ ਹੈ
ਗੁਰੀਲੇ ਆਉਂਦੇ ਨੇ

ਜਦੋਂ ਆਜ਼ਾਦੀ ਦੇ ਅਰਥ
ਸਿਰਫ਼ ਗੁਪਤ ਸੰਕੇਤਾਂ ਵਿਚ
ਲਿਖੇ ਜਾਣ ਲੱਗਦੇ ਨੇ
ਗੁਰੀਲੇ ਆਉਂਦੇ ਨੇ

ਜਦੋਂ ਲਹੂ ਡੁਲ੍ਹਦਾ ਤੇ ਭੁੱਲ ਜਾਂਦਾ ਹੈ
ਤੇ ਪੱਥਰਾਂ ਦੇ ਬੋਝ ਹੇਠ
ਉਸ ਦੀ ਯਾਦ ਵੀ ਭੁਲਾ ਦਿੱਤੀ ਜਾਂਦੀ ਹੈ
ਫਿਰ ਗੁਰੀਲੇ ਪਹੁੰਚਦੇ ਨੇ

ਜਦੋਂ ਮਸਖ਼ਰੇ ਸਾਨੂੰ ਭਰੋਸਾ ਦਿਵਾਉਂਦੇ ਨੇ
ਕਿ ਆਦਮੀ ਆਪਣੇ ਹੱਥਾਂ ਨਾਲ
ਤਾਰਿਆਂ ਤੀਕ ਨਹੀਂ ਪਹੁੰਚ ਸਕਦੇ
ਤੇ ਨਾ ਤਾਰਿਆਂ ਨੂੰ ਛੂਹ ਹੀ ਸਕਦੇ ਨੇ
ਤਾਂ ਫਿਰ ਗੁਰੀਲੇ ਆਉਂਦੇ ਨੇ

ਜਦੋਂ ਸਾਡੀਆਂ ਨਗੂਣੀਆਂ ਖੁਸ਼ੀਆਂ
ਜੰਦਰੇ ਕੁੰਡੇ ਲਾ ਕੇ
ਕਾਲ ਕੋਠੜੀਆਂ ਵਿਚ ਕੈਦ ਹੋ ਜਾਂਦੀਆਂ ਨੇ
ਅਤੇ ਦੇਰ ਸ਼ਾਮ ਨੂੰ
ਜਦੋਂ ਗਵਾਹ ਨਹੀਂ ਹੁੰਦੇ
ਤੇ ਅਸੀਂ ਗੁੰਨੇ ਲੱਗੇ ਬੈਠੇ ਹੁੰਦੇ ਹਾਂ
ਤੇ ਉਸ ਬੇਬਸੀ ਵਿਚ ਵੀ ਸਵਾਦ ਲੈਂਦੇ ਹਾਂ
ਤਾਂ ਗੁਰੀਲੇ ਆਉਂਦੇ ਨੇ

ਜਦੋਂ ਸਵੇਰਾਂ ਵੀ ਕਾਲੀਆਂ ਹੋ ਜਾਂਦੀਆਂ ਨੇ
ਤੇ ਅਸੀਂ ਡਰਦੇ-ਡਰਦੇ ਅੱਖਾਂ ਖੋਲ੍ਹਦੇ ਹਾਂ
ਗੁਰੀਲੇ ਪਹੁੰਚਦੇ ਨੇ

ਜਦੋਂ ਰੋਟੀ ਤੇ ਹਾਸਾ
ਲੂਣ ਤੇ ਉਮੀਦ
ਕਿਸੇ ਨਾਲ ਸਾਂਝੀ ਨਹੀਂ ਕੀਤੀ ਜਾ ਸਕਦੀ
ਤਾਂ ਗੁਰੀਲੇ ਆਉਂਦੇ ਨੇ
ਜਦੋਂ ਸੂਰਮਿਆਂ ਤੇ ਪ੍ਰੇਤ
ਪ੍ਰੇਸ਼ਾਨ ਤੇ ਇਕੱਲੇ ਕਾਰੇ
ਉਦਾਸੀ ਵਿਚ ਆਪਣੇ ਰੋਸ ਨੂੰ
ਵਾਰ-ਵਾਰ ਪ੍ਰਗਟਾਉਂਦੇ
ਟੱਕਰਾਂ ਮਾਰਦੇ ਨੇ
ਜਦੋਂ ਅਸੀਂ
ਆਦਮੀ ਹੋਣ ਤੋਂ ਵੀ
ਸ਼ਰਮ ਮਹਿਸੂਸ ਕਰਨ ਲੱਗਦੇ ਹਾਂ
ਤਾਂ ਗੁਰੀਲੇ ਪਹੁੰਚਦੇ ਨੇ

ਆਪਣੇ ਬੋਝਲ ਬੂਟਾਂ
ਤੇ ਪੁਰਾਣੀਆਂ ਬੰਦੂਕਾਂ ਚੁੱਕੀ
ਆਪਣੇ ਹੱਥਾਂ ਵਿਚ
ਦੁਨੀਆਂ ਦੀ ਰੌਸ਼ਨ ਸਵੇਰ ਫੜੀ
ਗੁਰੀਲੇ ਪਹੁੰਚਦੇ ਨੇ
ਪਹੁੰਚ ਜਾਂਦੇ ਨੇ ਗੁਰੀਲੇ
ਤੇ ਚਾਰੇ ਪਾਸੇ ਸਵੇਰ ਮਹਿਕ ਉੱਠਦੀ ਹੈ।

## ਨਵੇਂ ਅਹਿਦਨਾਮੇ

ਮੈਂ ਚਾਨਣ ਦਾ ਆਸ਼ਕ, ਜੱਗ ਤੋਂ ਨ੍ਹੇਰ ਮਿਟਾਉਂਦਾ ਹਾਂ।
ਹੋਣੀਆਂ ਅੰਦਰੋਂ ਹਾਨਣ ਲੱਭ ਕੇ, ਮੈਂ ਪ੍ਰਨਾਉਂਦਾ ਹਾਂ।

ਜਦ ਹੱਕਾਂ ਦੀ ਲਹਿਰ ਮੇਰੇ ਢਾਰੇ ਤੱਕ ਆਉਂਦੀ ਏ,
ਉਸ ਦੇ ਲਿਸ਼ਕਾਰੇ ਵਿਚ ਚੰਨ ਦੀ, ਚਮਕ ਰਲਾਉਂਦਾ ਹਾਂ।

ਜਦ ਮਜ਼ਦੂਰਾਂ ਨੂੰ ਲੂੰਹਦੀ ਹੈ ਧੁੱਪ ਖਲਵਾੜੇ ਦੀ,
ਮੈਂ ਤਲਵਾਰਾਂ ਦੀ ਛਤਰੀ ਦਾ ਚਵਰ ਝੁਲਾਉਂਦਾ ਹਾਂ।

ਜਦ ਰੋਟੀ ਤੋਂ ਸੱਖਣੀ ਸੌਂਦੀ ਮਮਤਾ 'ਪਿਆਰ' ਦੀ,
ਉਸ ਦੀ ਨੀਂਦਰ 'ਤੇ ਸੂਰਜ ਦਾ ਪਹਿਰਾ ਲਾਉਂਦਾ ਹਾਂ।

ਸੀਂਢਲ ਜਹੀ ਬੱਚੀ ਦੇ ਢਿੱਡ ਵਿਚ ਜਦ ਸੰਗੀਨ ਚੁੱਭੇ,
ਮੈਂ ਢੱਕੀਆਂ ਦੀ ਓਟ 'ਚ ਬਹਿ ਕੇ ਤੀਰ ਚਲਾਉਂਦਾ ਹਾਂ।

ਜਦ 'ਸ਼ਾਹਾਂ' ਦੀ ਨੀਤ ਦਾ ਕੋਰਾ, ਫਸਲਾਂ 'ਤੇ ਪੈਂਦਾ,
ਬੱਲੀਆਂ ਨੂੰ ਘੁੱਟ ਕੇ ਮੈਂ ਹਿੱਕ ਦੀ ਧੁੱਪ ਸੁਕਾਉਂਦਾ ਹਾਂ।

ਜਿਸ ਦਿਨ ਮੈਂ ਸੂਰਜ ਦੇ ਸੰਗ ਪੱਗ ਵਟਾਈ ਏ,
ਧਰਤੀ ਦੇ ਮਥੜੇ 'ਤੇ ਜਿੱਤ ਦਾ ਤਿਲਕ ਲਗਾਉਂਦਾ ਹਾਂ।

ਜਦ ਮੇਰੇ ਚਾਨਣ 'ਤੇ ਹੋਵੇ ਤੇਜ਼ ਘਟਾਵਾਂ ਦਾ,
ਮੈਂ ਜੁਗਨੂੰ ਚਾਨਣ ਤੋਂ ਖੰਭ ਦਾ ਘੁੰਡ ਉਠਾਉਂਦਾ ਹਾਂ।

## ਕਾਲੀ ਕੁੜੀ ਦਾ ਗੀਤ

ਛੇਤੀ ਛੇਤੀ ਉੱਗ, ਲਾਲ ਸਰਘੀ ਦੇ ਸੂਰਜਾ ਵੇ,
ਰੂਪ ਮੇਰਾ ਰੰਗ ਦਾ ਤਿਹਾਇਆ।
ਅਸੀਂ ਢੋਲਣੇ ਨੂੰ ਦਿਲ ਪਾੜ ਕੇ ਵਿਖਾਇਆ,
ਉਹਨੂੰ ਅਜੇ ਨਾ ਪਿਆਰ ਸਾਡਾ ਆਇਆ
ਸੁਹਣਾ ਜਾਂ ਕਸੁਹਣਾ ਹੋਵੇ ਜੱਗ ਦੀ ਕਚਹਿਰੀ ਵਿਚ,
ਰਿਹਾ ਏ ਮਨੁੱਖ ਪ੍ਰਧਾਨ ਵੇ।
ਕਾਲਾ ਭੂੰਡ ਕਲੀਆਂ ਨੂੰ ਸਦਕਾ ਮਰੋੜ,
ਰੰਗ ਆਪਣੇ ਦੀ ਉਹਨੂੰ ਨਾ ਪਛਾਣ ਵੇ।
ਪੁੱਛੇ ਕੋਈ ਬਾਬਲੇ ਤੋਂ,
ਸੱਧਰਾਂ ਦਾ ਹਾਨੀ ਉਹਨੂੰ ਹੋਰ ਕੋਈ ਵਰ ਨਾ ਥਿਆਇਆ?
ਰੂਪ ਮੇਰਾ ਰੰਗ ਦਾ ਤਿਹਾਇਆ।
ਚਿੱਟੇ ਚੰਮ ਵਿਚ ਭਾਵੇਂ ਕਾਲਖ਼ਾਂ, ਲਕੋਈ ਰੱਖੇ,
ਹਰ ਕੋਈ ਉਹਨੂੰ ਹੈ ਪਿਆਰਦਾ।
ਕਿਉਂ ਸਰਮਾਏਦਾਰੀ ਦੌਰ ਵਿਚ ਜੋੜ ਗੂਹੜਾ,
ਪੈਸਿਆਂ ਦਾ ਰੂਪ ਤੇ ਸ਼ਿੰਗਾਰਦਾ।
ਮਿਹਨਤਾਂ ਦੇ ਅੰਗ ਸੰਗ, ਜੋਬਨੇ ਦਾ ਕਾਲਾ ਰੰਗ,
ਧੁੱਪਾਂ ਵਿਚ ਬੈਠ ਮੈਂ ਰੰਗਾਇਆ।
ਰੂਪ ਮੇਰਾ ਰੰਗ ਦਾ ਤਿਹਾਇਆ।
ਧੀਆਂ ਦਿਆ ਬਾਬਲਾ ਵੇ, ਪੁੱਤ ਦੀ ਜਾਗੀਰ ਨਾਲ,
ਖਾਲੀ ਪੱਲੇ ਹੁੰਦਾ ਨੀ ਵਪਾਰ ਵੇ।
ਪੂੰਜੀਪਤੀ ਯੁੱਗ ਵਿਚ ਮੂੰਹ 'ਚ ਹੱਡ ਦਿੱਤੇ ਬਿਨਾਂ,
ਦੁਨੀਆਂ ਨੂੰ ਆਉਂਦਾ ਨੀ ਡਕਾਰ ਵੇ।
ਦਾਜ ਦੀ ਹੀ ਭੁੱਖ ਨੇ ਵੀ ਸ਼ਗਨਾਂ ਦੀ ਰਾਤ ਨੂੰ ਹੀ,
ਮੇਰੇ ਨਾਲ ਬਿਰਹਾ ਸੁਆਇਆ।
ਰੂਪ ਮੇਰਾ ਰੰਗ ਦਾ ਤਿਹਾਇਆ।

- ਸੰਤ ਰਾਮ ਉਦਾਸੀ

## ਹਾੜੀਆਂ ਦੇ ਹਾਣੀਓਂ

ਹਾੜੀਆਂ ਦੇ ਹਾਣੀਓਂ ਵੇ ਸੌਣੀਆਂ ਦੇ ਸਾਥੀਓ ਵੇ,
ਕਰ ਲਵੋ ਦਾਤੀਆਂ ਤਿਆਰ।
ਚੁਕੋ ਵੇ ਹਥੌੜਿਆਂ ਨੂੰ, ਤੋੜੋ ਹਿੱਕ ਪੱਥਰਾਂ ਦੀ,
ਅੱਜ ਸਾਨੂੰ ਲੋੜੀਂਦੇ ਅੰਗਾਰ।
ਕਿਹੜੀ ਗੱਲੋਂ ਕਣਕਾਂ ਦੇ, ਸੋਨ ਰੰਗੇ ਲਹਿੰਗਿਆਂ 'ਤੇ,
ਕਾਲੀ ਕਾਂਗਿਆਰੀਆਂ ਦੀ ਲੀਰ।
ਕੁੰਗੀਆਂ ਤੇ ਕੀੜਿਆਂ ਦੀ ਵਿੰਨ੍ਹ ਦੇਣ ਹਿੱਤ ਅੱਜ,
ਬੱਲੀਆਂ ਦੇ ਤਿੱਖੜੇ ਕਸੀਰ।
ਆਇਆ ਯੁੱਗ ਚੇਤਨਾ ਦਾ ਬੋਹਲਾਂ ਦੀ ਬਿਠਾਓ ਰਾਖੀ,
ਵਿਹਲੜਾਂ ਦਾ ਕਾਹਦਾ ਇਤਬਾਰ।
ਵਿਦਾ ਕਰੋ ਹੱਕਾਂ ਦੀਆਂ ਵੰਡ ਕੇ ਮਜੂਰੀਆਂ ਵੇ,
ਆਈ ਏ ਮਜੂਰਨਾਂ ਦੀ ਕਾਂਗ।
ਸਾਡਿਆਂ ਦਿਲਾਂ ਦੇ ਕੋਲੋਂ,
ਜਰੀ ਨਹੀਂ ਜਾਂਦੀ,
ਭੁੱਖਾਂ ਅਤੇ ਹਾਉਕਿਆਂ ਦੀ ਸਾਂਗ।
ਅੱਡੋ ਨਾ ਝੋਲੀਆਂ ਵੇ, ਰਿਸ਼ੀਆਂ ਮੂਹਰੇ ਜਾ ਕੇ
ਹਾਸੇ ਨਹੀਓਂ ਮਿਲਦੇ ਉਧਾਰ।
ਚੁਕੋ ਵੇ ਹਥੌੜਿਆਂ ਨੂੰ....
ਕਿਰਤਾਂ ਦੇ 'ਬੋਲ' ਦਾ ਜੇ ਟੁੱਟੇ ਜੇ ਹਰਾਸ,
ਜੱਗ ਕੀਹਦੇ ਸਿਰ ਥੰਮ੍ਹਿਆ ਰਹੇ।
ਮਰੇ ਹੋਏ ਚੰਨ ਤੋਂ,
ਜੇ ਚਾਨਣੀ ਮੰਗਣ ਜਾਈਏ,
ਕਿਹੜਾ ਸਾਨੂੰ ਚੰਗਿਆ ਕਹੇ।
ਆਓ! ਨਵੇਂ ਸੂਰਜਾਂ ਨੂੰ ਚਲ ਕੇ ਵਿਖਾਈਏ,
ਹੋਇਆ ਕਿਵੇਂ ਸਾਡੀ ਧੁੱਪ ਉਤੇ ਵਾਰ।
ਚੁੱਕੋ ਵੇ ਹਥੌੜਿਆਂ ਨੂੰ......

- ਸੰਤ ਰਾਮ ਉਦਾਸੀ

## ਅਲਬਰਟਾ ਸੂਬੇ ਵਿਚ ਚਾਰ ਦਹਾਕੇ ਬਾਅਦ ਆਏ ਰਾਜਨੀਤਕ ਬਦਲਾ ਬਾਰੇ ਵਿਅੰਗਮਈ ਕਵਿਤਾ

ਪਿਆਰ ਨਾਲ ਕਰ ਰਾਜ ਲੈਂਦੇ
ਕੀ? ਕੰਮ ਸੀ ਜੋਰੀ ਦਾ!!
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਹਿੱਕ ਥਾਪੜ ਕੇ ਕਹਿੰਦੇ
ਸਾਡੇ ਵਰਗਾ ਹੋਰ ਨਹੀਂ
ਪਰ ਵੋਟਰਾਂ ਅੱਗੇ ਚੱਲਦਾ
ਕੋਈ ਜ਼ੋਰ ਨਹੀਂ
ਕਈਆਂ ਨੂੰ ਤਾਂ ਫਿਕਰ
ਪਾ ਦਿੱਤਾ ਫੁਲਕੇ ਤੋਰੀ ਦਾ
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਘਪਲਿਆਂ ਉਪਰ ਘਪਲੇ
ਜਦ ਬਾਹਰ ਆਣ ਲੱਗੇ
ਉਦੋਂ ਤੋਂ ਹੀ ਲੋਕੀਂ ਦਿਲ ਦੇ
ਰੰਗ ਵਟਾਣ ਲੱਗੇ
ਪਤਾ ਲੱਗ ਗਿਆ ਸਭ ਨੂੰ
ਜੋ ਗੁੜ ਖਾਧਾ ਚੋਰੀ ਦਾ
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਬਦਲਣ ਲਈ ਸਰਕਾਰ
ਹੀ ਜਦ ਲੋਕਾਂ ਨੇ ਧਾਰ ਲਈ
ਐਨ. ਡੀ. ਪੀ. ਨੇ ਬਾਜ ਵਾਂਗਰਾ
ਬਾਜ਼ੀ ਮਾਰ ਲਈ
ਸ਼ਰਮ ਨਾ ਸਿਰ ਲਿਫ ਗਿਆ
ਉਦੋਂ ਲੀਡਰ ਮੋਹਰੀ ਦਾ
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਪਹਿਲੋਂ ਲਾਕੇ ਟੈਕਸ ਤੇ
ਚੋਣਾਂ ਦਾ ਫਿਰ ਭਾਰ ਦਿੱਤਾ
ਨੌਮੀਨੇਸ਼ਨ ਵਿਚ ਲੋਕਤੰਤਰ ਨੂੰ
ਜਮ੍ਹਾਂ ਹੀ ਮਾਰ ਦਿੱਤਾ
ਲੋਕਾਂ ਦਿੱਤਾ ਫਤਵਾ
ਥੋੜਾ ਰਾਜ ਨੀ ਲੋੜੀਂਦਾ
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਫੁੱਟ ਆਪਸੀ ਮਾਰ ਲੈਂਦੀ
ਕਿਸੇ ਵੀ ਲਾਣੇ ਨੂੰ
ਹੁਣ ਨਾ ਲੱਭਣ ਚੋਪੜੀਆਂ
ਨਾਲੇ ਦੋ-ਦੋ ਖਾਣੇ ਨੂੰ
ਨਾਲ ਪਤੰਗ ਦੇ'ਸੁਖਪਾਲ'
ਟੁੱਟ ਗਿਆ ਨਾਤਾ ਡੋਰੀ ਦਾ
ਚਾਰ ਦਹਾਕੇ ਮਗਰੋਂ
ਸੂਰਜ ਡੁੱਬਿਆ ਟੋਰੀ ਦਾ

ਸੁਖਪਾਲ ਪਰਮਾਰ, ਕੈਲਗਰੀ

## ਮਿੰਨੀ ਕਹਾਣੀਆਂ

### ਮਹਾਨ ਲੋਕ

"ਮਾਰੋ-ਮਾਰੋ, ਮਾਰੋ-ਮਾਰੋ!"
"ਤਾਨਾਸ਼ਾਹੀ ਜ਼ਿੰਦਾਬਾਦ, ਜ਼ਿੰਦਾਬਾਦ"
"ਇਹ ਕੌਣ ਲੋਕ ਹਨ।"
"ਇਹ ਜਨਤਾ ਲੋਕਤੰਤਰ ਪਿਛੇ ਭੱਜ ਰਹੀ ਹੈ"
"ਸਾਹਮਣੇ ਅਰਾਮ ਨਾਲ ਕਿਹੜੇ ਕਿਲਕਾਰੀਆਂ ਮਾਰ ਰਹੇ ਨੇ! ਇਹ ਖ਼ੁਸ਼ ਕਿਉਂ ਨੇ?"
"ਇਹ ਤਾਨਾਸ਼ਾਹ ਹਨ, ਇਹ ਖ਼ੁਸ਼ ਹਨ ਕਿਉਂਕਿ ਇਨ੍ਹਾਂ ਨੇ ਲੋਕਤੰਤਰ ਨੂੰ ਭਜਾਉਣ ਲਈ ਥੋੜ੍ਹੇ ਜਿਹੇ ਲੋਕ ਹੀ ਖਰੀਦੇ ਸਨ, ਹੁਣ ਸਾਹਮਣੇ ਭੱਜਿਆ ਜਾਂਦਾ ਹਜੂਮ ਦੇਖ।"
"ਪਰ ਲੋਕਤੰਤਰ ਤਾਂ ਲੋਕਾਂ ਦਾ, ਲੋਕਾਂ ਲਈ, ਲੋਕਾਂ ਦੁਆਰਾ ਹੈ, ਫਿਰ ਲੋਕਤੰਤਰ ਨੂੰ ਇਹ ਕਿਉਂ ਮਾਰ ਰਹੇ ਹਨ।"
"ਇਹੋ ਤਾਂ ਭਾਰਤ ਮਹਾਨ ਦੇ, ਮਹਾਨ ਲੋਕ ਹਨ....।"
ਮਾਰੋ-ਮਾਰੋ ਦੀਆਂ ਆਵਾਜ਼ਾਂ ਨਾਲ ਹੀ ਲੋਕਤੰਤਰ ਦੇ ਸਾਹ ਘਟਦੇ ਜਾ ਰਹੇ ਸਨ ਅਤੇ ਤਾਨਾਸ਼ਾਹ ਦੀਆਂ ਕਿਲਕਾਰੀਆਂ ਹੋਰ ਉਚੀਆਂ ਹੋ ਰਹੀਆਂ ਸਨ।

• • •

### ਗੁਲਾਮੀ

"ਉਸ ਬਾਗ਼ੀ ਨੂੰ ਹੁਣੇ ਹੀ ਕਤਲ ਕਰ ਦਿਉ।"
"ਨਹੀਂ ਜਨਾਬ, ਜੇ ਉਹ ਮਾਰ ਦਿੱਤਾ ਤਾਂ ਲੋਕ ਅੱਜ ਹੀ ਬਗ਼ਾਵਤ ਕਰ ਦੇਣਗੇ ਤੇ ਉਹ ਅਮਰ ਹੋ ਜਾਵੇਗਾ।"
"ਹੂੰ! ਫਿਰ ਕੀ ਕੀਤਾ ਜਾਵੇ?"
"ਸਰਕਾਰ ਉਸ ਨੂੰ ਜ਼ਿੰਦਾ ਰੱਖੋ, ਆਪੇ ਮਰ ਜਾਵੇਗਾ।"
"ਪਰ ਉਹ ਲੋਕਾਂ ਨੂੰ ਦਿਨੋ-ਦਿਨ ਬਗ਼ਾਵਤ ਲਈ ਉਕਸਾ ਰਿਹੈ।"
"ਹਜ਼ੂਰ ਲੋਕਾਂ ਨੂੰ ਗੁਲਾਮ ਰੱਖਣ ਦਾ ਇਕ ਤਰੀਕਾ ਹੈ।"
"ਕੀ? ਛੇਤੀ ਦੱਸ।"
"ਇਥੋਂ ਦਾ ਸਭਿਆਚਾਰ ਖਤਮ ਕਰ ਦਿਉ, ਲੋਕਾਂ ਨੂੰ ਆਪਣਾ ਵਿਰਸਾ ਭੁਲਾ ਦਿਉ ਤੇ ਫਿਰ ਦੇਖਿਉ ਕਿਵੇਂ ਇਹ ਲੋਕ ਹੱਸ-ਹੱਸ ਕੇ ਤੁਹਾਡੀ ਗੁਲਾਮੀ ਕਬੂਲਦੇ ਹਨ।"
"ਹਾਂ-ਹਾਂ, ਇਹ ਠੀਕ ਰਹੇਗਾ।"

• • •

### ਪਹੁ ਫੁਟਾਲਾ

ਸਾਰੇ ਦਿਨ ਦੀ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਉਹ ਦਿਹਾੜੀ ਫੜਕੇ ਘਰ ਨੂੰ ਤੁਰ ਪਏ। ਮੱਘਰ ਨੇ ਪੈਸਿਆਂ ਨੂੰ ਅੱਖਾਂ ਨਾਲ ਲਾਇਆ ਅਤੇ ਪ੍ਰਮਾਤਮਾ ਦਾ ਧੰਨਵਾਦ ਕੀਤਾ। ਨਛੱਤਰ ਨੇ ਬੁੜ ਬੁੜ ਕਰਦੇ ਪੈਸੇ ਜੇਬ 'ਚ ਪਾ ਲਏ ਅਤੇ ਬੋਲਿਆ "ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈ ਜਾਵੋ, ਆਥਣ ਨੂੰ ਮਿਲਦੇ ਨੇ ਆਹ ਚਾਰ....।" ਉਹਨੇ ਖਿੱਝ ਕੇ ਗਾਲ੍ਹ ਕੱਢੀ।
"ਪ੍ਰਮਾਤਮਾ ਜੋ ਵੀ ਦਿੰਦਾ, ਉਸ ਨਾਲ ਹੀ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ, ਨਾਲੇ ਇਹ ਤਾਂ ਸਾਡੇ ਪਿਛਲੇ ਕਰਮਾਂ ਦਾ ਫ਼ਲ ਹੈ, ਜੋ ਇਹ ਨਰਕ ਜੀਅ ਰਹੇ ਹਾਂ।" ਮੱਘਰ ਨੇ ਠਰ੍ਹੰਮੇ ਨਾਲ ਕਿਹਾ।
"ਬੱਸ ਇਹੇ ਗੱਲਾਂ ਮਾਰਦੀਆਂ ਨੇ ਸਾਨੂੰ, ਅਸੀਂ ਲੋਕ ਪਿਛਲੇ ਕਰਮਾਂ ਧਰਮਾਂ 'ਚ ਫਸੇ ਰਹਿੰਦੇ ਹਾਂ ਅਤੇ ਸਾਡਾ ਸ਼ੋਸ਼ਣ ਹੁੰਦਾ ਰਹਿੰਦਾ ਹੈ। ਤੂੰ ਇਹ ਦੱਸ ਆਪਾਂ ਅਣਗਿਣਤੀ ਕੋਠੀਆਂ ਬਣਾਈਆਂ ਹਨ, ਪਰ ਕੀ ਆਪਣੇ ਲਈ ਇਕ ਵੀ ਛੱਤ ਬਣਾ ਸਕੇ ਹਾਂ? ਨਹੀਂ ਨਾ! ਕਿਉਂ? ਕਿਉਂਕਿ ਨਾ ਤਾਂ ਅਸੀਂ ਰੂੜੀਵਾਦੀ ਵਿਚਾਰਾਂ 'ਚੋਂ ਨਿਕਲ ਸਕੇ ਹਾਂ ਅਤੇ ਨਾ ਇਕਜੁਟ ਹੋ ਸਕੇ ਹਾਂ। ਇਹ ਸਾਡੀ ਮਿਹਨਤ ਦਾ ਸਹੀ ਮੁੱਲ ਨਹੀਂ ਭਰਾਵਾ ਅਤੇ ਨਾ ਮਿਲਣਾ, ਜਦੋਂ ਤੱਕ ਅਸੀਂ ਰੂੜੀਵਾਦੀ ਵਿਚਾਰ ਤਿਆਗ ਕੇ ਇਕਜੁਟ ਨਹੀਂ ਹੁੰਦੇ।"
ਮੱਘਰ ਉਸਦੇ ਮੂੰਹ ਵੱਲ ਦੇਖਦਾ ਰਹਿ ਗਿਆ ਅਤੇ ਉਸ ਨੂੰ ਨਛੱਤਰ ਦੇ ਅੰਦਰੋਂ ਚਾਨਣ ਫੁੱਟਦਾ ਮਹਿਸੂਸ ਹੋਇਆ।

• • •

### ਦੋਹਰੇ ਕਿਰਦਾਰ

"ਦੇਸ਼ ਭਗਤ ਯਾਦਗਾਰੀ ਹਾਲ ਦੇ ਕਿੰਨੇ ਪੈਸੇ ਲਵੇਂਗਾ?" ਮੈਂ ਇਕ ਰਿਕਸ਼ੇ ਵਾਲੇ ਨੂੰ ਪੁੱਛਿਆ।
"ਸਾਹਿਬ ਦਸ ਰੁਪਏ।"
"ਨਹੀਂ, ਪੰਜ ਰੁਪਏ ਦੇਵਾਂਗਾ, ਜੇ ਚਲਣਾ ਤਾਂ ਦੱਸ।"
"ਰੁਪਏ ਰੁਪਏ ਤੋਂ ਇਕ ਵੀ ਘੱਟ ਨਹੀਂ" ਉਹ ਅੜ ਗਿਆ।
ਮੈਂ ਜ਼ਿਆਦਾ ਬਹਿਸ 'ਚ ਨਾ ਪੈਂਦਾ ਹੋਇਆ ਅਗਲੇ ਰਿਕਸ਼ੇ ਵਾਲੇ ਕੋਲ ਚਲਾ ਗਿਆ। ਪਰ ਉਹ ਵੀ ਦਸ ਰੁਪਏ ਤੋਂ ਘੱਟ ਤਿਆਰ ਨਹੀਂ ਸੀ। ਪਹਿਲੇ ਰਿਕਸ਼ੇ ਵਾਲਾ ਮੇਰੇ ਕੋਲ ਆਇਆ ਪੁੱਛਣ ਲੱਗਾ "ਤੁਸੀਂ ਅੱਜ ਗਦਰੀ ਬਾਬਿਆਂ ਦਾ ਮੇਲਾ ਦੇਖਣ ਜਾ ਰਹੇ ਹੋ?"
"ਹਾਂ"
"ਵਾਹ! ਹੁਣ ਤੁਸੀਂ ਤੇ ਤੁਹਾਡੇ ਵਰਗੇ ਲੋਕ ਉਥੇ ਸਾਡੇ ਵਰਗੇ ਮਜ਼ਦੂਰਾਂ ਦੀਆਂ ਗੱਲਾਂ ਕਰੋਗੇ, ਡਰਾਮੇ ਖੇਡੋਗੇ, ਗੱਲਾਂ-ਗੱਲਾਂ 'ਚ ਇਨਕਲਾਬ ਲਿਆ ਦੇਵੋਗੇ। ਸਾਡੀਆਂ ਮੁਸ਼ਕਿਲਾਂ ਮਜਬੂਰੀਆਂ ਨੂੰ ਜਾਣਦੇ ਹੋਏ ਵੀ ਜਦ ਤੁਸੀਂ ਸਾਡੀ ਮਿਹਨਤ ਦਾ ਸਹੀ ਮੁੱਲ ਨਹੀਂ ਦੇ ਸਕਦੇ ਤਦ ਤੁਹਾਨੂੰ ਕੋਈ ਹੱਕ ਨਹੀਂ ਇਸ ਤਰ੍ਹਾਂ ਡਰਾਮੇਬਾਜ਼ੀ ਕਰਨ ਦਾ। ਉਸ ਦੀਆਂ ਗੱਲਾਂ ਨਾਲ ਮੈਂ ਧੁਰ ਅੰਦਰ ਤੱਕ ਹਿੱਲ ਗਿਆ ਅਤੇ ਮੇਰਾ ਦੋਹਰਾ ਕਿਰਦਾਰ ਮੈਨੂੰ ਚਿੜ੍ਹਾਉਣ ਲੱਗਾ।

## ਸ਼ਹੀਦ ਕਰਤਾਰ ਸਿੰਘ ਸਰਾਭਾ ਸ਼ਤਾਬਦੀ ਨੂੰ ਸਮਰਪਿਤ ਲੈਕਚਰ 5 ਜੁਲਾਈ ਨੂੰ ਕੈਲਗਰੀ 'ਚ

ਪੰਜਾਬ ਤੋਂ ਵਿਸ਼ੇਸ਼ ਰੂਪ ਵਿਚ 28 ਮਈ ਨੂੰ ਟੋਰਾਂਟੋ ਪੁੱਜੇ ਅਮੋਲਕ ਸਿੰਘ ਜੋ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸਭਿਆਚਾਰ ਮੰਚ ਦੇ ਪ੍ਰਧਾਨ ਹਨ, ਦਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਸੌ ਸਾਲਾ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਲੈਕਚਰ 5 ਜੁਲਾਈ 2015 ਦਿਨ ਐਤਵਾਰ ਨੂੰ 2.00 ਤੋਂ 4.30 ਵਜੇ ਤੱਕ ਐਕਸ ਸਰਵਿਸਮੈਨ ਸੁਸਾਇਟੀ ਹਾਲ ਵਿਖੇ ਹੋਵੇਗਾ। ਅਮੋਲਕ ਸਿੰਘ ਕੈਨੇਡਾ ਵਿਚ ਵੱਖ-ਵੱਖ ਥਾਵਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨਾਲ ਸਬੰਧਤ ਲੈਕਚਰ ਦੇਣਗੇ।
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਆਯੋਜਤ ਇਸ ਲੈਕਚਰ ਵਿਚ ਕੈਲਗਰੀ ਵਾਸੀਆਂ ਨੂੰ ਪੁੱਜਣ ਦੀ ਜ਼ੋਰਦਾਰ ਅਪੀਲ ਕੀਤੀ ਜਾਂਦੀ ਹੈ। ਸੰਪਰਕ ਲਈ ਫੋਨ ਮਾਸਟਰ ਭਜਨ 403 455 4220, ਗੁਰਪਾਲ ਸਿੰਘ ਕਾਉਂਕੇ 403 970 3588

ਮੋਦੀ ਸਰਕਾਰ ਦਾ ਇਕ ਸਾਲ

# ਭਾਜਪਾ ਅਤੇ ਮੋਦੀ ਸਰਕਾਰ ਦਾ ਚਾਲ-ਚਰਿੱਤਰ-ਚਿਹਰਾ ਬੇਨਕਾਬ



ਦਰਬਾਰਾ ਸਿੰਘ ਕਾਹਲੋਂ

ਦੇਸ਼ ਆਜ਼ਾਦੀ ਤੋਂ ਬਾਅਦ ਪਿਛਲੇ 68 ਸਾਲਾਂ ਵਿਚ ਭਾਰਤੀ ਰਾਜਨੀਤੀ ਅੰਦਰ ਰਾਸ਼ਟਰੀ ਅਤੇ ਪ੍ਰਾਂਤਿਕ ਪੱਧਰ ਤੇ ਵੱਖ-ਵੱਖ ਰਾਜਨੀਤਕ ਦਲਾਂ ਜਾਂ ਗਠਜੋੜਾਂ ਨਾਲ ਸਬੰਧਿਤ 'ਸੁਪਨਿਆਂ ਦਾ ਸੁਦਾਗਰ' ਰਾਜਨੀਤਕ ਆਗੂ ਹੋ ਗੁਜ਼ਰੇ ਹਨ, ਪਰ ਇਨ੍ਹਾਂ ਵਿਚੋਂ ਅਜੇ ਤਕ ਕੋਈ ਵੀ ਆਮ ਲੋਕਾਂ ਦੀਆਂ ਆਸ਼ਾਵਾਂ ਅਤੇ ਅਭਿਲਾਸ਼ਾਵਾਂ 'ਤੇ ਪੂਰਾ ਨਹੀਂ ਉਤਰਿਆ। ਸਗੋਂ ਉਲਟ ਲਗਾਤਾਰ ਆਮ ਆਦਮੀ ਦੀਆਂ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਵਿਦਿਅਕ ਅਤੇ ਰੋਜ਼-ਮਰ੍ਹਾ ਦੀਆਂ ਲੋੜਾਂ ਸਬੰਧੀ ਸਮੱਸਿਆਵਾਂ ਵਿਚ ਵਾਧਾ ਹੁੰਦਾ ਚਲਾ ਗਿਆ।

ਪਿਛਲੇ ਸਾਲ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਡਾਂ. ਮਨਮੋਹਨ ਸਿੰਘ ਦੀ 10 ਸਾਲਾ ਯੂ.ਪੀ.ਏ. ਸਰਕਾਰ ਦੇ ਰਿਕਾਰਡ ਤੋੜ ਆਰਥਿਕ ਘੋਟਾਲਿਆਂ, ਵੱਧਦੀ ਮਹਿੰਗਾਈ, ਬੇਰੋਜ਼ਗਾਰੀ, ਸ਼ੁੱਧ ਪੀਣ ਵਾਲੇ ਪਾਣੀ, ਬਿਜਲੀ, ਸੜਕ, ਸਿਹਤ ਅਤੇ ਸਿੱਖਿਆ ਸੇਵਾਵਾਂ ਦੀ ਬਦਹਾਲ ਵਿਵਸਥਾ ਤੋਂ ਨੱਕੋ-ਨੱਕ ਭਾਰਤੀ ਵੋਟਰ ਨੇ ਭਾਰਤੀ ਜਨਤਾ ਪਾਰਟੀ ਦੇ 13 ਸਾਲ ਕਰੀਬ ਗੁਜਰਾਤ ਦੇ ਮੁੱਖ ਮੰਤਰੀ ਰਹੇ ਸ਼੍ਰੀ ਨਰੇਂਦਰ ਦਾਮੋਦਰ ਮੋਦੀ ਦੀ ਅਗਵਾਈ ਵਿਚ ਆਮ ਚੋਣਾਂ 'ਵੇਲੇ' ਕਰੋਨੀਕੈਪੀਟਲਿਸ਼ਟਾਂ' ਅਤੇ 'ਮੀਡੀਆ' ਦੁਆਰਾ 'ਸਟੇਜ ਮੈਨੇਜਰ' ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ 26 ਮਈ, 2014 ਨੂੰ ਉਨ੍ਹਾਂ ਨੂੰ ਸੱਤਾ ਸੌਂਪ ਦਿੱਤੀ।

ਪਰ ਪਿਛਲੇ ਇਕ ਸਾਲ ਦੇ ਕਾਰਜਕਾਲ ਵਿਚ ਭਾਰਤੀ ਵੋਟਰ ਅਤੇ ਆਮ ਆਦਮੀ ਦਾ ਭਾਜਪਾ, ਸ਼੍ਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਤੋਂ ਮੋਹ ਭੰਗ ਹੁੰਦਾ ਵਿਖਾਈ ਦੇ ਰਿਹਾ ਹੈ। ਦੇਸ਼ ਦੇ ਮੰਨੇ-ਪ੍ਰਮੰਨੇ ਸਮਾਜ ਸੇਵੀ ਅਤੇ ਅੰਦੋਲਨ ਕਰਤਾ ਸ਼੍ਰੀ ਅੰਨਾ ਹਜ਼ਾਰੇ ਨੂੰ ਕਿਸਾਨ ਮਾਰ ਭੂਮੀ ਅਧਿਗ੍ਰਹਿਣ ਆਰਡੀਨੈਂਸ ਵਿਰੁੱਧ ਧਰਨਾ ਦੇਣ, ਸਾਬਕਾ ਭਾਜਪਾ ਮੰਤਰੀ ਸ਼੍ਰੀ ਅਰੁਣ ਸ਼ੋਰੀ ਅਤੇ ਸ਼੍ਰ. ਸੁਬਰਾਮਨੀਅਮ ਸਵਾਮੀ ਵਰਗੇ ਪ੍ਰਬੁੱਧ ਵਿਅਕਤੀਆਂ ਵੱਲੋਂ ਉਨ੍ਹਾਂ ਦੀ ਸਰਕਾਰ ਦੀ ਆਲੋਚਨਾ ਕਰਨ ਲਈ ਮਜਬੂਰ ਹੋਣਾ ਪਿਆ ਹੈ। ਸਾਬਕਾ ਆਰ.ਐਸ.ਐਸ. ਪ੍ਰਚਾਰਕ ਗੋਵਿੰਦਾਚਾਰੀਆ ਨੇ ਕਿਹਾ ਹੈ ਕਿ ਦੇਸ਼ ਦੇ ਗਰੀਬਾਂ ਅਤੇ ਪੇਂਡੂ ਲੋਕਾਂ ਦੇ ਅੱਛੇ ਦਿਨ ਨਹੀਂ ਆਏ।

**ਲੋਕਤੰਤਰ ਪ੍ਰਤੀ ਬੇਸਮਝੀ** : ਗਰੀਬ ਕਿਸਾਨ ਦੇ ਘਰੋਂ ਉੱਠ ਕੇ ਅਮਰੀਕਾ ਦੇ ਰਾਸ਼ਟਰਪਤੀ ਬਣੇ ਆਬਰਾਹਿਮ ਲਿੰਕਨ ਨੇ ਲੋਕਤੰਤਰ ਦੀ ਖ਼ੂਬਸੂਰਤੀ ਭਰੀ ਭਾਵਪੂਰਵਕ ਵਿਆਖਿਆ ਕਰਦੇ ਕਿਹਾ ਸੀ, "ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਲਈ ਸਰਕਾਰ ਹੁੰਦੀ ਹੈ।" ਇਸ ਦਾ ਮੁੱਖ ਮੰਤਵ ਆਮ ਆਦਮੀ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ, ਸਮਾਜਿਕ-ਆਰਥਿਕ ਨਾਬਰਾਬਰੀ ਦੂਰ ਕਰਨਾ, ਕਾਨੂੰਨ ਦਾ ਰਾਜ ਸਥਾਪਿਤ ਕਰਨਾ, ਵਿਅਕਤੀਗਤ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਕਰਨਾ ਅਤੇ ਧਰਮ ਨਿਰਪੱਖਤਾ 'ਤੇ ਪਹਿਰਾ ਦੇਣਾ ਹੁੰਦਾ ਹੈ।

ਜਿੱਥੇ ਭੁੱਖ, ਅਨਪੜ੍ਹਤਾ, ਗੁਰਬੱਤ, ਬੇਰੋਜ਼ਗਾਰੀ, ਨਾਬਰਾਬਰੀ, ਬੇਇਨਸਾਫੀ, ਧੱਕੇਸ਼ਾਹੀ, ਬਹੁਗਿਣਤੀ ਦੀ ਤਾਨਾਸ਼ਾਹੀ, ਅਮਨਕਾਨੂੰਨ ਸਬੰਧੀ ਬਦਹਾਲੀ ਅਤੇ ਭ੍ਰਿਸ਼ਟਾਚਾਰ ਫੈਲੇ ਹੋਣ, ਉੱਥੇ ਲੋਕਤੰਤਰੀ ਸਰਕਾਰ ਨਹੀਂ ਹੁੰਦੀ।

ਲੋਕਤੰਤਰ ਤੋਂ ਭਾਵ ਰਾਜਨੀਤਕ ਪਾਰਟੀਆਂ ਦੀ ਹੋਂਦ, ਦਬਾਅ ਗਰੁੱਪਾਂ, ਅਮੀਰ ਕਾਰਪੋਰੇਟ ਗਰੁੱਪਾਂ ਦੀ ਹੋਂਦ, ਚੋਣ ਵਿਵਸਥਾ ਅਤੇ ਤਾਕਤਵਰ ਵਿੱਤੀ ਸੰਸਥਾਵਾਂ ਦੀਆਂ ਮਨਆਈਆਂ ਨਹੀਂ ਹੁੰਦਾ।

'ਅਮੀਰ ਕਿਵੇਂ ਰਾਜ ਕਰਦੇ ਹਨ?' ਅੰਦਰ ਅਮਰੀਕੀ ਹਰਵਾਰਡ ਯੂਨੀਵਰਸਿਟੀ ਦਾ ਪ੍ਰੋ. ਦਾਨੀ ਰੋਡਰਿਕ ਦਰਸਾਉਂਦਾ ਹੈ, ਕਿਵੇਂ ਅਮੀਰ ਕੁਝ ਇਕ ਲੋਕਾਂ ਨੇ ਅਮਰੀਕੀ ਲੋਕਤੰਤਰੀ ਸਰਕਾਰ 'ਤੇ ਕਬਜ਼ਾ ਕਰ ਰਖਿਆ ਹੈ। ਅਮਰੀਕੀ ਲੋਕਤੰਤਰ ਅੰਦਰ ਜਦੋਂ ਕੁਝ ਇਕ ਅਮੀਰ ਲੋਕਾਂ (ਕਰੋਨੀ ਕੈਪੀਟਲਿਸਟ) ਕਾਂਗਰਸ ਅਮੀਰ ਲੋਕਾਂ ਦੇ ਹਿੱਤਾਂ ਵਿਚ ਵੋਟ ਪਾਉਂਦੀ ਹੈ। ਵੱਡੇ-ਵੱਡੇ ਵਿੱਤੀ ਘਰਾਣਿਆਂ ਅਤੇ ਸੰਸਥਾਵਾਂ ਨੂੰ ਆਰਥਿਕ ਮੰਦਹਾਲੀ ਅਤੇ ਦੀਵਾਲੀਏਪਨ ਵਿਚੋਂ ਬਾਹਰ ਕੱਢਣ ਲਈ ਖਰਬਾਂ ਡਾਲਰ ਮੁਆਫ਼ ਕਰਨ ਦੀ ਵਿਵਸਥਾ ਕਰਦੀ ਹੈ।

ਪਿਛਲੇ ਇਕ ਸਾਲ ਤੋਂ ਸ਼੍ਰੀ ਮੋਦੀ ਸਰਕਾਰ ਇਸੇ ਵਿਵਸਥਾ ਨੂੰ ਭਾਰਤ ਅੰਦਰ ਲਾਗੂ ਕਰਨ ਵਿਚ ਜੁੱਟੀ ਹੋਈ ਹੈ। ਆਖ਼ਿਰ ਸ਼੍ਰੀ ਮੋਦੀ, ਭਾਜਪਾ, ਸੰਘ-ਪਰਿਵਾਰ ਗਿਣੇ-ਚੁਣੇ 'ਕਰੋਨੀ ਕੈਪੀਟਲਿਸਟਾਂ' ਅਤੇ 'ਮੀਡੀਆ' ਪ੍ਰਚਾਰ ਬਲਬੂਤੇ ਸੱਤਾ ਵਿਚ ਆਏ ਸਨ। 'ਸਭ ਕਾ ਸਾਥ, ਸਬਕਾ ਵਿਕਾਸ', 'ਅੱਛੇ ਦਿਨ ਆਏਂਗੇ' ਮਹਿਜ਼ ਵੋਟ ਬਟੋਰੂ ਖੋਖਲੇ ਨਆਰੇ ਸਾਬਿਤ ਹੋਏ।

ਵਧੀਆ, ਭ੍ਰਿਸ਼ਟਾਚਾਰ ਰਹਿਤ ਸਾਸ਼ਨ, 100 ਦਿਨਾਂ ਵਿਚ ਕਾਲਾ ਧੰਨ ਵਿਦੇਸ਼ਾਂ ਵਿਚੋਂ ਵਾਪਸ, 15 ਲੱਖ ਰੁਪਏ ਹਰ ਭਾਰਤੀ ਦੇ ਖਾਤੇ 'ਚ ਜਮ੍ਹਾ ਕਰਾਉਣੇ ਮਹਿਜ਼ ਚੋਣ ਜੁੰਮਲੇ ਸਿੱਧ ਹੋਏ। 'ਕੈਗ' ਰਿਪੋਰਟ ਅਨੁਸਾਰ ਕੇਂਦਰੀ ਮੰਤਰੀ ਨਿਤਿਨ ਗਡਕਰੀ ਭ੍ਰਿਸ਼ਟਾਚਾਰੀ ਸਕੈਮ 'ਚ ਫਸੇ ਨਜ਼ਰ ਆ ਰਹੇ ਹਨ, ਸ਼੍ਰੀ ਮੋਦੀ ਸਰਕਾਰ ਦੇ ਸਿੱਧੇ ਕੰਟਰੋਲ ਹੇਠ ਦਿੱਲੀ ਪੁਲਸ ਦੇ ਸਿਪਾਹੀ ਰਿਸ਼ਵਤ ਨਾ ਦੇਣ ਕਰਕੇ ਔਰਤਾਂ ਤਕ ਨੂੰ ਮਾਰ ਰਹੇ ਹਨ।

'ਦਾ ਵਾਟਰ ਇੰਸਟੀਚਿਊਟ ਅਮਰੀਕਾ ਵੱਲੋਂ ਤਿਆਰ ਸੂਚਕ ਅੰਕ ਅਨੁਸਾਰ ਨਾਗਰਿਕਾਂ ਨੂੰ ਸੁਅੱਛ ਪਾਣੀ ਅਤੇ ਸੁਅੱਛ ਸਿਸਟਮ ਦੇਣ ਸਬੰਧੀ ਪਾਕਿਸਤਾਨ ਨੇ 5ਵਾਂ ਸਥਾਨ ਪ੍ਰਾਪਤ ਕੀਤਾ ਜਦੋਂਕਿ ਮੋਦੀ ਜੀ ਦੇ ਭਾਰਤ ਨੇ 92ਵਾਂ।

**ਕੇਂਦਰੀਕਰਨ** : ਸਾਬਕਾ ਮੰਤਰੀ ਸ਼੍ਰੀ ਅਰੁਣ ਸ਼ੋਰੀ ਅਨੁਸਾਰ ਸ਼੍ਰੀ ਮੋਦੀ ਸਰਕਾਰ, ਸ਼੍ਰੀ ਮੋਦੀ, ਅਮਿਤ ਸ਼ਾਹ (ਭਾਜਪਾ ਪ੍ਰਧਾਨ) ਅਤੇ ਅਰੁਣ ਜੇਤਲੀ (ਵਿੱਤ ਮੰਤਰੀ) ਅਧਾਰਿਤ ਤਿੱਕੜੀ ਚਲਾ ਰਹੀ ਹੈ। ਸੱਤਾ ਦੇ ਕੇਂਦਰੀਕਰਨ ਦੇ ਨਤੀਜੇ ਵਜੋਂ 10,000 ਕਰੋੜ ਦਾ ਕਾਰਪੋਰੇਟ ਜਸੂਸੀ ਸਕੈਮ ਸਾਡੇ ਸਾਹਮਣੇ ਹੈ। ਸਾਬਕਾ ਕੈਬਨਿਟ ਸਕੱਤਰ ਟੀ. ਐਸ. ਆਰ. ਸੁਬਰਾਮਨੀਅਮ ਅਨੁਸਾਰ, "ਸੰਵੇਦਨਸ਼ੀਲ ਤੇ ਵਰਗੀਕ੍ਰਿਤ ਸੂਚਨਾਵਾਂ ਨਾਲ ਨਜਿੱਠਣ ਲਈ ਸਰਕਾਰੀ ਹੁਕਮ ਮੌਜੂਦ ਹਨ। ਕੰਮਕਾਜ ਪ੍ਰਕ੍ਰਿਆ ਦਾ ਵੀ ਇਕ ਮਾਪਦੰਡ ਹੈ। ਅਜਿਹਾ ਲਗਦਾ ਹੈ ਕਿ ਇਸ ਮਾਮਲੇ ਵਿਚ ਕਿਸੇ ਪੱਧਰ 'ਤੇ ਲਾਪ੍ਰਵਾਹੀ ਵਰਤੀ ਗਈ ਹੈ।"

ਹਕੀਕਤ ਵਿਚ ਦੇਸ਼ ਅੰਦਰ ਸੱਤਾ ਬਦਲੀ ਹੈ। ਵਿਵਸਥਾ ਨਹੀਂ। ਕੇਂਦਰ ਸਰਕਾਰ ਬਾਦਸਤੂਰ ਲਾਲਫੀਤਾਸ਼ਾਹੀ, ਦਖਲਅੰਦਾਜ਼ੀ, ਕੰਮਕਾਜ ਵਿਚ ਰਾਜਨੀਤਕ ਦਾਦਾਗਿਰੀ ਦਾ ਸ਼ਿਕਾਰ ਹੈ। ਦਿੱਲੀ 'ਪੰਜਾਬ ਕੇਸਰੀ' ਅਖ਼ਬਾਰ ਦੇ ਮੁਖੀ ਭਾਜਪਾ ਐਮ.ਪੀ. ਸ਼੍ਰੀ ਅਸ਼ਵਨੀ ਮਿੰਨਾ ਵਰਗਿਆਂ ਰਾਜਨੀਤਕ ਦਾਦਾਗਿਰੀ ਕਰਕੇ ਬੰਗਲਾ ਨਸੀਬ ਨਹੀਂ ਹੋਇਆ।

ਐਚ.ਡੀ.ਐਫ.ਸੀ. ਕੰਪਨੀਆਂ ਅਤੇ ਬੈਂਕ ਦੇ ਮਾਲਕ ਦੀਪਕ ਪਾਰੇਖ ਨੇ ਇਸ ਦੀ ਪੋਲ ਖੋਲ੍ਹ ਕੇ ਦਰਸ਼ਾ ਦਿੱਤਾ ਹੈ ਕਿ ਜ਼ਮੀਨੀ ਪੱਧਰ ਤੇ ਕੁਝ ਨਹੀਂ ਬਦਲਿਆ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਵੱਲੋਂ ਉਨ੍ਹਾਂ ਦੇ ਕਾਰੋਬਾਰ ਵਿਚ ਬਾਹਰੀ ਨਿਵੇਸ਼ ਸਬੰਧੀ ਮਨਜ਼ੂਰੀ ਨੂੰ ਲਟਕਾਉਣ ਕਰਕੇ 10,000 ਕਰੋੜ ਦਾ ਨੁਕਸਾਨ ਹੋਇਆ ਹੈ।

ਮਾਮਲਾ ਇਥੋਂ ਤਕ ਸੀਮਤ ਨਹੀਂ ਸਗੋਂ ਸਬਸਿਡੀਆਂ, ਐਫ.ਸੀ.ਆਈ. ਤੋੜਨ, ਪੀ.ਡੀ.ਐਫ. ਅਧੋਗਤੀ, ਨਿਆਂਪਾਲਿਕਾ ਸਿਸਟਮ ਵਿਚ ਵਿਗਾੜ (ਕੌਲਿਜ਼ਅਮ ਸਿਸਟਮ ਤੋੜਨਾ) ਤਬਾਹ ਹੋ ਰਹੇ ਵਿਦਿਅਕ ਸਿਸਟਮ, ਗਰੀਬਾਂ ਲਈ ਸਿਹਤ ਸੇਵਾਵਾਂ ਆਦਿ ਸਬੰਧੀ ਲਟਕਦੇ ਫੈਸਲਿਆਂ ਤਕ ਫੈਲਿਆ ਹੋਇਆ ਭਾਵ Look busy and do nothing.ਹਿੰਦੁਤਵ ਨੀਤੀਆਂ ਅਧੀਨ ਵਿਦਿਆ ਦਾ ਮਾਰੂ ਭਗਵਾਕਰਨ ਹੋ ਰਿਹਾ ਹੈ। ਕਰੀਬ 600 ਤੋਂ ਵਧ ਪਦ ਵੱਖ-ਵੱਖ ਅਦਾਰਿਆਂ ਵਿਚ ਖਾਲੀ ਹਨ।

**ਮੇਕਇੰਨ ਇੰਡੀਆ** : ਵਿਸ਼ਵ ਬੈਂਕ ਅਨੁਸਾਰ ਉਤਪਾਦਨ ਖੇਤਰ ਵਿਚ ਭਾਰਤ ਦਾ 189 ਦੇਸ਼ਾਂ ਵਿਚ 142ਵਾਂ ਦਰਜਾ ਹੈ ਜਦੋਂਕਿ ਚੀਨ ਦਾ 90ਵਾਂ ਸੰਨ 2019 ਤਕ ਦੇਸ਼ ਨੂੰ ਊਰਜਾ ਪੱਖੋਂ ਬਹੁਲ ਬਣਾਉਣਾ ਹੈ ਪਰ ਇਸ ਖੇਤਰ 'ਚ ਅਜੇ ਤੰਦ ਵੀ ਨਹੀਂ ਛੋਹੀ। ਇਸ ਬਗੈਰ ਵਿਕਾਸ ਸੰਭਵ ਨਹੀਂ। ਹਜ਼ਾਰਾਂ ਬਸਤੀਆਂ ਅਤੇ ਪਿੰਡ ਬਿਜਲੀ ਤਰਸ ਰਹੇ ਹਨ।

ਅਸੀਂ ਵਿਸ਼ਵ ਦੇ ਵੱਡੇ ਫ਼ੌਜੀ ਸਾਮਾਨ ਦੇ ਖਰੀਦਦਾਰ ਹਾਂ। ਹੁਣੇ ਫਰਾਂਸ ਤੋਂ ਰਾਫੇਲ ਲੜਾਕੂ ਹਵਾਈ ਜਹਾਜ਼ਾਂ ਤੇ ਕਰੀਬ 6 ਬਿਲੀਅਨ ਡਾਲਰ ਖਰਚੇ ਹਨ। ਜੇ 'ਮੇਕ ਇੰਨ ਇੰਡੀਆ' ਅਧੀਨ ਸੌਦੇਬਾਜ਼ੀ ਹੁੰਦੀ ਤਾਂ ਦੇਸ਼ ਨੂੰ 3 ਬਿਲੀਅਨ ਬੱਚਦੇ। ਅਸੀਂ 45 ਬਿਲੀਅਨ ਡਾਲਰ ਦੇ ਮੋਬਾਇਲ ਅਤੇ 300 ਬਿਲੀਅਨ ਡਾਲਰ ਦਾ ਤੇਲ ਆਯਾਤ ਕਰ ਰਹੇ ਹਾਂ। ਰੇਲ, ਸੀਮੈਂਟ, ਸਟੀਲ, ਸਿਹਤ, ਐਗਰੋ ਆਦਿ ਖੇਤਰਾਂ ਵਿਚ ਟ੍ਰਿਲੀਅਨ ਡਾਲਰ ਨਿਵੇਸ਼ ਲੋੜੀਂਦਾ ਹੈ। ਅਸੀਂ ਰੋਜ਼ਾਨਾ 10 ਕਿਲੋਮੀਟਰ ਸੜਕ ਦਾ ਨਿਰਮਾਣ ਕਰਦੇ ਹਾਂ ਜਦੋਂਕਿ ਚੀਨ 50 ਕਿਲੋਮੀਟਰ ਦਾ ਕਰ ਰਿਹਾ ਹੈ।

ਨਸੋ ਰਿਪੋਰਟ 2012-13 ਅਨੁਸਾਰ ਆਮ ਭਾਰਤੀ ਕਿਸਾਨ ਦੀ ਮਾਸਿਕ ਆਮਦਨ 6500 ਰੁਪਏ ਭਾਵ ਸਰਕਾਰੀ ਚਪੜਾਸੀ ਤੋਂ ਵੀ ਢਾਈ ਗੁਣਾਂ ਘੱਟ ਹੈ। ਭਾਜਪਾ ਅਤੇ ਸ਼੍ਰੀ ਮੋਦੀ ਨੇ ਕਿਸਾਨੀ ਜਿਣਸਾਂ ਦੇ ਭਾਅ ਨਿਰਧਾਰਿਤ ਕਰਨ ਲਈ ਸਵਾਮੀਨਾਥਨ ਤਾਂ ਕਮੇਟੀ ਦੀਆਂ ਸਿਫਾਰਿਸ਼ਾਂ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਕਿਸਾਨ ਜੱਥੇਬੰਦੀਆਂ ਵੱਲੋਂ ਇਸ ਸਬੰਧੀ ਮਾਣਯੋਗ ਸੁਪਰੀਮ ਕੋਰਟ ਵਿਚ ਕੀਤੇ ਕੇਸ ਦੇ ਜੁਆਬ ਵਿਚ ਸ਼੍ਰੀ ਮੋਦੀ ਸਰਕਾਰ ਆਪਣੇ ਵਾਅਦੇ ਤੋਂ ਭੱਜ ਗਈ।

ਬਿਜ਼ਨਸ ਸਟੈਂਡਰਡ ਵੱਲੋਂ 3000 ਕੰਪਨੀਆਂ ਦੇ ਸਰਵੇਖਣ ਤੋਂ ਪਤਾ ਚਲਿਆ ਹੈ ਕਿ ਦਸੰਬਰ ਤਮਾਹੀ ਤਕ ਇਨ੍ਹਾਂ ਦੇ ਸ਼ੁੱਧ ਮੁਨਾਫੇ ਵਿਚ 17 ਫੀਸਦੀ ਕਮੀ ਆਈ। ਉਦਯੋਗਿਕ ਉਤਪਾਦਨ ਮਹਿਜ਼ ਫੀਸਦੀ ਵਧਿਆ ਹੈ। ਡਾ. ਮਨਮੋਹਨ ਸਿੰਘ ਸਰਕਾਰ ਨੂੰ ਡਾਲਰ ਮੁਕਾਬਲੇ ਰੁਪਏ ਦੀ ਘੱਟਦੀ ਕੀਮਤ ਕਰਕੇ ਪਾਣੀ ਪੀ.ਪੀ. ਕੋਸਣ ਵਾਲਾ ਸ਼੍ਰੀ ਮੋਦੀ ਹੁਣ ਦੱਸੇ ਕਿ ਕੀ ਉਸ ਦੇ ਇਕ ਸਾਲ ਦੇ ਸਾਸ਼ਨ ਬਾਅਦ ਵੀ ਰੁਪਏ ਦੀ ਦੁਰਦਸ਼ਾ ਕਿਉਂ? ਅਜਿਹੀ ਵਿਵਸਥਾ ਵਿਚ 'ਮੇਕਇੰਨ ਇੰਡੀਆ' ਨੀਤੀ ਦਾ ਕੀ ਬਣੇਗਾ?

**ਰਾਜਨੀਤਕ ਛਲ-ਕਪਟ** : ਭਾਜਪਾ ਦਾ ਚਾਲ, ਚਰਿੱਤਰ, ਚਿਹਰਾ ਕਿੱਧਰੇ ਅਲੋਕਾਰ ਨਜ਼ਰ ਨਹੀਂ ਆਇਆ। ਰਾਜਾਂ ਅਤੇ ਕੇਂਦਰ ਸਰਕਾਰਾਂ ਅੰਦਰ ਭ੍ਰਿਸ਼ਟਾਚਾਰ ਜਾਰੀ ਹੈ। ਮੰਤਰੀ ਅਤੇ ਕਾਰਕੁੰਨ ਇਕ ਵਿਚ ਸ਼ਾਮਿਲ ਹਨ। ਇਸ ਸਬੰਧੀ ਮੁੱਖ ਮੰਤਰੀ ਹਿਮਾਚਲ ਪ੍ਰਦੇਸ਼ ਸ਼੍ਰੀ ਸ਼ਾਂਤਾ ਕੁਮਾਰ ਨੇ ਦਲੇਰੀ ਨਾਲ ਭਾਂਡਾ ਭੰਨਿਆ ਹੈ।



ਚਾਹ ਵੇਚਣ ਦਾ ਖੇਖਨ ਕਰਦਾ ਆਗੂ ਪ੍ਰਧਾਨ ਮੰਤਰੀ ਬਣ ਕੇ 10 ਲੱਖ ਦੀ ਕੀਮਤ ਵਾਲਾ ਸੂਟ ਦੇਸ਼ ਅੰਦਰ ਅਤੇ 12 ਲੱਖ ਦੀ ਓਵਰਕੋਟ ਬਦੇਸ਼ ਯਾਤਰਾ ਸਮੇਂ ਪਹਿਨਦਾ ਹੈ।

ਕਰੋੜਾਂ ਰੁਪਇਆਂ ਦਾ ਸ਼੍ਰੀ ਅਮਿਤ ਸ਼ਾਹ ਅਤੇ ਮੁਲਾਇਮ-ਲਾਲੂ ਦੇ ਬੱਚਿਆਂ ਦੀਆਂ ਸ਼ਾਦੀਆਂ 'ਤੇ ਨਾਸ ਪੁੱਟਣ ਵਾਲੇ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਜੀ ਦੀ ਸ਼ਮੂਲੀਅਤ ਕੀ ਸੰਕੇਤ ਦਿੰਦੀ ਹੈ?

ਦਿੱਲੀ ਅਤੇ ਬਿਹਾਰ ਅੰਦਰ ਭਾਜਪਾ, ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਵੱਲੋਂ ਨਿਭਾਏ ਰੋਲ ਨੇ ਤਿੰਨਾਂ ਨੂੰ ਬਦਨਾਮ ਕੀਤਾ। ਮੌਕਾਪ੍ਰਸਤ, ਨਫ਼ਰਤੀ, ਕੱਟੜਵਾਦੀ (ਚਰਚਾ ਤੇ ਹਮਲੇ) ਰਾਜਨੀਤੀ ਕਰਕੇ ਭਾਜਪਾ ਅਤੇ ਸ਼੍ਰੀ ਮੋਦੀ ਨੂੰ ਦਿੱਲੀ ਵਿਚ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਬਿਹਾਰ ਅੰਦਰ ਜਨਤਾ ਦਲ (ਯੂ) ਦੇ ਅੰਦਰੂਨੀ ਝਗੜੇ ਵਿਚ ਦਖ਼ਲ, ਸਾਬਕਾ ਮੁੱਖ ਮੰਤਰੀ ਸ਼੍ਰੀ ਜੀਤਨ ਮਾਂਝੀ ਦੀ ਹਮਾਇਤ, ਵਿਧਾਇਕਾਂ ਦੀ ਬੋਲੀ, ਭੰਨ-ਤੋੜ ਸਬੰਧੀ ਰੋਲ ਨੇ ਸਾਬਿਤ ਕਰ ਦਿੱਤਾ ਕਿ ਇਸ ਦਾ ਚਾਲ, ਚਰਿੱਤਰ, ਚਿਹਰਾ ਦੂਜੀਆਂ ਰਾਜਨੀਤਕ ਪਾਰਟੀਆਂ ਤੋਂ ਭਿੰਨ ਨਹੀਂ।

**ਫਿਰਕੂ ਕੱਟੜਵਾਦ** : ਸੰਘ ਪਰਿਵਾਰ ਅਤੇ ਸ਼੍ਰੀ ਮੋਦੀ ਸਰਕਾਰ ਦੇ ਮੰਤਰੀ, ਭਾਜਪਾ ਆਗੂ ਭਾਰਤ ਨੂੰ 'ਹਿੰਦੂ ਰਾਸ਼ਟਰ' ਸਥਾਪਿਤ ਕਰਨ, 'ਘਰ ਵਾਪਸੀ' ਅਭਿਯਾਨ ਅਧੀਨ ਦੂਜੇ ਧਰਮਾਂ ਦੇ ਲੋਕਾਂ ਨੂੰ ਹਿੰਦੂ ਧਰਮ ਵਿਚ ਮੁੜ ਸ਼ਾਮਿਲ ਕਰਨ, ਹਿੰਦੂ ਪਰਿਵਾਰਾਂ ਨੂੰ 5-5, 10-10 ਬੱਚੇ ਪੈਦਾ ਕਰਨ ਬਾਰੇ ਕਹਿਣ, ਕੇਂਦਰੀ ਮੰਤਰੀ ਸਾਧ ਵੀ ਨਰਿੰਜਨ ਜਯੋਤੀ ਵੱਲੋਂ ਗੈਰ ਹਿੰਦੂਆਂ ਨੂੰ 'ਹਰਾਮਜ਼ਾਦੇ' ਕਹਿਣ ਤੇ ਪ੍ਰਧਾਨ ਮੰਤਰੀ ਦੀ ਚੁੱਪ ਇਨ੍ਹਾਂ ਦੀ ਹਮਾਇਤ ਦਰਸਾਉਂਦੀ ਹੈ।

ਚਰਚਾ ਤੇ ਹਮਲਿਆਂ ਅਤੇ ਅਮਰੀਕੀ ਪ੍ਰਧਾਨ ਓਬਾਮਾ ਵੱਲੋਂ ਭਾਰਤੀ ਧਰਮ ਨਿਰਪੱਖ ਸੋਚ ਅਤੇ ਬਹੁ-ਧਰਮੀ ਰਾਸ਼ਟਰ ਸਬੰਧੀ ਨਸੀਹਤ ਮੱਦੇਨਜ਼ਰ ਸ਼੍ਰੀ ਮੋਦੀ ਨੇ ਇਕ ਚਰਚ ਸਮਾਰੋਹ ਵਿਚ ਭਾਗ ਲੈਂਦੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਧਾਰਮਿਕ ਬਹੁਗਿਣਤੀ ਜਾਂ ਘੱਟ ਗਿਣਤੀ ਨੂੰ ਧਾਰਮਿਕ ਨਫਰਤ ਫੈਲਾਉਣ ਦੀ ਇਜਾਜ਼ਤ ਨਹੀਂ ਦੇਵੇਗੀ। ਪਰ ਇਸ 'ਤੇ ਸੰਘ ਪਰਿਵਾਰ ਨੇ ਅਮਲ ਨਹੀਂ ਕੀਤਾ। ਦਰਅਸਲ ਪ੍ਰਧਾਨ ਮੰਤਰੀ ਮਹਿਜ਼ ਆਰ.ਐਸ.ਐਸ. ਦਾ ਮੁਹਰਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਰਹੇ ਸ਼੍ਰੀ ਵੀ.ਪੀ. ਸਿੰਘ ਦਾ ਪੱਕਾ ਮੱਤ ਸੀ ਕਿ ਭਾਜਪਾ ਦੇ ਵੱਡੇ ਆਗੂ (ਸ਼੍ਰੀ ਅਟਲ ਬਿਹਾਰੀ ਵਾਜਪਾਈ, ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ) ਧਾਰਮਿਕ ਸਦਭਾਵ ਦਾ ਖੇਖਨ ਕਰਦੇ ਹਨ ਜਦੋਂਕਿ ਜ਼ਮੀਨੀ ਪੱਧਰ 'ਤੇ ਭਾਜਪਾ ਫਿਰਕੂ ਜ਼ਹਿਰ ਉਗਲਦੀ ਹੈ। ਇਸੇ ਕਰਕੇ ਉਨ੍ਹਾਂ ਧਰਮ ਨਿਰਪੱਖ ਸ਼ਕਤੀਆਂ ਨੂੰ ਜੋੜਨਾ ਆਰੰਭ ਕੀਤਾ ਸੀ।

ਭਾਜਪਾ ਅਤੇ ਮੋਦੀ ਸਰਕਾਰ ਦੇ ਦੋਹਰੇ ਮਿਆਰ ਕਰਕੇ ਅਜ ਇਸ ਦੀਆਂ ਭਾਈਵਾਲ ਐਨ.ਡੀ.ਏ. ਗਠਜੋੜ ਅੰਦਰ ਰਾਜਨੀਤਕ ਪਾਰਟੀਆਂ ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਪੀ.ਐਮ.ਕੇ. ਆਦਿ ਨਾਲ ਸਬੰਧ ਵਿਗੜ ਰਹੇ ਹਨ।

**ਵਿਦੇਸ਼ ਨੀਤੀ** : ਸ਼੍ਰੀ ਮੋਦੀ ਨੇ ਰਿਕਾਰਡ ਤੋੜ 12 ਮਹੀਨਿਆਂ ਵਿਚ 18 ਦੇਸ਼ਾਂ ਦੇ ਦੌਰੇ ਕੀਤੇ। 'ਕਰੋਨੀ ਕੈਪੀਟਲਿਸਟਾਂ' ਬਲਬੂਤੇ ਭਾਰਤ ਨੂੰ 21ਵੀਂ ਸਦੀ ਦੇ ਗਲੋਬਲ ਆਗੂ ਦੇਸ਼ ਵਜੋਂ ਉੱਭਰਦੇ ਦੇਸ਼ ਵਜੋਂ ਪ੍ਰਸਤੁਤ ਕੀਤਾ। ਵਿਸ਼ਵ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਮੁਕਾਬਲੇ ਬਰਿਕਸ ਬੈਂਕ (ਬਰਿਕਸ ਦੇਸ਼ਾਂ ਵੱਲੋਂ) ਸਥਾਪਿਤ ਕੀਤਾ। ਭਾਰਤੀ ਆਰਥਿਕਤਾ ਨੂੰ ਵਿਸ਼ਵ ਦੀ ਨੰਬਰ ਇਕ ਉੱਭਰਦੀ ਆਰਥਿਕਤਾ ਪ੍ਰਚਾਰਿਆ। ਬਾਵਜੂਦ ਇਸ ਦੇ ਸਾਡੇ ਪਾਕਿਸਤਾਨ, ਅਫਗਾਨਿਸਤਾਨ, ਮਾਇਨਮਾ, ਚੀਨ, ਸ੍ਰੀਲੰਕਾ ਆਦਿ ਨਾਲ ਤਨਾਅ ਰਹਿਤ ਸਬੰਧ ਨਹੀਂ ਬਣ ਸਕੇ। ਬੰਗਲਾ ਦੇਸ਼ ਨਾਲ ਸਰਹੱਦੀ ਸਮਝੌਤੇ ਦੇ ਬਾਵਜੂਦ ਕਰੋੜਾਂ ਬੰਗਲਾਦੇਸ਼ੀ ਸ਼ਰਨਾਥੀਆਂ ਦਾ ਭਾਰਤ ਵਿਚ ਹੋਣ ਦਾ ਗੰਭੀਰ ਮਸਲਾ ਜਿਉਂ ਦਾ ਤਿਉਂ ਹੈ।

ਇਹ ਕਿਹੜੀ ਡਿਪਲੋਮੈਟਿਕ ਸੂਝ ਹੈ ਕਿ ਪ੍ਰਧਾਨ ਮੰਤਰੀ ਬਦੇਸ਼ ਵਿਚ ਜਾ ਕੇ ਆਪਣੀ ਪੂਰਵਧਿਕਾਰੀ ਸਰਕਾਰ ਦੀ ਆਲੋਚਨਾ ਕਰੇ? ਇਸ ਨੀਤੀ ਨੂੰ ਬਦੇਸ਼ੀ ਆਗੂਆਂ ਅਤੇ ਪ੍ਰਬੁੱਧ ਡਿਪਲੋਮੈਟਿਕ ਵਿਸ਼ਲੇਸ਼ਕਾਂ ਪ੍ਰਧਾਨ ਮੰਤਰੀ ਦੀ ਸੂਝ-ਬੂਝ ਦੀ ਘਾਟ ਦਰਸਾਇਆ। ਇਵੇਂ ਹੀ ਬਦੇਸ਼ਾਂ ਵਿਚ ਵਸਦੇ ਭਾਰਤੀਆਂ ਵੱਲੋਂ ਆਪਣੇ ਪ੍ਰਧਾਨ ਮੰਤਰੀਆਂ ਜਾਂ ਹੋਰ ਆਗੂਆਂ ਵਿਰੁੱਧ ਰੋਸ ਮੁਜ਼ਾਹਰਿਆਂ ਨੂੰ ਅਹਿਮ ਕਾਨਾ ਕਾਰਵਾਈ ਸਮਝਦੇ ਹਨ। ਇਸ ਸਬੰਧੀ ਪੰਜਾਬ ਦੇ ਉੱਘੇ ਗਾਇਕ ਗੁਰਦਾਸ ਮਾਨ ਦੇ ਗੀਤ ਦੇ ਦਿਲ ਟੁੰਬਵੇਂ ਬੋਲ ਧਿਆਨ ਗੋਚਰੇ ਰਖਣੇ ਚਾਹੀਦੇ ਹਨ, "ਲੱਖ ਪ੍ਰਦੇਸੀ ਹੋਈਏ, ਆਪਣਾ ਦੇਸ਼ ਨਹੀਂ ਭੰਡੀਦਾ।"

ਮਹਿਜ਼ ਇਕ ਸਾਲ ਵਿਚ ਹੀ ਜਿਵੇਂ ਭਾਰਤੀਆਂ ਸਾਹਮਣੇ ਭਾਜਪਾ, ਸ਼੍ਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ ਚਾਲ-ਚਰਿੱਤਰ ਅਤੇ ਚਿਹਰਾ ਬੇਨਕਾਬ ਹੋਇਆ ਹੈ, ਇਸ ਤੋਂ ਉਹ ਠੱਗੇ ਮਹਿਸੂਸ ਕਰਨ ਲੱਗ ਪਏ ਹਨ। ਜੇ ਉਨ੍ਹਾਂ ਭਵਿੱਖ ਵਿਚ ਆਪਣੀਆਂ ਨੀਤੀਆਂ ਨੂੰ ਜਨਤਕ ਕੇਂਦਰਿਤ ਨਾ ਕੀਤਾ ਤਾਂ ਲੋਕ ਉਨ੍ਹਾਂ ਵਿਰੁੱਧ ਲਾਮਬੰਦ ਸੰਘਰਸ਼ ਵਿੱਢਣ ਲਈ ਮਜਬੂਰ ਹੋ ਜਾਣਗੇ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।**
**ਬਰੈਂਪਟਨ, ਕੈਨੇਡਾ।**
001-416-857-7665

# ਸੱਤਾ ਦਾ ਨਸ਼ਾ, ਪ੍ਰਾਈਵੇਟ ਟਰਾਂਸਪੋਰਟਰ ਤੇ ਟਾਇਰਾਂ ਹੇਠ ਦਰੜੇ ਜਾ ਰਹੇ ਲੋਕ




ਪੰਜਾਬ ਵਿੱਚ ਸੜਕਾਂ ਉਪਰ ਹੋ ਰਹੇ ਐਕਸੀਡੈਂਟਾਂ ਨਾਲ ਹੋਣ ਵਾਲੀਆਂ ਮੌਤਾਂ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਐਕਸੀਡੈਂਟਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ (ਪ੍ਰਤੀ 100 ਦੁਰਘਟਨਾਵਾਂ) ਦੇਸ਼ ਭਰ 'ਚ ਦੂਜੇ ਨੰਬਰ 'ਤੇ ਹੈ। ਇਸ ਤੋਂ ਵੱਧ ਦਰ (133) ਕੇਵਲ ਨਾਗਾਲੈਂਡ ਦੀ ਹੀ ਹੈ। ਪੰਜਾਬ ਵਿੱਚ ਇਹ ਦਰ ਸਾਲ ਦਰ ਸਾਲ ਵਧ [65.9% (2009), 66.3% (2010), 75.7% (2011) ਅਤੇ 76% (2012)] ਰਹੀ ਹੈ (ਹਿੰਦੁਸਤਾਨ ਟਾਈਮਜ਼ 29 ਅਕਤੂਬਰ 2013)। ਇੰਡੀਅਨ ਐਕਸਪ੍ਰੈਸ ਵਿੱਚ 6 ਨਵੰਬਰ 2012 ਨੂੰ ਛਪੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਰੋਜ਼ 14 ਸੜਕੀ ਦੁਰਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚ 13 ਮੌਤਾਂ ਹੁੰਦੀਆਂ ਹਨ ਅਤੇ 11 ਵਿਅਕਤੀ ਜ਼ਖ਼ਮੀ ਹੁੰਦੇ ਹਨ। ਇੱਕ ਟਰੈਫ਼ਿਕ ਮਾਹਿਰ ਪ੍ਰਿਥੀਪਾਲ ਸਿੰਘ ਅਨੁਸਾਰ ਇੱਕ ਅਧਿਐਨ ਵਿੱਚ ਇਹ ਤੱਥ ਉਭਰ ਕੇ ਆਇਆ ਹੈ ਕਿ 55 ਫ਼ੀਸਦੀ ਦੁਰਘਟਨਾਵਾਂ ਥਕੇਵੇਂ, ਵੱਧ ਰਫ਼ਤਾਰ ਅਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਕਾਰਨ ਹੁੰਦੀਆਂ ਹਨ। 6 ਅਗਸਤ 2013 ਦੇ ਟਾਈਮਜ਼ ਆਫ਼ ਇੰਡੀਆ ਅਨੁਸਾਰ ਮੁੰਬਈ ਸ਼ਹਿਰ ਵਿੱਚ 24592 ਐਕਸੀਡੈਂਟਾਂ (ਕਿਸੇ ਸ਼ਹਿਰ ਵਿੱਚ ਹੋਏ ਸਭ ਤੋਂ ਵੱਧ ਐਕਸੀਡੈਂਟ) ਵਿੱਚ ਕੇਵਲ 488 ਮੌਤਾਂ (ਮਹਿਜ਼ 2 ਫ਼ੀਸਦੀ) ਹੀ ਹੋਈਆਂ, ਜਦੋਂ ਕਿ ਪੰਜਾਬ ਦੇ ਲੁਧਿਆਣਾ ਅਤੇ ਅੰਮ੍ਰਿਤਸਰ ਸ਼ਹਿਰਾਂ ਵਿੱਚ ਸੜਕੀ ਦੁਰਘਟਨਾਵਾਂ ਦੀ ਮੌਤ ਦਰ ਕ੍ਰਮਵਾਰ 60.9 ਫੀਸਦੀ ਅਤੇ62.5 ਫ਼ੀ ਸਦੀ ਹੈ।

ਇਹ ਵਰਤਾਰਾ ਸਾਡੇ ਲਈ ਡੂੰਘੀ ਚਿੰਤਾ ਅਤੇ ਵਿਚਾਰਨ ਦਾ ਵਿਸ਼ਾ ਬਣ ਜਾਂਦਾ ਹੈ। ਪਿਛਲੇ ਕਾਫ਼ੀ ਅਰਸੇ ਤੋਂ ਸਿਆਸੀ ਅਸਰ ਰਸੂਖ਼ ਵਾਲੇ ਪ੍ਰਾਈਵੇਟ ਟਰਾਂਸਪੋਰਟਰਾਂ ਵੱਲੋਂ ਲੋਕਾਂ ਨਾਲ ਧੱਕੇਸ਼ਾਹੀ ਕਰਨ/ਉਨ੍ਹਾਂ ਨੂੰ ਦਰੜ ਕੇ ਲੰਘ ਜਾਣ ਦੀਆਂ ਘਟਨਾਵਾਂ ਚਰਚਾ ਦਾ ਵਿਸ਼ਾਬਣੀਆਂ ਹੋਈਆਂ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਸਮਾਜ ਨਾਲ ਸਰੋਕਾਰ ਰੱਖਦੇ ਵਿਅਕਤੀਆਂ ਦੀ ਸੰਸਥਾ ਹੈ। ਸਭਾ ਦੀਆਂ ਫ਼ਰੀਦਕੋਟ ਅਤੇ ਬਰਨਾਲਾ ਇਕਾਈਆਂ ਨੇ ਇਸ ਧੱਕੜਸ਼ਾਹ ਅਤੇ ਮੌਤਾਂ ਵੰਡ ਰਹੇ ਵਰਤਾਰੇ ਦੀ ਤਹਿ ਹੇਠਲੇ ਕਾਰਕਾਂ ਨੂੰ ਜਾਨਣ ਅਤੇ ਲੋਕਾਂ ਸਾਹਮਣੇ ਲਿਆਉਣ ਲਈ ਉਪਰਾਲੇ ਕਰ ਕੇ ਹੇਠ ਦਿੱਤੀਆਂ ਰਿਪੋਰਟਾਂ ਜਾਰੀ ਕੀਤੀਆਂ ਹਨ।

**ਟਰਾਂਸਪੋਰਟਰਾਂ ਦੀ ਧੱਕੇਸ਼ਾਹੀ**

ਫਰਵਰੀ ਮਹੀਨੇ ਔਰਬਿਟ ਟਰਾਂਸਪੋਰਟ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਹਰੀਗੜ੍ਹ ਕੋਲ ਬਠਿੰਡਾ-ਸੰਗਰੂਰ ਮਾਰਗ 'ਤੇ ਮੋਟਰਸਾਈਕਲ ਸਵਾਰਾਂ ਨੂੰ ਦਰੜਨ ਅਤੇ ਕੋਟਕਪੂਰਾ ਸ਼ਹਿਰ ਵਿੱਚ ਨਿਊ ਦੀਪ ਬੱਸ ਸਰਵਿਸ ਦੀ ਬੱਸ ਵੱਲੋਂ ਕਾਰ ਸਵਾਰ ਮਾਂ-ਪੁੱਤਾਂ ਵੱਲੋਂ ਬੱਸ ਨੂੰ ਰਸਤਾ ਦੇਣ ਵਿੱਚ ਹੋਈ ਦੇਰੀ ਕਾਰਨ ਕੁੱਟਮਾਰ-ਧੱਕਾ ਮੁੱਕੀ ਕਰਨ ਦੀ ਘਟਨਾ ਸਾਹਮਣੇ ਆਈ। ਸ਼ਹਿਰ ਵਾਸੀਆਂ ਵੱਲੋਂ ਜਾਮ ਲਾਉਣ ਪਿੱਛੋਂ ਵੀ ਪੁਲਸ ਕੇਸ ਦਰਜ ਕਰਨ ਵਿੱਚ ਲੰਬਾ ਸਮਾਂ ਅਨਾਕਾਨੀ ਕਰਦੀ ਰਹੀ ਸੀ। ਸਭਾ ਦੀ ਫ਼ਰੀਦਕੋਟ ਇਕਾਈ ਨੇ ਤੱਥਾਂ ਨੂੰ ਲੋਕਾਂ ਵਿੱਚ ਲਿਆਉਣ ਲਈ ਸ੍ਰੀ ਸਿਵਚਰਨ ਅਰਾਈਆਂਵਾਲਾ (ਪ੍ਰਧਾਨ) ਸ੍ਰੀ. ਰੇਸ਼ਮ ਸਿੰਘ ਬਰਗਾੜੀ (ਸੂਬਾ ਕਮੇਟੀ ਮੈਂਬਰ), ਲੈਕਚਰਾਰ ਸ੍ਰੀ ਹਰਦਾਸ (ਸਕੱਤਰ) ਅਤੇ ਤੇਜਾ ਸਿੰਘ ਸੇਵਾ ਮੁਕਤ ਜੂਨੀਅਰ ਇੰਜੀਨੀਅਰ 'ਤੇ ਆਧਾਰਤ ਕਮੇਟੀ ਦਾ ਗਠਨ ਕਰ ਕੇ ਜਾਂਚ ਪੜਤਾਲ ਕੀਤੀ। ਕਮੇਟੀ ਪੀੜਤ ਪਰਿਵਾਰ, ਬੱਸ ਡਰਾਈਵਰ, ਥਾਣਾ ਇੰਚਾਰਜ ਅਤੇ ਘਟਨਾ ਸਥਾਨ ਦੇ ਆਸਪਾਸ ਲੋਕਾਂ ਨੂੰ ਮਿਲੀ ਅਤੇ ਜਾਣਕਾਰੀ ਇਕੱਤਰ ਕੀਤੀ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ 19 ਮਾਰਚ ਨੂੰ ਦੁਪਹਿਰ 12 ਵਜੇ ਦੇ ਕਰੀਬ ਅਨਮੋਲ ਅਰੋੜਾ (ਲਗਭਗ 20-22 ਸਾਲ) ਵਾਸੀ ਕੋਟਕਪੂਰਾ ਕਾਰ (ਪੀ.ਬੀ.04 ਐਸ 3700) ਵਿੱਚ ਗਾਂਧੀ ਮਾਡਲ ਸਕੂਲ ਵਿੱਚ ਬਤੌਰ ਅਧਿਆਪਕਾ ਕੰਮ ਕਰਦੀ ਆਪਣੀ ਮਾਤਾ ਸ੍ਰੀਮਤੀ ਦੀਪਕਾ ਨੂੰ ਲੈ ਕੇ ਆ ਰਿਹਾ ਸੀ। ਬਰਾੜ ਅੱਖਾਂ ਦੇ ਹਸਪਤਾਲ/ਪੈਟਰੋਲ ਪੰਪ ਕੋਲ ਕਿਸੇ ਐਕਸੀਡੈਂਟ ਕਾਰਨ ਸੜਕ ਦਾ ਕੁੱਝ ਹਿੱਸਾ ਰੁਕਿਆ ਹੋਣ ਕਰ ਕੇ ਵਹੀਕਲਾਂ ਦੀ ਇੱਕ ਹੀ ਲਾਈਨ ਸ਼ਹਿਰ ਵੱਲ ਚੱਲ ਰਹੀ ਸੀ। ਉਸ ਦੀ ਕਾਰ ਪਿੱਛੇ ਨਿਊ ਦੀਪ ਬੱਸ (ਪੀ.ਬੀ.30ਐਫ9578) ਦਾ ਡਰਾਈਵਰ ਅੱਗੇ ਲੰਘਣ ਲਈ ਬਹੁਤ ਤੇਜ਼ ਹਾਰਨ ਮਾਰਦਾ ਉਪਰ ਚੜ੍ਹਦਾ ਆ ਰਿਹਾ ਸੀ। ਅਨਮੋਲ ਅਰੋੜਾ ਨੇ ਅੱਗੇ ਖੁੱਲ੍ਹੀ ਜਗ੍ਹਾ ਆਉਣ 'ਤੇ ਬੱਸ ਨੂੰ ਰਸਤਾ ਦੇ ਦਿੱਤਾ ਤਾਂ ਕੋਲ ਲੰਘ ਰਹੀ ਬੱਸ ਦੇ ਕੰਡਕਟਰ ਨੇ ਗਾਲ੍ਹਾਂ ਕੱਢੀਆਂ। ਕਾਰ ਚਾਲਕ ਨੇ ਕਾਰ ਤੇਜ਼ ਕਰ ਕੇ ਬੱਸ ਦੇ ਅੱਗੇ ਲਾ ਦਿੱਤੀ ਅਤੇ ਗਾਲ੍ਹਾਂ ਕੱਢਣ 'ਤੇ ਇਤਰਾਜ਼ ਕੀਤਾ। ਇੰਨੇ ਵਿੱਚ ਬੱਸ ਡਰਾਈਵਰ (ਸੂਬਾ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਭਾਣਾ, ਉਮਰ 40 ਕੁ ਸਾਲ) ਅਤੇ ਕੰਡਕਟਰ ਅੰਮ੍ਰਿਤਪਾਲ ਸਿੰਘ ਪੁੱਤਰ ਕੁਲਵੰਤ ਸਿੰਘ ਉਮਰ 30-32 ਸਾਲ ਵਾਸੀ ਵਾੜਾ ਦਰਾਕਾ) ਨੇ ਅਨਮੋਲ ਅਰੋੜਾ ਨੂੰ ਕਾਰ ਵਿੱਚ ਹੀ ਕੁੱਟਦਿਆਂ ਹੋਇਆਂ ਬਾਹਰ ਕੱਢ ਲਿਆ। ਉਨ੍ਹਾਂ ਦੀਆ ਹੋਰ ਬੱਸਾਂ ਦਾ ਸਟਾਫ਼ ਅਤੇ ਅੱਡਾ ਸਟਾਫ਼ (ਫ਼ਰੀਦਕੋਟ ਮੁਕਤਸਰ ਚੌਕ ਵਿਚਲਾ ਸਟਾਫ਼) ਵੀ ਇਸ ਮਾਰਕੁਟਾਈ ਕਰਨ ਵਿੱਚ ਰਲ ਗਿਆ। ਇਹਨਾਂ ਕੋਲ ਹਾਕੀਆਂ ਤੇ ਰਾੜਾਂ ਸਨ। ਅਨਮੋਲ ਅਰੋੜਾ ਦੀ ਮਾਂ ਨੇ ਛੁੜਾਉਣ ਦਾ ਯਤਨ ਕੀਤਾ ਤਾਂ ਉਸ ਨੂੰ ਵੀ ਧੱਕਾ ਮੁੱਕੀ ਕੀਤੀ ਗਈ। ਕੁੱਟਮਾਰ ਕਰਨ ਤੋਂ ਬਾਅਦ ਬੱਸਾਂ ਚੱਲ ਪਈਆਂ। ਅਨਮੋਲ ਅਰੋੜਾ ਵੱਲੋਂ ਨੇੜੇ ਹੀ ਚੌਕ ਅਤੇ ਬੱਸ ਅੱਡੇ ਵਿਚਕਾਰ ਆਪਣੇ ਦੁਕਾਨਦਾਰ ਪਿਤਾ (ਅਸ਼ਵਨੀ ਅਰੋੜਾ) ਨੂੰ ਫ਼ੋਨ 'ਤੇ ਸੂਚਿਤ ਕੀਤਾ ਅਤੇ ਉਸਦੇ ਪਿਤਾ ਨੇ ਸ਼ਹਿਰੀਆਂ ਦੀ ਮਦਦ ਨਾਲ ਤੁਰੰਤ ਚੌਕ ਵਿੱਚ ਜਾਮ ਲਾ ਦਿੱਤਾ ਅਤੇ ਬੱਸ ਸਟਾਫ਼ ਉਪਰ ਕੇਸ ਦਰਜ ਕਰਨ ਦੀ ਮੰਗ ਕੀਤੀ। ਪੁਲਸ ਕਾਫ਼ੀ ਦੇਰ ਟਾਲ਼ਾ ਮਾਰਦੀ ਰਹੀ। ਫਿਰ ਕਾਫ਼ੀ ਦੇਰ ਬਾਅਦ ਹੀ ਡਰਾਈਵਰ ਅਤੇ ਕੰਡਕਟਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਐਫ.ਆਈ.ਆਰ.55 ਮਿਤੀ 19-3-2013 ਥਾਣਾ ਕੋਟਕਪੂਰਾ ਅਨੁਸਾਰ 356, 341, 323/41 ਆਈ.ਪੀ.ਸੀ. ਧਾਰਾਵਾਂ ਲਾਈਆਂ ਗਈਆਂ ਹਨ।

ਲੋਕਾਂ ਅਨੁਸਾਰ ਨਿਊ ਦੀਪ ਬੱਸਾਂ ਦੇ ਟਾਈਮ ਇਸ ਤਰਾਂ ਸੈੱਟ ਹਨ ਕਿ ਲਗਭਗ ਚਾਰ-ਪੰਜ ਬੱਸਾਂ ਇਸ ਚੌਕ ਵਿੱਚ ਇਕੱਠੀਆਂ ਹੋ ਜਾਂਦੀਆਂ ਹਨ। ਸ਼ਹਿਰ ਵਿੱਚ ਨਿੱਜੀ ਟਰਾਂਸਪੋਰਟਰਾਂ, ਖ਼ਾਸ ਕਰ ਕੇ ਰਾਜ ਬੱਸ ਸਰਵਿਸ, ਦੀਪ ਬੱਸ ਅਤੇ ਔਰਬਿਟ ਬੱਸ ਵਾਲੇ ਪ੍ਰੈਸ਼ਰ ਹਾਰਨ ਦੀ ਵਰਤੋਂ ਕਰਦੇ ਬਹੁਤ ਹੀ ਤੇਜ਼ ਰਫ਼ਤਾਰ ਨਾਲ ਬੱਸਾਂ ਚਲਾਉਂਦੇ ਹਨ। ਲੋਕਾਂ ਵਿੱਚ ਦਹਿਸ਼ਤ ਹੈ। ਉਹ ਆਪਣੇ ਚੱਲਣ ਵਾਲੇ ਅੱਡਿਆਂ ਉਪਰ ਲੰਬਾ ਸਮਾਂ ਬੱਸਾਂ ਰੋਕ ਕੇ ਦੂਸਰੀਆਂ ਬੱਸਾਂ ਦਾ ਟਾਈਮ ਹਜ਼ਮ ਕਰਦੇ, ਸਵਾਰੀਆਂ ਬੱਸਾਂ ਵਿੱਚ ਤੁੰਨਦੇ ਹਨ ਅਤੇ ਫੇਰ ਅਗਲੇ ਅੱਡੇ ਉਪਰ ਪਹੁੰਚਣ ਲਈ ਅੰਨ੍ਹੀ ਰਫ਼ਤਾਰ ਨਾਲ ਚੱਲਦੇ ਹਨ। ਉਹ ਅਕਸਰ ਹੀ ਅਸ਼ਲੀਲ ਵੀਡੀ ?/ ਗਾਣੇ ਚਲਾਉਂਦੇ ਰਹਿੰਦੇ ਹਨ, ਜੋ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਰਜਿਤ ਹਨ।

ਡਰਾਈਵਰ ਸੂਬਾ ਸਿੰਘ, ਜੋ ਹਸਪਤਾਲ ਵਿੱਚ ਦਾਖ਼ਲ ਸੀ, ਨੇ ਦੱਸਿਆ ਕਿ "ਸ਼ਾਮ ਨੂੰ ਸਵਾ ਸੱਤ ਵਜੇ, ਜਦੋਂ ਮੈਂ ਥਾਣੇ ਚੋਂ ਆਪਣੀ ਜ਼ਮਾਨਤ ਕਰਵਾ ਕੇ ਬਾਹਰ ਆ ਰਿਹਾ ਸੀ, ਤਾਂ ਅਸ਼ਵਨੀ ਅਰੋੜਾ ਨੇ ਮੇਰੇ ਉਪਰ ਖਾਪੇ ਨਾਲ ਹਮਲਾ ਕੀਤਾ ਜਿਸ ਨਾਲ ਮੇਰੀ ਸੱਜੀ ਚੀਚੀ ਉਪਰ ਸੱਟ ਲੱਗੀ।" ਉਸ ਦੀ ਚੀਚੀ ਉਪਰ ਨਾਮਨਿਹਾਦ ਬੱਝੀ ਪੱਟੀ ਟੀਮ ਨੇ ਵੇਖੀ। ਉਸ ਅਨੁਸਾਰ ਅਸੀ ਆਪਣੇ ਟਾਈਮ ਤੋਂ ਲੇਟ ਹੋ ਰਹੇ ਸੀ ਅਤੇ ਕਾਰ ਚਾਲਕ ਸਾਨੂੰ ਰਸਤਾ ਨਹੀਂ ਦੇ ਰਿਹਾ ਸੀ। ਇਸ ਕੰਪਨੀ ਦੇ ਹੋਰ ਡਰਾਈਵਰ ਕੰਡਕਟਰਾਂ ਤੋਂ ਉਨ੍ਹਾਂ ਦੇ ਤਨਖ਼ਾਹ ਭੱਤੇ ਵਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਟਿਕਟ ਬੁਕਿੰਗ ਚੋਂ ਕਮਿਸ਼ਨ ਦਿੱਤਾ ਜਾਂਦਾ ਹੈ। ਕੰਮ ਦੇ ਘੰਟੇ 12-14ਹਨ। ਛੁੱਟੀ ਕਾਰਨ ਬੁਕਿੰਗ ਦਾ ਕਮਿਸ਼ਨ ਨਹੀਂ ਮਿਲਦਾ। ਮੂਲ ਤਨਖ਼ਾਹ ਬਹੁਤ ਹੀ ਘੱਟ ਹੈ। ਇੱਕ ਖ਼ਾਸ ਹੱਦ ਤੋਂ ਲਗਾਤਾਰ ਘੱਟ ਬੁਕਿੰਗ ਕਾਰਨ ਕੰਮ ਤੋਂ ਜਵਾਬ ਮਿਲਣ ਦੀ ਧਮਕੀ ਤਲਵਾਰ ਵਾਂਗ ਲਟਕਦੀ ਰਹਿੰਦੀ ਹੈ।

ਸਿੱਟੇ: 1. ਇਹ ਬੱਸ ਕੰਪਨੀਆਂ ਦੇ ਮਾਲਕ ਸੱਤਾ ਦੇ ਨਸ਼ੇ ਵਿੱਚ ਹਨ ਜਿਸ ਕਰ ਕੇ ਇਹਨਾਂ ਦਾ ਅਮਲਾ ਚਲਾਉਣ ਦੀ ਰਫ਼ਤਾਰ ਅਤੇ ਢੰਗ, ਵਰਜਿਤ ਪ੍ਰੈਸ਼ਰ ਹਾਰਨਾਂ ਅਤੇ ਅਸ਼ਲੀਲ ਫ਼ਿਲਮਾਂ/ਗਾਣਿਆਂ ਸੰਬੰਧੀ ਨਿਯਮਾਂ ਨੂੰ ਟਾਇਰਾਂ ਹੇਠ ਦਰੜ ਰਿਹਾ ਹੈ। ਇਹਨਾਂ ਕੰਪਨੀਆਂ ਨੇ ਵਾਧੂ ਅਮਲਾ ਰੱਖਿਆ ਹੋਇਆ ਹੈ, ਜੋ ਬੱਸ ਅੱਡਿਆਂ ਉਪਰ ਲੋਕਾਂ ਨਾਲ ਬਦਸਲੂਕੀ, ਸਰਕਾਰੀ ਟਰਾਂਸਪੋਰਟਰਾਂ ਅਤੇ ਛੋਟੀਆਂ ਨਿੱਜੀ ਟਰਾਂਸਪੋਰਟਾਂ ਦੇ ਕਾਮਿਆਂ ਨਾਲ ਧੱਕਾ ਕਰਦਾ ਰਹਿੰਦਾ ਹੈ। ਇਹ ਧੱਕੜ ਅਮਲਾ ਉਨ੍ਹਾਂ ਨੂੰ ਸਵਾਰੀ ਚੁੱਕਣ ਤੋਂ ਰੋਕਦਾ ਹੈ ਅਤੇ ਉਨ੍ਹਾਂ ਦੇ ਟਾਈਮ ਨੂੰ ਵੀ ਹਜ਼ਮ ਕਰਦਾ ਹੈ। ਸਿੱਟੇ ਵਜੋਂ ਜਨਤਕ ਟਰਾਂਸਪੋਰਟ ਅਤੇ ਕਈ ਛੋਟੀਆਂ ਟਰਾਂਸਪੋਰਟਾਂ ਬੰਦ ਹੋ ਗਈਆਂ ਹਨ ਜਾਂ ਬੰਦ ਹੋਣ ਦੇ ਕਿਨਾਰੇ ਪਹੁੰਚ ਗਈਆਂ ਹੈ। ਇਹਨਾਂ ਮਾਰਗਾਂ ਉਪਰ ਚੱਲਦੇ ਲੋਕ ਕਾਫ਼ੀ ਦਹਿਸ਼ਤ ਵਿੱਚ ਹਨ। ਆਵਾਜਾਈ ਅਤੇ ਟਰਾਂਸਪੋਰਟ ਦੇ ਨਿਯਮਾਂ ਨੂੰ ਲਾਗੂ ਕਰਨ ਵਿੱਚ ਪ੍ਰਸ਼ਾਸਨ ਇਹਨਾਂ ਟਰਾਂਸਪੋਰਟਰਾਂ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਕਰ ਰਿਹਾ ਹੈ।

2. ਕਮਿਸ਼ਨ ਆਧਾਰਤ ਰੱਖੇ ਕਾਮਿਆਂ ਦਾ ਜੀਵਨ ਬੜਾ ਮਾੜਾ ਹੈ। ਉਹ 12-14ਘੰਟੇ ਕੰਮ ਕਰਦੇ ਜੀਵਨ ਨਿਰਵਾਹ ਲਈ ਤੇਜ਼ ਰਫ਼ਤਾਰ ਨਾਲ ਆਪਣੀ ਅਤੇ ਲੋਕਾਂ ਦੀਆਂ ਜਾਨਾਂ ਦਾ ਖਿਲਵਾੜ ਕਰਨ ਲਈ ਮਜਬੂਰ ਹਨ।

3. ਸੜਕਾਂ ਉਪਰ ਵਧੇ ਹੋਏ ਟਰੈਫ਼ਿਕ ਦੀ ਸਮੱਸਿਆ ਦਾ ਮੂਲ ਕਾਰਨ ਕੌਮੀ ਟਰਾਂਸਪੋਰਟ ਪਾਲਿਸੀ ਹੈ ਜਿਸ ਅਧੀਨ ਬੱਸਾਂ-ਟਰੱਕਾਂ ਅਤੇ ਕਾਰਾਂ (ਆਟੋ ਮੋਬਾਈਲ ਸਨਅਤ) ਅਤੇ ਨਿੱਜੀ ਟਰਾਂਸਪੋਰਟਰਾਂ ਦੇ ਫ਼ਾਇਦੇ ਲਈ ਰੇਲਵੇ ਅਤੇ ਜਨਤਕ ਟਰਾਂਸਪੋਰਟ ਵਧਾਉਣ ਦੀ ਥਾਂ ਜਾਣ ਬੁੱਝ ਕੇ ਅਣਗੌਲਿਆਂ ਕੀਤਾ ਗਿਆ ਹੈ। ਪੰਜਾਬ ਵਿੱਚ ਰੇਲਵੇ ਲਾਈਨਾਂ ਵਿਛਾਉਣ, ਦੂਹਰੀਆਂ ਕਰਨ ਅਤੇ ਨਵੀਆਂ ਮੁਸਾਫ਼ਰ ਗੱਡੀਆਂ ਚਲਾਉਣ ਦਾ ਕੰਮ ਬਿਲਕੁਲ ਹੀ ਨਹੀਂ ਹੋ ਰਿਹਾ। ਦਿਨ ਵੇਲੇ ਮੁਸਾਫ਼ਰ ਗੱਡੀਆਂ ਦਾ ਦੇ ਚੱਲਣ ਦਾ ਸਮਾਂ ਵੀ ਮੁਸਾਫ਼ਰਾਂ ਦੀ ਸਹੂਲਤ ਅਨੁਸਾਰ ਨਹੀਂ ਹੈ। ਰਾਜ ਪੂਰੀ ਸ਼ਕਤੀ ਸੜਕਾਂ ਨੂੰ ਚੌੜਾ ਕਰਨ ਰੇਲਵੇ ਪੁਲ ਬਣਾਉਣ ਉਪਰ ਲੱਗਾ ਰਿਹਾ ਹੈ, ਜਿਸ ਨਾਲ ਪ੍ਰਦੂਸ਼ਣ ਵਧ ਰਿਹਾ ਹੈ ਅਤੇ ਦਰਖਤਾਂ ਦੀ ਕਟਾਈ ਹੋ ਰਹੀ ਹੈ। ਰੋਡ ਟਰਾਂਸਪੋਰਟ ਲੋਕਾਂ ਨੂੰ ਮਹਿੰਗਾ ਵੀ ਪੈ ਰਿਹਾ ਹੈ। ਡੀਜ਼ਲ ਪੈਟਰੋਲ ਦਰਾਮਦ ਕਰਨ ਕਾਰਨ ਬਾਹਰਲੇ ਮੁਲਕਾਂ ਉਪਰ ਨਿਰਭਰਤਾ ਵੀ ਵੱਧ ਰਹੀ ਹੈ।

4. ਲੋਕਾਂ ਨੂੰ ਇਹਨਾਂ ਟਰਾਂਸਪੋਰਟਰਾਂ ਖ਼ਿਲਾਫ਼ ਬੋਲਣ/ਸ਼ਿਕਾਇਤਾਂ ਤੋਂ ਰੋਕਣ ਲਈ ਧਮਕੀਆਂ ਅਤੇ ਪੁਲਸ ਕੇਸਾਂ ਦੀ ਮਦਦ ਵੀ ਲਈ ਜਾਂਦੀ ਹੈ। ਇਸ ਦੀ ਉਦਾਹਰਨ ਕੋਟਕਪੂਰੇ ਵਾਲੀ ਘਟਨਾ ਵਿੱਚ ਸੂਬਾ ਸਿੰਘ ਵੱਲੋਂ ਚੀਚੀ ਉਪਰ ਸੱਟ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਕਹਾਣੀ ਹੈ। ਇਹ ਬਿਲਕੁਲ ਝੂਠੀ ਹੈ। ਕਿਉਂਕਿ ਉਸ ਸਮੇਂ (ਸ਼ਾਮ ਦੇ ਸਵਾ ਸੱਤ ਵਜੇ) ਥਾਣੇ ਦੇ ਆਸ ਪਾਸ ਦੁਕਾਨਾਂ 9 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ। ਸੂਬਾ ਸਿੰਘ ਅਨੁਸਾਰ ਅਸ਼ਵਨੀ ਅਰੋੜਾ ਵੱਲੋਂ ਉਸ ਉਪਰ ਹੋਏ ਹਮਲੇ ਨੂੰ ਕਿਸੇ ਦੁਕਾਨਦਾਰ ਨੇ ਇਸ ਕਰ ਕੇ ਨਹੀਂ ਵੇਖਿਆ ਕਿਉਂਕਿ ਦੁਕਾਨਾਂ ਬੰਦ ਹੋ ਗਈਆਂ ਸਨ। ਚੀਚੀ ਉਪਰ ਸੱਟ ਮਾਰ ਕੇ ਪੱਟੀ ਬੰਨ੍ਹਣ ਮਹਿਜ਼ ਇੱਕ ਡਰਾਮਾ ਹੈ। ਅਸਲ ਵਿੱਚ ਇਹ ਪੀੜਤ ਪਰਿਵਾਰ ਉਪਰ ਸਮਝੌਤੇ ਲਈ ਦਬਾਅ ਪਾਉਣ ਦਾ ਢੰਗ ਹੈ। ਸਮਝੌਤੇ ਲਈ ਪੁਲਸ ਵੀ ਤਫ਼ਤੀਸ਼ ਦੇ ਨਾਮ ਹੇਠ ਇਸ ਨੂੰ ਤਲਵਾਰ ਦੀ ਤਰਾਂ ਲਟਕਾਈ ਰੱਖੇਗੀ।

**ਮੰਗਾਂ ਅਤੇ ਸੁਝਾਅ:**

1.ਪ੍ਰਸ਼ਾਸਨ ਅੰਨ੍ਹੇਵਾਹ ਸੜਕਾਂ ਉਪਰ ਦੌੜ ਰਹੀਆਂ ਬੱਸਾਂ ਅਤੇ ਕਾਰਾਂ ਨੂੰ ਨਿਯਮ

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage consultant
Lic#M08007991

ਬੱਧ ਕਰੇ। ਬੱਸ ਮਾਲਕਾਂ ਸਮੇਤ ਦੋਸ਼ੀਆਂ ਨੂੰ ਸਜ਼ਾਵਾਂ ਯਕੀਨੀ ਬਣਾਈਆਂ ਜਾਣ। ਇਹਨਾਂ ਟਰਾਂਸਪੋਰਟਰਾਂ ਜਾਂ ਇਨ੍ਹਾਂ ਦੇ ਸਟਾਫ਼ ਵੱਲੋਂ ਮੋੜਵੇਂ ਮੁਕੱਦਮੇ ਦਰਜ ਕਰਨ ਵਰਗੀਆਂ ਲੋਕਾਂ ਉਪਰ ਦਬਾਅ ਪਾਉਣ ਵਾਲੀਆਂ ਚਾਲਾਂ ਨੂੰ ਰੱਦ ਕੀਤਾ ਜਾਵੇ।

2. ਲੋਕਾਂ ਦੀ ਚੇਤਨਤਾ ਅਤੇ ਜਥੇਬੰਦਕ ਤਾਕਤ ਹੀ ਪ੍ਰਸ਼ਾਸਨ ਨੂੰ ਲੋਕਾਂ ਦੀਆਂ ਜ਼ਿੰਦਗੀਆਂ ਦਾ ਖੌ ਬਣ ਰਹੇ ਅਜਿਹੇ ਟਰਾਂਸਪੋਰਟਰਾਂ ਉਪਰ ਕਾਰਵਾਈ ਲਈ ਮਜਬੂਰ ਕਰ ਸਕਦੀ ਹੈ। ਕਿਉਂਕਿ ਸਤਾ ਦਾ ਨਸ਼ਾ ਮਾਣ ਰਹੇ ਜ਼ੋਰਾਵਰਾਂ ਨੂੰ ਠੱਲ੍ਹ ਲੋਕ ਤਾਕਤ ਹੀ ਪਾ ਸਕਦੀ ਹੈ ਅਤੇ ਆਪਣੀ ਸੁਰੱਖਿਆ ਯਕੀਨੀ ਬਣਾ ਸਕਦੀ ਹੈ। ਫ਼ਰੀਦਕੋਟ ਅਤੇ ਬਰਨਾਲਾ ਦੇ ਲੋਕਾਂ ਕੋਲ ਮਹਿਲ ਕਲਾਂ ਘੋਲ ਅਤੇ ਸ਼ਰੂਤੀ ਘੋਲ ਵਰਗੀਆਂ ਅਜਿਹੀਆਂ ਉਦਾਹਰਨਾਂ ਮੌਜੂਦ ਹਨ।

3. ਸੜਕਾਂ ਉਪਰ ਵੱਧ ਰਹੀ ਟਰੈਫ਼ਿਕ ਸਮੱਸਿਆ ਦਾ ਹੱਲ ਚੌੜੀਆਂ ਸੜਕਾਂ ਨਹੀਂ ਸਗੋਂ ਰੇਲਵੇ ਅਤੇ ਜਨਤਕ ਟਰਾਂਸਪੋਰਟ ਦਾ ਵਿਸਥਾਰ ਹੈ। ਇਸ ਕਰ ਕੇ ਰਾਜ ਰੇਲਵੇ ਨੂੰ ਪਹਿਲ ਦੇ ਆਧਾਰ ਤੇ ਵਿਕਸਤ ਕਰੇ।

4. ਬੱਸਾਂ ਨੂੰ ਚਲਾ ਰਹੇ ਸਟਾਫ਼ ਨੂੰ ਰਾਹਤ ਦੀ ਲੋੜ ਹੈ। ਉਨ੍ਹਾਂ ਦੇ ਕੰਮ ਦੇ ਘੰਟਿਆਂ ਨੂੰ ਘਟਾ ਕੇ ਉਚਿੱਤਭੱਤੇ ਦਿੱਤੇ ਜਾਣ, ਵੱਧ ਕਮਿਸ਼ਨ ਰਾਹੀ ਆਪਣੀ ਰੋਟੀ ਰੋਜ਼ੀ ਕਮਾਉਣ ਦੀ ਤਲਵਾਰ ਸਮਾਜ ਅਤੇ ਇਨ੍ਹਾਂ ਕਾਮਿਆਂ ਲਈ ਨੁਕਸਾਨ ਦੇਹ ਹੈ। ਇਸ ਦੀ ਥਾਂ ਨਿਯਮਿਤ ਭੱਤੇ ਦਿੱਤੇ ਜਾਣ।

**ਮੌਤਾਂ ਵੰਡ ਰਹੀ ਸੱਤਾਧਾਰੀ-ਉੱਚ ਘਰਾਣੇ ਦੀ ਟਰਾਂਸਪਰੋਰਟ**

ਬਾਦਲ ਪਰਿਵਾਰ ਦੀਆਂ ਡੱਬਵਾਲੀ ਟਰਾਂਸਪੋਰਟ, ਤਾਜ ਟਰਾਂਸਪੋਰਟ ਅਤੇ ਔਰਬਿਟ ਬੱਸ ਸਰਵਿਸ ਦਾ ਬਠਿੰਡਾ-ਪਟਿਆਲਾ-ਚੰਡੀਗੜ੍ਹ, ਬਠਿੰਡਾ-ਲੁਧਿਆਣਾ-ਜਲੰਧਰ ਹਸ਼ਿਆਰਪੁਰ ਰੂਟ 'ਤੇ ਵੀ ਬੇਹੱਦ ਬੋਲਬਾਲਾ ਹੈ। ਸਭਾ ਦੀ ਬਰਨਾਲਾ ਇਕਾਈ ਦੇ ਧਿਆਨ ਵਿੱਚ ਬਰਨਾਲਾ ਜ਼ਿਲ੍ਹੇ ਵਿੱਚ ਹੀ ਪਿਛਲੇ ਦੋ ਸਾਲਾਂ ਵਿੱਚ ਇਹਨਾਂ ਟਰਾਂਸਪੋਰਟਾਂ ਵੱਲੋਂ ਕੀਤੇ ਐਕਸੀਡੈਂਟ ਵਿੱਚ ਹੋਈਆਂ ਮੌਤਾਂ ਵੀ ਧਿਆਨ ਵਿੱਚ ਆਈਆਂ। ਪਿੰਡ ਸੰਘੇੜਾ ਵਿਖੇ ਦੋ ਸਾਲ ਪਹਿਲਾਂ ਔਰਬਿਟ ਬੱਸ ਨੇ ਲੱਕੀ ਪੁੱਤਰ ਜੱਗਾ ਸਿੰਘ (26ਸਾਲ) ਨੂੰ ਬੱਸ ਹੇਠ ਕੁਚਲ ਦਿੱਤਾ। ਇਸੇ ਕੰਪਨੀ ਦੀ ਬੱਸ ਨੇ ਤਰਕਸ਼ੀਲ ਚੌਂਕ ਵਿੱਚ ਪਿਛਲੇ ਅਰਸੇ ਵਿੱਚ ਇੱਕ ਸਕੂਲੀ ਬੱਚੇ ਨੂੰ ਮਾਰ ਦਿੱਤਾ ਸੀ। ਔਰਬਿਟ ਬੱਸ ਨੇ ਪਿਛਲੇ ਸਾਲ ਅਤੇ ਇਸ ਸਾਲ ਵੀ ਫ਼ਰਵਰੀ ਮਹੀਨੇ ਵਿੱਚ ਬਠਿੰਡਾ ਸੰਗਰੂਰ ਰੋਡ ਉਪਰ ਪਿੰਡ ਹਰੀਗੜ੍ਹ ਕੋਲ ਦੋ ਜਾਨ ਲੇਵਾ ਐਕਸੀਡੈਂਟ ਕੀਤੇ। ਕੋਟਕਪੂਰਾ ਸ਼ਹਿਰ ਵਿੱਚ ਨਿਊ ਦੀਪ ਬੱਸ ਸਰਵਿਸ ਦੀ ਬੱਸ ਵੱਲੋਂ ਕਾਰ ਸਵਾਰ ਮਾਂ-ਪੁੱਤਾਂ ਵੱਲੋਂ ਬੱਸ ਨੂੰ ਰਸਤਾ ਦੇਣ ਵਿੱਚ ਹੋਈ ਦੇਰੀ ਕਾਰਨ ਕੁੱਟਮਾਰ-ਧੱਕਾ ਮੁੱਕੀ ਕਰਨ ਦੀ ਘਟਨਾ ਸਾਹਮਣੇ ਆਈ। ਫ਼ਰਵਰੀ ਮਹੀਨੇ ਔਰਬਿਟ ਟਰਾਂਸਪੋਰਟ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਹਰੀਗੜ੍ਹ ਕੋਲ ਬਠਿੰਡਾ-ਸੰਗਰੂਰ ਮਾਰਗ ਤੇ ਦੋ ਮੋਟਰਸਾਈਕਲ ਸਵਾਰਾਂ ਅਤੇ 30 ਮਾਰਚ 2014ਨੂੰ ਤਪੇ ਸ਼ਹਿਰ ਦੇ ਬਾਹਰਲੇ ਅੱਡੇ ਕੋਲ ਇੱਕ ਸਕੂਟਰ ਸਵਾਰ ਨੂੰ ਦਰੜਨ ਦੀ ਘਟਨਾ ਸਾਹਮਣੇ ਆਈ। ਜਮਹੂਰੀ ਅਧਿਕਾਰ ਸਭਾ ਪੰਜਾਬ ਬਰਨਾਲਾ ਇਕਾਈ ਨੇ ਇਹਨਾਂ ਘਟਨਾਵਾਂ ਦੇ ਕਾਰਨਾਂ ਨੂੰ ਜਾਣਨ ਅਤੇ ਲੋਕਾਂ ਸਾਹਮਣੇ ਰੱਖਣ ਲਈ ਸ੍ਰੀ ਗੁਰਮੇਲ ਸਿੰਘ ਠੁੱਲੀਵਾਲ (ਪ੍ਰਧਾਨ), ਸ੍ਰੀ ਪ੍ਰੇਮ ਕੁਮਾਰ (ਸਾਬਕਾ ਸਹਾਇਕ ਸਕੱਤਰ), ਸ੍ਰੀ ਜਗਜੀਤ ਸਿੰਘ, ਸ੍ਰੀ ਪਿਆਰਾ ਪੱਤੀ, ਡਾ. ਸਾਹਿਬ ਸਿੰਘ ਬਡਬਰ ਅਤੇ ਸ੍ਰੀ ਬਲਵੰਤ ਸਿੰਘ ਮਹਿਰਾਜ (ਕਨਵੀਨਰ ਰਾਮਪੁਰਾ ਇਕਾਈ) ਆਧਾਰਤ ਕਮੇਟੀ ਬਣਾਈ। ਕਮੇਟੀ ਨੇ ਪਿੰਡ ਹਰੀ ਗੜ੍ਹ ਅਤੇ ਤਪਾ ਸ਼ਹਿਰ ਦੇ ਲੋਕਾਂ, ਪੀੜਤ ਪਰਿਵਾਰਾਂ ਅਤੇ ਧਨੌਲਾ ਅਤੇ ਤਪਾ ਥਾਣਿਆਂ ਤੋਂ ਜਾਣਕਾਰੀ ਇਕੱਤਰ ਕੀਤੀ।

ਮਿਤੀ 30-03-201, ਸ਼ਾਮ ਨੂੰ ਤਕਰੀਬਨ ਸਾਢੇ ਪੰਜ ਵਜੇ, ਬਠਿੰਡਾ-ਬਰਨਾਲਾ ਮੁੱਖ ਮਾਰਗ 'ਤੇ ਤਪਾ ਮੰਡੀ ਦੇ ਬਾਹਰਲੇ ਬੱਸ ਸਟੈਂਡ (ਤਾਜੋ ਕੇ ਕੈਂਚੀਆਂ) ਤੋਂ ਤਕਰੀਬਨ 200 ਫੁੱਟ ਰਾਮਪੁਰਾ ਵੱਲ ਇੰਡੀਅਨ ਆਇਲ ਪਟਰੋਲ ਪੰਪ ਦਾ ਮਾਲਕ ਰਮੇਸ਼ ਕੁਮਾਰ ਪੁੱਤਰ ਬਾਬੂ ਰਾਮ (59 ਸਾਲ)ਆਪਣੇ ਘਰ ਜਾਣ ਲਈ ਸਕੂਟਰ ਨੰਬਰ ਪੀ.ਬੀ. 13ਜੇ.-6855 'ਤੇ ਸਵਾਰ ਹੋ ਕੇ ਮੁੱਖ ਸੜਕ 'ਤੇ ਚੜ੍ਹ ਹੀ ਰਿਹਾ ਸੀ ਕਿ ਪਿੱਛੋਂ ਆਉਂਦੀ ਤੇਜ਼ ਰਫ਼ਤਾਰ ਔਰਬਿਟ ਬੱਸ ਨੂੰ ਪੀ.ਬੀ.10ਡਬਲਿਊ-7257 ਨੇ ਇੱਕ ਹੋਰ ਵਾਹਨ ਨੂੰ ਓਵਰਟੇਕ ਕਰਦੇ ਸਮੇਂ ਸਕੂਟਰ ਸਵਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਸਕੂਟਰ ਸਵਾਰ ਨੂੰ ਬੱਸ ਘਸੀਟਦੀ ਹੋਈ 50-60 ਫ਼ੁੱਟ ਤੱਕ ਲੈ ਗਈ। ਪਿੱਛੋਂ ਵੱਜੀ ਜ਼ਬਰਦਸਤ ਟੱਕਰ ਕਾਰਨ ਉਸ ਨੂੰ ਗੰ9ੀਰ ਫੱਟੜ ਹਾਲਤ ਵਿੱਚ ਸੜਕ ਤੋਂ 50-60ਫੁੱਟ ਦੀ ਦੂਰੀ ਤੇ ਵਗਾਹ ਮਾਰਿਆ ਜਦੋਂ ਕਿ ਉਸ ਦਾ ਸਕੂਟਰ ਬੱਸ ਮੂਹਰੇ ਫਸਿਆ ਰਿਹਾ ਅਤੇ ਬੱਸ ਥੋੜ੍ਹਾ ਹੋਰ ਅੱਗੇ ਜਾ ਕੇ ਰੁਕੀ। ਬੱਸ ਰੁਕਣ 'ਤੇ ਡਰਾਈਵਰ ਸਾਬਰ ਖਾਂ ਵਾਸੀ ਕਾਂਗੜ ਜ਼ਿਲ੍ਹਾ ਬਠਿੰਡਾ ਮੌਕੇ ਤੋਂ ਦੌੜ ਗਿਆ। ਤੁਰੰਤ ਇਕੱਠੇ ਹੋਏ ਲੋਕਾਂ ਨੇ ਰਮੇਸ ਕੁਮਾਰ ਨੂੰ ਮਿੰਨੀ ਸਹਾਰਾ ਦੀ ਐਂਬੂਲੈਂਸ ਵਿੱਚ ਪਾ ਕੇ ਸਿਵਲ ਹਸਪਤਾਲ ਤਪਾ ਪਹੁੰਚਦਾ ਕੀਤਾ, ਪਰ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਚੁੱਕੀ ਸੀ। ਘਟਨਾ ਸਥਾਨ 'ਤੇ ਹਾਜ਼ਰ ਲੋਕਾਂ ਨੇ ਔਰਬਿਟ ਬੱਸਾਂ ਦੀ ਅੰਨ੍ਹੇਵਾਹ ਤੇਜ਼ ਰਫ਼ਤਾਰੀ ਅਤੇ ਸੱਤਾ ਦੀ ਸ਼ਹਿ 'ਤੇ ਸੜਕੀ ਨਿਯਮਾਂ ਦੀ ਬੇਪਰਵਾਹੀ ਨੂੰ ਲੈ ਕੇ ਬਾਦਲ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕੁੱਝ ਮਿੰਟਾਂ ਵਿੱਚ ਹੀਭੱਾਰੀ ਗਿਣਤੀ ਵਿੱਚ ਪੁਲੀਸ ਘਟਨਾ ਸਥਾਨ 'ਤੇ ਪਹੁੰਚ ਗਈ ਅਤੇ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਉਥੋਂ ਲੈ ਗਈ। ਰੋਸ ਵਜੋਂ ਲੋਕਾਂ ਨੇ ਇੱਕ ਦਿਨ ਸ਼ਹਿਰ ਬੰਦ ਰੱਖਣ ਦਾ ਸੱਦਾ ਦੇ ਦਿੱਤਾ। ਇਸੇ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇੱਥੇ ਕੀਤੀ ਜਾਣ ਵਾਲੀ ਚੋਣ ਰੈਲੀ ਰੱਦ ਕਰਨੀ ਪਈ।

ਐੱਸ.ਐਚ.ਓ. ਤਪਾ ਨੇ ਦੱਸਿਆ ਕਿ ਐੱਫ.ਆਈ.ਆਰ. ਨੂੰ 26 ਮਿਤੀ 30.03-14ਦਰਜ ਕੀਤੀ ਗਈ ਹੈ ਅਤੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਲੋਕਾਂ ਵਿੱਚ ਪ੍ਰਾਈਵੇਟ ਬੱਸਾਂ ਵਾਲਿਆਂ ਵੱਲੋਂ ਮੁਨਾਫ਼ੇ ਦੀ ਹੋੜ ਵਿੱਚ ਨਿਯਮਾਂ ਦੀ ਉਲੰਘਣਾ 'ਤੇ ਘਾਤਕ ਤੇਜ਼ ਰਫ਼ਤਾਰੀ ਕਾਰਨ ਨਿੱਤ ਵਾਪਰਦੇ ਸੜਕੀ ਹਾਦਸਿਆਂ ਪ੍ਰਤੀ ਅਤੇ ਸਰਕਾਰ ਵੱਲੋਂ ਨਿਯਮਾਂ ਦੀ ਪਾਲਣਾ ਕਰਾਉਣ ਸੰਬੰਧੀ ਸੁਹਿਰਦ ਨਾਂ ਹੋਣ ਪ੍ਰਤੀ ਰੋਸ ਹੈ। ਕਮੇਟੀ ਦੁਆਰਾ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮਿਤੀ 13 ਫ਼ਰਵਰੀ 2013 ਨੂੰ ਦੁਪਹਿਰੇ ਪੌਣੇ ਦੋ ਵਜੇ ਦੇ ਲਗਭਗ ਸੰਗਰੂਰ ਤੋਂ ਬਠਿੰਡਾ ਜਾ ਰਹੀ ਔਰਬਿਟ ਬੱਸ ਪੀ.ਬੀ. 03-3835 ਨੇ ਆਪਣੀ ਸਾਈਡ 'ਤੇ ਧਨੌਲੇ ਵੱਲੋਂ ਆ ਰਹੀ ਸਕਾਰਪੀਓ (ਐਚ.ਆਰ. 29ਟੀ. 2456) ਵਿੱਚ ਰਾਜਵਾੜਾ ਢਾਬੇ ਕੋਲ ਬਿਲਕੁਲ ਸਿੱਧੀ ਟੱਕਰ ਮਾਰੀ। ਸਕਾਰਪੀਓ ਦੇ ਡਰਾਈਵਰ ਬਲਵਿੰਦਰ ਸਿੰਘ ਫ਼ੌਜੀ ਵਾਸੀ ਹਰੀ ਗੜ੍ਹ ਦੀ ਮੌਕੇ ਉਪਰ ਮੌਤ ਹੋ ਗਈ ਅਤੇ ਉਸ ਦਾ ਸਾਥੀ ਜਸਵਿੰਦਰ (ਕੈਨੇਡਾ ਵਾਸੀ) ਗੰਭੀਰ ਰੂਪ ਵਿੱਚ ਜ਼ਖਮੀ ਹੋਣ ਕਾਰਨ 6 ਮਹੀਨੇ ਜ਼ੇਰੇ ਇਲਾਜ ਰਿਹਾ। ਤਰਾਸਦੀ ਇਹ ਹੈ ਕਿ ਮੌਕੇ 'ਤੇ ਬਰਨਾਲਾ ਤੋਂ ਪੁੱਜਿਆ ਪ੍ਰਸ਼ਾਸਨ ਬੱਸ ਨੂੰ ਸਿੱਧੀ ਕਰਨ ਲੱਗ ਪਿਆ ਅਤੇ ਜ਼ਖਮੀਆਂ ਦੀ ਸਾਰ ਨਹੀਂ ਲਈ। ਪ੍ਰਸ਼ਾਸਨ ਅਨੁਸਾਰ ਬੱਸ ਦਾ ਟਾਈਮ ਮਾਰਿਆ ਜਾਵੇਗਾ। ਇਸ ਕਾਰਨ ਲੋਕਾਂ ਵਿੱਚ ਕਾਫ਼ੀ ਰੋਹਭੱਰਿਆ ਗਿਆ।

ਮਿਤੀ 16 ਫਰਵਰੀ 2014 ਨੂੰ ਇਸੇ ਕੰਪਨੀ ਦੀ ਬੱਸ (ਪੀ.ਬੀ.-03ਐਕਸ.-0635), ਜੋ ਗੰਗਾਨਗਰ ਤੋਂ ਪਟਿਆਲਾ ਜਾ ਰਹੀ ਸੀ, ਨੇ ਸਵੇਰੇ ਸਾਢੇ ਗਿਆਰਾਂ ਵਜੇ ਦੇ




ਕਰੀਬ ਹਰੀ ਗੜ੍ਹ ਪਿੰਡ ਦੀ ਡਰੇਨ ਲੰਘ ਕੇ ਅੱਗੇ ਜਾ ਰਹੇ ਇੱਕ ਮੋਟਰ ਸਾਈਕਲ ਦੇ ਪਿੱਛੋਂ ਫੇਟ ਮਾਰੀ। ਜਿਸ ਕਰਕੇ ਮੋਟਰਸਾਈਕਲ ਚਾਲਕ ਗੁਰਲਾਭ ਸਿੰਘ (ਅੰਮ੍ਰਿਤਧਾਰੀ) ਦੀ ਪਤਨੀ ਗੁਰਦੀਪ ਕੌਰ ਦਾ ਸਿਰ ਬੱਸ ਦੇ ਟਾਇਰ ਹੇਠ ਆਉਣ ਕਾਰਨ ਫੇਹਿਆ ਗਿਆ ਅਤੇ ਗੁਰਲਾਭ ਸਿੰਘ ਦੇ ਸੱਟਾਂ ਲੱਗੀਆਂ। ਬੱਸ ਡਰਾਈਵਰ ਨੇ ਸਵਾਰੀਆਂ ਦੇ ਰੌਲਾ ਪਾਉਣ ਪਿੱਛੋਂ ਹੀ ਬੱਸ ਰੋਕੀ ਅਤੇ ਡਰਾਈਵਰ-ਕੰਡਕਟਰ ਕਿਸੇ ਕਾਰ ਵਿੱਚ ਸਵਾਰ ਹੋ ਕੇ ਮੌਕੇ ਤੋਂ ਫ਼ਰਾਰ ਹੋ ਗਏ। ਥਾਣਾ ਧਨੌਲੇ ਤੋਂ ਆਇਆ ਸੈੱਟ.ਐਚ.ਓ. ਮ੍ਰਿਤਕ ਅਤੇ ਜ਼ਖਮੀ ਵੱਲ ਧਿਆਨ ਦੇਣ ਦੀ ਥਾਂ ਬੱਸ ਦੀ ਹਿਫ਼ਾਜ਼ਤ ਦਾ ਪੈਂਤੜਾ ਲੈਣ ਲੱਗ ਪਿਆ, ਜਿਸ ਕਰਕੇ ਗ਼ੁੱਸੇ ਨਾਲਭੱਰੇ ਪਏ ਲੋਕਾਂ ਨੇ ਬੱਸ ਨੂੰ ਅੱਗ ਲਾ ਦਿੱਤੀ।ਭਾਵੇਂ ਪੁਲਸ ਨੇ ਬੱਸ ਚਾਲਕ ਖ਼ਿਲਾਫ਼ ਐਫ.ਆਈ.ਆਰ. ਨੰਬਰ 11-2014 ਥਾਣਾ ਧਨੌਲਾ ਦਰਜ ਕਰ ਦਿੱਤੀ ਹੈ। ਪਰ ਦੁਰਘਟਨਾਵਾਂ ਦੇ ਵਰਤਾਰੇ ਨੂੰ ਰੋਕਣ ਦੀ ਥਾਂ ਲੋਕਾਂ ਨੂੰ ਡਰਾਉਣ ਲਈ ਟਰਾਂਸਪੋਰਟਰਾਂ ਖ਼ਿਲਾਫ਼ ਬੋਲਣ ਵਾਲੇ ਲੋਕਾਂ ਉਪਰ ਬੱਸ

ਸਾੜਨ ਦਾ ਕੇਸ ਦਰਜ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਬੱਸਾਂ ਉਸੇ ਤਰ੍ਹਾਂ ਅੰਨ੍ਹੀ ਰਫ਼ਤਾਰ ਨਾਲ ਚੱਲ ਰਹੀਆਂ ਹਨ।

**ਹਾਦਸੇ ਵਾਪਰਨ ਦੇ ਕਾਰਨ:** ਸਭਾ ਸਮਝਦੀ ਹੈ ਕਿ ਨਿੱਜੀ ਖੇਤਰ ਦੀ ਟਰਾਂਸਪੋਰਟ ਦੇ ਵੱਡੇ ਹਿੱਸੇ ਉਪਰ ਪੰਜਾਬ ਦੀ ਸੱਤਾ 'ਤੇ ਕਾਬਜ਼ ਘਰਾਣੇ ਦੀ ਮਾਲਕੀ ਹੈ, ਜੋ ਟਰੈਫ਼ਿਕ ਨਿਯਮਾਂ ਦੀ ਅਣਦੇਖੀ ਕਰਨ ਦਾ ਇੱਕ ਵੱਡਾ ਕਾਰਨ ਹੈ। ਡਰਾਈਵਰ ਵੱਲੋਂ ਗੱਡੀ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਜਾਂ ਮਿਊਜ਼ਿਕ ਸਿਸਟਮ 'ਤੇ ਗਾਣੇ ਤਬਦੀਲ ਕਰਨ ਅਤੇ ਘਾਤਕ ਤੇਜ਼ ਰਫ਼ਤਾਰੀ, ਨਸ਼ਿਆਂ ਦੀ ਵਰਤੋਂ ਆਦਿ ਜਿਹੀਆਂ ਜਾਨਲੇਵਾ ਕੁਤਾਹੀਆਂ ਨੂੰ ਵੀ ਟਰੈਫ਼ਿਕ ਵਾਲੇ ਨਜ਼ਰਅੰਦਾਜ਼ ਕਰ ਦਿੰਦੇ ਹਨ।

ਪਿਛਲੇ ਸਮੇਂ ਤੋਂ ਸਰਕਾਰੀ ਟਰਾਂਸਪੋਰਟ (ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼) ਦੀ ਥਾਂ, ਨਿੱਜੀ ਮੁਨਾਫ਼ੇ ਦੀ ਹੋੜ 'ਚ ਸਰਕਾਰ, ਉਤੇ ਅਫ਼ਸਰਸ਼ਾਹੀ ਤੇ ਨਿੱਜੀ ਟਰਾਂਸਪੋਰਟਰਾਂ ਦੀ ਮਿਲੀ ਭੁਗਤ ਨਾਲ ਇਸ ਖੇਤਰ ਨੂੰ ਵੱਡੀ ਪੱਧਰ 'ਤੇ ਨਿੱਜੀ ਹੱਥਾਂ ਵਿੱਚ ਸੌਂਪ ਦਿੱਤਾ ਗਿਆ ਹੈ। ਪੁਰਾਣੀ ਟਰਾਂਸਪੋਰਟ ਨੀਤੀ ਅਨੁਸਾਰ ਪੰਜਾਬ ਦੀ ਬੱਸ ਟਰਾਂਸਪੋਰਟ 60% ਸਰਕਾਰੀ ਖੇਤਰ ਅਤੇ 40% ਪ੍ਰਾਈਵੇਟ ਖੇਤਰ ਕੋਲ ਸੀ, ਜਿਸ ਮੁਤਾਬਿਕ ਪੀ.ਆਰ.ਟੀ.ਸੀ ਕੋਲ 1770 ਬੱਸਾਂ ਅਤੇ ਪੰਜਾਬ ਰੋਡਵੇਜ਼ ਕੋਲ 3770 ਬੱਸਾਂ ਦੀ ਫਲੀਟ ਸੀ। ਮੌਜੂਦਾ ਟਰਾਂਸਪੋਰਟ ਨੀਤੀ ਅਨੁਸਾਰ ਸਰਕਾਰੀ ਖੇਤਰ ਦਾ ਹਿੱਸਾ ਸਿਰਫ਼ 38% ਰਹਿ ਗਿਆ ਹੈ ਅਤੇ ਬਾਕੀ 62% 'ਤੇ ਪ੍ਰਾਈਵੇਟ ਖੇਤਰ ਨੇ ਕਬਜ਼ਾ ਜਮਾ ਲਿਆ ਹੈ। ਪੀ.ਆਰ.ਟੀ.ਸੀ. ਕੋਲ ਸਿਰਫ਼ 876 ਅਤੇ ਪੰਜਾਬ ਰੋਡਵੇਜ ਕੋਲ 1569 ਬੱਸਾਂ ਦੀ ਫਲੀਟ ਰਹਿ ਗਈ ਹੈ।

ਜਨਤਕ ਖੇਤਰ ਦੀ ਟਰਾਂਸਪੋਰਟ ਦਾ ਮਕਸਦ ਲੋਕਾਂ ਨੂੰ ਆਵਾਜਾਈ ਦੇ ਸਾਧਨ ਮੁਹੱਈਆ ਕਰਵਾਉਣਾ ਹੁੰਦਾ ਹੈ, ਜਦ ਕਿ ਨਿੱਜੀ ਮਾਲਕੀ ਵਾਲੀ ਟਰਾਂਸਪੋਰਟ ਦਾ ਮੰਤਵ ਸਿਰਫ਼ ਮੁਨਾਫ਼ਾ ਕਮਾਉਣਾ ਹੁੰਦਾ ਹੈ। ਇਸ ਮੁਨਾਫ਼ਾ ਕਮਾਉਣ ਦੀ ਹੋੜ ਵਿੱਚ ਉਹ ਹਰ ਹੀਲਾ (ਬੱਸਾਂ ਨੂੰ ਠੇਕੇ 'ਤੇ ਦੇ ਕੇ, ਡਰਾਈਵਰਾਂ ਕੰਡਕਟਰਾਂ ਤੋਂ ਵੱਧ ਸਮਾਂ ਕੰਮ ਲੈਣ, ਟਰੈਫ਼ਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਲਈ ਮਜਬੂਰ ਕਰਨਾ ਆਦਿ) ਵਰਤਦੇ ਹਨ।

ਪ੍ਰਸ਼ਾਸਨ ਵੱਲੋਂ ਆਵਾਜਾਈ ਦੇ ਵਾਧੇ ਮੁਤਾਬਿਕ ਸੜਕਾਂ ਉਪਰ ਜਨ ਸਧਾਰਨ ਪੈਦਲ, ਸਾਈਕਲ ਜਾ ਦੋਪਹੀਆ ਵਾਹਨਾਂ ਦੇ ਸੁਰੱਖਿਅਤ ਚੱਲਣ ਦੇ ਪ੍ਰਬੰਧ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।

ਹਾਕਮਾਂ ਵੱਲੋਂ ਪ੍ਰਫੁਲਿਤ ਕੀਤਾ ਜਾ ਰਿਹਾ ਨਸ਼ਿਆਂ ਦਾ ਸਭਿਆਚਾਰ ਵੀ ਸੜਕੀ ਹਾਦਸਿਆਂ ਦਾ ਇੱਕ ਹੋਰ ਪ੍ਰਮੁੱਖ ਕਾਰਨ ਹੈ। ਹੁਣੇ ਜਿਹੇ ਹੀ ਪੰਜਾਬ ਸਰਕਾਰ ਨੇ 500 ਕਰੋੜ ਰੁਪਏ ਦੀਆਂ ਛੋਟਾਂ ਸ਼ਰਾਬ ਸਨਅਤ ਨੂੰ ਦਿੱਤੀਆਂ ਹਨ ਜਿਸ ਤੋਂ ਸਰਕਾਰ ਦੀਆਂ ਤਰਜੀਹ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਵੱਧ ਰਹੀ ਰੋਡ ਟਰੈਫ਼ਿਕ ਦਾ ਕਾਰਨ ਰੇਲਵੇ ਦੇ ਵਿਸਥਾਰ ਨੂੰ ਅਣਗੌਲਿਆਂ ਕਰਨਾ ਵੀ ਹੈ।

**ਮੰਗਾਂ ਅਤੇ ਸੁਝਾਅ**

1. ਪ੍ਰਸ਼ਾਸਨ ਅੰਨ੍ਹੇਵਾਹ ਸੜਕਾਂ ਉਪਰ ਦੌੜ ਰਹੀਆਂ ਬੱਸਾਂ ਅਤੇ ਕਾਰਾਂ ਨੂੰ ਨਿਯਮ ਬੱਧ ਕਰੇ। ਟਰੈਫਿਕ ਨਿਯਮ ਲਾਗੂ ਨਾ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਜੁਆਬ ਦੇਹ ਬਣਾਇਆ ਜਾਵੇ।

2. ਦੁਰਘਟਨਾਵਾਂ ਦਾ ਜ਼ੁੰਮੇਵਾਰ ਸਿਰਫ਼ ਡਰਾਈਵਰਾਂ ਨੂੰ ਟਿੱਕਣ ਦੀ ਵਜਾਏ ਟਰਾਂਸਪੋਰਟ ਮਾਲਕਾਂ ਦੀ ਜ਼ੁੰਮੇਵਾਰੀ ਵੀ ਤਹਿ ਕੀਤੀ ਜਾਵੇ ਅਤੇ ਸੰਬੰਧਿਤ ਬੱਸ ਦਾ ਪਰਮਿਟ ਇੱਕ ਸਾਲ ਲਈ ਮੁਅੱਤਲ ਕੀਤਾ ਜਾਵੇ।

3. ਬੱਸਾਂ ਚਲਾ ਰਹੇ ਸਟਾਫ਼ ਦੀਆਂ ਕੰਮਕਾਜੀ ਹਾਲਤਾਂ ਨੂੰ ਸੁਧਾਰਨ ਦੀ ਲੋੜ ਹੈ। ਉਨਾਂ ਦੇ ਕੰਮ ਦੇ ਘੰਟਿਆਂ ਨੂੰ ਘਟਾ ਕੇ ਉਚਿੱਤਭੱਤੇ ਅਤੇ ਪੱਕਾ ਰੁਜ਼ਗਾਰ ਦਿੱਤਾ ਜਾਵੇ। ਸੇਫ਼ ਡਰਾਈਵਿੰਗ ਦੀ ਟਰੇਨਿੰਗ ਨਿਯਮਤ ਤੇ ਯਕੀਨੀ ਬਣਾਈ ਜਾਵੇ ।

4. ਟਰੈਫ਼ਿਕ ਨਿਯਮਾਂ ਨੂੰ ਬਿਹਤਰ ਬਣਾਵੇ ਅਤੇ ਉਨ੍ਹਾਂ ਦਾ ਲਾਗੂ ਹੋਣਾ ਯਕੀਨੀ ਬਣਾਵੇ । ਇਸ ਲਈ ਇੱਕ ਉਚ ਪੱਧਰੀ ਮਾਹਿਰਾਂ ਦਾ ਕਮਿਸ਼ਨ ਬਣਾਇਆ ਜਾਵੇ। ਜਿਸ ਦੀ ਰਿਪੋਰਟ ਸਮਾਂਬੱਧ ਕਰ ਕੇ ਜਨਤਕ ਕੀਤੀ ਜਾਵੇ।

5. ਪੈਦਲ, ਸਾਈਕਲ ਸਵਾਰ ਤੇ ਦੋਪੁਹੀਆ ਵਹੀਕਲਾਂ ਲਈ ਸੜਕ 'ਤੇ ਆਵਾਜਾਈ ਮਹਿਫ਼ੂਜ਼ ਕਰਨ ਲਈ ਤੁਰੰਤ ਕਦਮ ਚੁਕੇ ਜਾਣ।

6. ਟਰਾਂਸਪੋਰਟ ਦੀ ਨਿੱਜੀ ਕਰਨ ਦੀ ਨਵੀਂ ਨੀਤੀ ਵਾਪਸ ਲਈ ਜਾਵੇ।

7. ਸੜਕਾਂ ਉਪਰ ਵਧ ਰਹੀ ਟਰੈਫ਼ਿਕ ਸਮੱਸਿਆ ਦਾ ਹੱਲ ਸਿਰਫ਼ ਚੌੜੀਆਂ ਸੜਕਾਂ ਹੀ ਨਹੀਂ ਸਗੋਂ ਰੇਲਵੇ ਅਤੇ ਜਨਤਕ ਟਰਾਂਸਪੋਰਟ ਦਾ ਵਿਸਥਾਰ ਹੈ। ਇਸ ਕਰ ਕੇ ਹਕੂਮਤ ਰੇਲਵੇ ਨੂੰ ਪਹਿਲ ਦੇ ਆਧਾਰ 'ਤੇ ਵਿਕਸਤ ਕਰੇ।

8. ਲੋਕਾਂ ਦੀ ਚੇਤਨਤਾ ਅਤੇ ਜਥੇਬੰਦਕ ਤਾਕਤ ਹੀ ਸ਼ਾਸਨ ਨੂੰ ਲੋਕਾਂ ਦੀਆਂ ਜ਼ਿੰਦਗੀਆਂ ਦਾ ਖੌ ਬਣ ਰਹੇ ਸੜਕੀ ਦੁਰਘਟਨਾਵਾਂ ਦੇ ਵਰਤਾਰੇ ਨੂੰ ਰੋਕਣ ਲਈ ਸਾਰਥਿਕ ਕਦਮ ਚੁੱਕਣ ਲਈ ਮਜਬੂਰ ਕਰ ਸਕਦੀ ਹੈ।

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

**ਸੰਪਾਦਕ ਮੰਡਲ (ਆਨਰੇਰੀ)**

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿੰਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਬਰੈਂਪਟਨ ’ਚ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਹੋਇਆ







ਬਰੈਂਪਟਨ : ਮਾਸਿਕ ਅਗਾਂਹਵਧੂ ਮੈਗਜ਼ੀਨ ‘ਸਰੋਕਾਰਾਂ ਦੀ ਆਵਾਜ਼’ ਵੱਲੋਂ ਸੈਂਚਰੀ ਗਾਰਡਨ ਰੀਕ੍ਰੇਸ਼ਨ ਸੈਂਟਰ ਬਰੈਂਪਟਨ ਓਨਟਾਰੀਓ ਵਿੱਚ ਗ਼ਦਰ ਲਹਿਰ ਦੇ ਸਿਰਮੌਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਸ਼ਤਾਬਦੀ, ਜਲ੍ਹਿਆਂ ਵਾਲਾ ਬਾਗ਼ ਸਾਕੇ ਦੇ ਸ਼ਹੀਦਾਂ ਅਤੇ ਪਹਿਲੀ ਮਈ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਆਯੋਜਕ ਕੀਤਾ ਗਿਆ। ਜਿਸ ਵਿਚ ਉਤੇ ਵਿਚਾਰ-ਚਰਚਾ ਕੀਤੀ ਗਈ।

ਸਮਾਗਮ ਦੇ ਸ਼ੁਰੂ ਵਿਚ ਬਲਦੇਵ ਸਹਿਦੇਵ ਨੇ ਯੁੱਗ ਪਲਟਾਊ ਦਾਰਸ਼ਨਿਕ ਕਾਰਲ ਮਾਰਕਸ ਦੀ ਵਿਚਾਰਧਾਰਕ-ਸਿਧਾਂਤਕ ਦੇਣ, ਮਈ ਦਿਵਸ ਦੀ ਇਤਿਹਾਸਕ ਮਹੱਤਤਾ, ਅੱਠ ਘੰਟੇ ਦੀ ਕੰਮ ਦਿਹਾੜੀ ਅਤੇ ਅੱਜ ਵਿਸ਼ਵੀਕਰਨ ਦੇ ਜ਼ਮਾਨੇ ਵਿਚ ਮਜ਼ਦੂਰ ਸੰਘਰਸ਼ਾਂ ਅੱਗੇ ਚੁਣੌਤੀਆਂ ਬਾਰੇ ਆਪਣੇ ਵਿਚਾਰ ਰੱਖੇ। ਐੱਨ.ਡੀ.ਪੀ. ਦੇ ਐੱਮ.ਪੀ.ਪੀ. ਜਗਮੀਤ ਸਿੰਘ ਨੇ ਸੀ-51 ਦੇ ਲੋਕ ਸੰਘਰਸ਼ਾਂ ਉਪਰ ਘਾਤਕ ਹਮਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਦਹਿਸ਼ਤਵਾਦ ਦੇ ਬਹਾਨੇ ਸੱਤਾ ਵਲੋਂ ਆਮ ਮਿਹਨਤਕਸ਼ ਦੀ ਬਿਹਤਰ ਜ਼ਿੰਦਗੀ ਦੀ ਜੱਦੋਜਹਿਦ ਦੇ ਹੱਕ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਜਮਹੂਰੀ ਅਧਿਕਾਰ ਸਭਾ (ਪੰਜਾਬ) ਦੇ ਪ੍ਰੈੱਸ ਸਕੱਤਰ, ਦੋ-ਮਾਸਿਕ ਪੰਜਾਬੀ ਰਸਾਲੇ ‘ਸੁਲਗਦੇ ਪਿੰਡ’ ਦੇ ਸੰਪਾਦਕ, ਲੇਖਕ ਤੇ ਚਿੰਤਕ ਬੂਟਾ ਸਿੰਘ ਨਵਾਂਸ਼ਹਿਰ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ। ਭਾਰਤ ਦੇ ਅਜੋਕੇ ਚਿੰਤਾਜਨਕ ਹਾਲਾਤ ਦਾ ਵਿਸ਼ਲੇਸ਼ਣ ਕਰਦਿਆਂ ਸ੍ਰੀ ਬੂਟਾ ਸਿੰਘ ਨੇ ਕਿਹਾ ਕਿ ਇਸ ਸੰਕਟ ਦੀਆਂ ਜੜ੍ਹਾਂ 1947 ਦੀ ਸੱਤਾ-ਬਦਲੀ ਜ਼ਰੀਏ ਹੋਂਦ ਵਿੱਚ ਆਏ ਰਾਜ ਢਾਂਚੇ ਵਿੱਚ ਮੌਜੂਦ ਹਨ। ਜੋ ਇਕ ਰਸਮੀ ਆਜ਼ਾਦੀ ਸੀ ਅਤੇ ਹਕੀਕਤ ਵਿਚ ਬਰਤਾਨਵੀ ਸਾਮਰਾਜ ਵਲੋਂ ਆਪਣੇ ਵਫ਼ਾਦਾਰ ਦੇਸੀ ਕੁਲੀਨ ਵਰਗ ਦੇ ਹੱਥ ਵਿਚ ਸੱਤਾ-ਬਦਲੀ ਸੀ। ਇਹ ਗ਼ਦਰ ਅਤੇ ਹੋਰ ਇਨਕਲਾਬੀ ਦੇਸ਼ਭਗਤ ਲਹਿਰਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਸੀ ਜਿਸ ਦਾ ਅਧਾਰ ਆਰਥਕ ਤੇ ਸਮਾਜਿਕ ਬਰਾਬਰੀ, ਸਮਾਜਿਕ ਇਨਸਾਫ਼ ਅਤੇ ਹਰ ਤਰ੍ਹਾਂ ਦੀ ਲੁੱਟ-ਖਸੁੱਟ ਤੇ ਦਾਬੇ ਤੋਂ ਮੁਕਤੀ ਨੇ ਬਨਣਾ ਸੀ। ਪਰ ਸੱਤਾ-ਬਦਲੀ ਜ਼ਰੀਏ ਜਮਹੂਰੀਅਤ, ਸਮਾਜਵਾਦ, ਧਰਮ-ਨਿਰਪੱਖ ਗਣਰਾਜ ਦੇ ਨਾਂ ਹੇਠ ਇਕ ਤਾਨਾਸ਼ਾਹ ਕੁਲੀਨਤੰਤਰ ਆਜ਼ਾਦੀ ਦੇ ਨਾਂ ਹੇਠ ਮੁਲਕ ਦੇ ਆਵਾਮ ਉਪਰ ਥੋਪ ਦਿੱਤਾ ਗਿਆ। ਜੋ ਆਪਣੇ ਰਾਜਸੀ ਸੁਭਾਅ ਪੱਖੋਂ ਅੰਗਰੇਜ਼ ਬਸਤੀਵਾਦੀਆਂ ਵਲੋਂ ਬਣਾਏ ਜਾਬਰ ਰਾਜਸੀ ਢਾਂਚੇ ਦੀ ਨਵੇਂ ਰੂਪ ਵਿਚ ਲਗਾਤਾਰਤਾ ਹੈ। ਲੋਕਤੰਤਰ ਦੇ ਨਾਂ ਹੇਠ ਸਮੇਂ-ਸਮੇਂ ’ਤੇ ਮੀਸਾ, ਐਸਮਾ, ਟਾਡਾ, ਪੋਟਾ, ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਅਤੇ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਰਗੇ ਅੰਗਰੇਜ਼ਾਂ ਤੋਂ ਵਧੇਰੇ ਜ਼ਾਲਮ ਕਾਨੂੰਨ ਬਣਾਕੇ ਕੁਲੀਨਤੰਤਰ ਦੇ ਹੱਥ ਮਜ਼ਬੂਤ ਕੀਤੇ ਗਏ ਹਨ। ਬਿਨਾ ਮੁਕੱਦਮਾ ਚਲਾਏ 3 ਲੱਖ ਤੋਂ ਵੱਧ ਬੇਕਸੂਰ ਲੋਕ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਪੌਣੇ ਸੱਤ ਦਹਾਕਿਆਂ ਵਿਚ ਇਸ ਰਾਜ ਨੇ ਆਪਣੀ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਦੀ ਆਪਣੇ ਹੀ ਲੋਕਾਂ - ਆਦਿਵਾਸੀਆਂ, ਦਲਿਤਾਂ, ਕੌਮੀਅਤਾਂ, ਕਿਸਾਨਾਂ, ਮਜ਼ਦੂਰਾਂ, ਧਾਰਮਿਕ ਘੱਟਗਿਣਤੀਆਂ - ਦੇ ਖ਼ਿਲਾਫ਼ ਬਦਰੇਗ ਵਰਤੋਂ ਕੀਤੀ ਹੈ ਜੋ ਦਰਅਸਲ ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਅਮੁੱਕ ਜੰਗ ਹੈ। ਇਸ ਕੁਲੀਨਤੰਤਰ ਨੇ ਹਿੰਦੂ ਫਿਰਕਾਪ੍ਰਸਤੀ, ਜਾਤਪਾਤ ਤੇ ਔਰਤਾਂ ਉਪਰ ਦਾਬੇ ਦੀ ਪੁਸ਼ਤ-ਪਨਾਹੀ ਕੀਤੀ ਹੈ। ਇਸ ਵਲੋਂ ਇਸ ਖਿੱਤੇ ਦੀ ਸਮਾਜੀ-ਸਭਿਆਚਾਰਕ ਵੰਨ-ਸੁਵੰਨਤਾ ਨੂੰ ਸਵੀਕਾਰਕੇ ਇਸ ਨੂੰ ਪ੍ਰਫੁੱਲਤ ਕਰਨ ਅਤੇ ਸਮਾਜੀ-ਸਿਆਸੀ ਬੇਚੈਨੀ ਨੂੰ ਜਮਹੂਰੀ ਸਿਆਸੀ ਪਹੁੰਚ ਨਾਲ ਹੱਲ ਕਰਨ ਦੀ ਥਾਂ ਸ਼ੁਰੂ ਤੋਂ ਹੀ ਸੱਤਾ ਦੀ ਤਾਕਤ ਨਾਲ ਮਸਲਿਆਂ ਨੂੰ ਦਬਾਉਣ ਦੀ ਨੀਤੀ ਅਖ਼ਤਿਆਰ ਕੀਤੀ ਗਈ ਹੈ। ਮੁਲਕ ਦੀ ਏਕਤਾ ਤੇ ਅਖੰਡਤਾ ਦੇ ਨਾਂ ਹੇਠ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਦਬਾਉਣਾ ਇਸ ਦਾ ਆਮ ਰੁਝਾਨ ਹੈ। ਕਾਨੂੰਨ ਦਾ ਰਾਜ ਸਿਰਫ਼ ਅਮੀਰ ਤੇ ਸੱਤਾਧਾਰੀ ਕੁਲੀਨ ਵਰਗ ਲਈ ਹੈ ਜਦੋਂਕਿ ਹਾਸ਼ੀਏ ’ਤੇ ਧੱਕੇ ਅਵਾਮ ਲਈ ਨਿਆਂ ਪ੍ਰਣਾਲੀ ਦੇ ਦਰਵਾਜ਼ੇ ਵੀ ਬੰਦ ਹਨ। ਹਾਲ ਹੀ ਹਿੰਦੁਸਤਾਨੀ ਅਦਾਲਤੀ ਪ੍ਰਬੰਧ ਦੇ ਧਾਰਮਿਕ ਘੱਟਗਿਣਤੀਆਂ, ਦਲਿਤਾਂ ਦੇ ਵੱਡੇ ਵੱਡੇ ਕਤਲੇਆਮਾਂ ਦੇ ਮੁਜਰਮਾਂ ਨੂੰ ਬਰੀ ਕੀਤੇ ਜਾਣ ਦੇ ਉਪਰੋਥਲੀ ਫ਼ੈਸਲੇ ਅਤੇ ਨਿਆਂ ਦੇ ਦੂਹਰੇ ਮਿਆਰਾਂ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਐਸਾ ਨਿਆਰਾ ਲੋਕਤੰਤਰ ਹੈ ਜਿਥੇ ਲੋਕ ਪੂਰੀ ਤਰ੍ਹਾਂ ਗ਼ੈਰਹਾਜ਼ਰ ਹਨ। ਮਾਓਵਾਦੀ ਲਹਿਰ ਖ਼ਿਲਾਫ਼ ਅਪਰੇਸ਼ਨ ਗਰੀਨ ਹੰਟ ਤੇ ਹੋਰ ਅਪਰੇਸ਼ਨਾਂ ਦੀ ਸ਼ਕਲ ਵਿੱਚ 10 ਸੂਬਿਆਂ ਵਿੱਚ ਅਤੇ ਕਸ਼ਮੀਰ ਤੇ ਉੱਤਰ-ਪੂਰਬ ਦੀਆਂ ਕੌਮੀਅਤਾਂ ਨੂੰ ਕੁਚਲਣ ਲਈ ਦਹਿ-ਲੱਖਾਂ ਦੀ ਤਦਾਦ ਵਿੱਚ ਸਰਕਾਰੀ ਹਥਿਆਰਬੰਦ ਤਾਕਤਾਂ ਦੀ ਦਹਾਕਿਆਂ ਤੋਂ ਤਾਇਨਾਤੀ ਜਮਹੂਰੀ ਹੱਕ ਜਤਾਈ ਨੂੰ ਦਬਾਉਣ ਦੇ ਮਨੋਰਥ ਨਾਲ ਹੈ। ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਐਕਟ (ਅਫਸਪਾ) ਵਰਗੇ ਅੰਗਰੇਜ਼ੀ ਰਾਜ ਤੋਂ ਵੀ ਵਧੇਰੇ ਜ਼ਾਲਮ ਕਾਨੂੰਨ ਬਣਾ ਕੇ ਲੱਖਾਂ ਲੋਕਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ।

ਮੋਦੀ ਦੇ ਸੱਤਾਧਾਰੀ ਹੋਣ ਉਪਰ ਟਿੱਪਣੀ ਕਰਦਿਆਂ ਬੂਟਾ ਸਿੰਘ ਕਿਹਾ ਕਿ ਇਸ ਕੁਲੀਨਤੰਤਰ ਲਈ ਸਭ ਤੋਂ ਵੱਧ ਕਾਂਗਰਸ ਹਕੂਮਤ ਨੇ ਕੰਮ ਕੀਤਾ ਹੈ ਅਤੇ ਲੋਕਾਂ ਨੂੰ ਬੇਰਹਿਮੀ ਨਾਲ ਕੁਚਲਿਆ ਅਤੇ ਮਾਰਿਆ ਹੈ। ਜਦੋਂਕਿ ਹੁਣ ਕਾਰਪੋਰੇਟ ਸਰਮਾਏਦਾਰੀ ਤੇ ਹਿੰਦੂਤਵੀ ਤਾਕਤਾਂ ਦੇ ਨਾਪਾਕ ਗਠਜੋੜ ਰਾਹੀਂ ਭਗਵੇਂ ਬ੍ਰਿਗੇਡ ਦੇ ਸੱਤਾ ਉਪਰ ਕਾਬਜ਼ ਹੋਣ ਨਾਲ ਕਾਰਪੋਰੇਟ ਵਿਕਾਸ ਮਾਡਲ ਰਾਹੀਂ ਮੁਲਕ ਦੇ ਕੁਦਰਤੀ ਵਸੀਲਿਆਂ ਅਤੇ ਮਿਹਨਤ ਸ਼ਕਤੀ ਦੀ ਕਾਰਪੋਰੇਟ ਸਰਮਾਏਦਾਰੀ ਵੱਲੋਂ ਲੁੱਟਮਾਰ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ ਹੈ। ਇਸ ਇਕੱਤਰਤਾ ਵਿੱਚ ਪੰਜ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਕੈਨੇਡਾ ਸਰਕਾਰ ਵਲੋਂ ਫਾਸ਼ੀਵਾਦੀ ਬਿੱਲ ਸੀ-51 ਪਾਸੇ ਕੀਤੇ ਜਾਣ, ਪੰਜਾਬ ਵਿੱਚ ਮੋਗਾ ਕਾਂਡ ਵਿਰੁੱਧ ਜੂਝ ਰਹੀਆਂ ਲੋਕ ਤਾਕਤਾਂ ਨਾਲ ਇਕਮੁੱਠਤਾ ਤੇ ਵਿਦਿਆਰਥੀਆਂ ਉਪਰ ਇਰਾਦਾ ਕਤਲ ਦੇ ਮੁਕੱਦਮੇ ਦਰਜ਼ ਕਰਨ ਦੀ ਅਤੇ ‘ਗ਼ਦਰ’ ਨਾਮ ਹੇਠ ਸ਼ਰਾਬ ਦਾ ਬਰਾਂਡ ਨੂੰ ਮਨਜ਼ੂਰੀ ਦੇ ਕੇ ਗ਼ਦਰ ਲਹਿਰ ਦੇ ਸ਼ਹੀਦਾਂ ਦਾ ਅਪਮਾਨ ਕਰਨ ਦੀ ਘਿਨਾਉਣੀ ਕਾਰਵਾਈ ਦੀ ਨਿੰਦਾ ਕੀਤੀ ਗਈ। ਅਤੇ ਕੈਨੇਡਾ ਵਿਚ ਸਿਹਤ ਸਹੂਲਤਾਂ ਉਪਰ ਲਗਾਏ ਜਾ ਰਹੇ ਕੱਟ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਅਪੀਲ ਕੀਤੀ ਗਈ।

ਸਮਾਗਮ ਵਿਚ ਨਾਹਰ ਔਜਲਾ ਦੀ ਨਾਟਕ ਟੀਮ ਵਲੋਂ ਆਪਣਾ ਨਵਾਂ ਨਾਟਕ ਖੇਡਿਆ ਗਿਆ। ਇਸ ਮੌਕੇ ਕਲਾਕਾਰਾਂ ਵਲੋਂ ਕਵੀਸ਼ਰੀਆਂ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਦੇ ਪ੍ਰਧਾਨ ਦੇਵਿੰਦਰ ਤੂਰ ਵਲੋਂ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਵੱਖ-ਵੱਖ ਰੂਪਾਂ ’ਚ ਯੋਗਦਾਨ ਪਾਉਣ ਵਾਲੇ ਸਮੂਹ ਮੈਂਬਰਾਂ, ਹਿਤੈਸ਼ੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਸਟੇਜ ਦਾ ਸੰਚਾਲਨ ‘ਸਰੋਕਾਰਾਂ ਦੀ ਆਵਾਜ਼’ ਦੇ ਸੰਪਾਦਕ ਹਰਬੰਸ ਸਿੰਘ ਵਲੋਂ ਕੀਤਾ ਗਿਆ।





Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

CHERA IMMIGRATION CONSULTANCY SERVICES
22 Years of Service
Specializing in:
- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com

WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6

# ਚੀਨ ਵੱਲੋਂ ਏਸ਼ੀਆ ਬੈਂਕ ਦੀ ਸਥਾਪਨਾ-ਅਮਰੀਕਾ ਨੂੰ ਚੁਣੌਤੀ

**ਮੋਹਨ ਸਿੰਘ**

ਚੀਨ ਵੱਲੋਂ 21 ਅਕਤੂਬਰ ਨੂੰ ਏਸ਼ੀਆ ਆਧਾਰ-ਢਾਂਚਾ ਨਿਵੇਸ਼ ਬੈਂਕ (ਐਬ) ਸ਼ੁਰੂ ਕੀਤੀ ਗਈ ਹੈ। ਚੀਨ ਦੀ ਇਸ ਨਵੀਂ ਬੈਂਕ ਨੂੰ ਇੱਕ ਹੋਰ ਵਿਸ਼ਵ ਬੈਂਕ ਵੀ ਕਿਹਾ ਜਾਂਦਾ ਹੈ ਅਤੇ ਜਿਵੇਂ ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਨੇ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਆਦਿ ਦਾ ਇੱਕ ਸੰਸਾਰ ਵਿਆਪੀ ਪ੍ਰਬੰਧ ਸਥਾਪਤ ਕੀਤਾ ਸੀ, ਇਸੇ ਤਰ੍ਹਾਂ ਚੀਨ ਐਬ, ਬਰਿਕਸ ਬੈਂਕ, 'ਰੇਸ਼ਮ ਸੜਕ' ਲਈ 40 ਅਰਬ ਡਾਲਰ ਨਿਵੇਸ਼ ਕਰਨ ਲਈ ਰੱਖ ਕੇ ਅਤੇ ਸ਼ੰਘਾਈ ਮਿਲਵਰਤਨ ਜਥੇਬੰਦਕ ਵਿਕਾਸ ਬੈਂਕ ਬਣਾ ਕੇ ਇੱਕ ਵਿਆਪਕ ਤਾਣਾਬਾਣਾ ਬਣਾ ਰਿਹਾ ਹੈ। ਚੀਨ ਦੀ ਅਗਵਾਈ ਵਾਲੀ ਇਸ ਬੈਂਕ ਦੇ ਮੋਢੀ ਮੈਂਬਰਾਂ 'ਚ ਚੀਨ ਤੋਂ ਇਲਾਵਾ ਭਾਰਤ, ਪਾਕਿਸਤਾਨ, ਸਿੰਗਾਪੁਰ, ਵੀਅਤਨਾਮ, ਥਾਈਲੈਂਡ, ਮਲੇਸ਼ੀਆ, ਫਿਲਪਾਈਨ, ਬੰਗਲਾਦੇਸ਼, ਬਰੂਨੀ, ਕੰਬੋਦੀਆ, ਕਜ਼ਾਕਸਤਾਨ, ਕੁਵੈਤ, ਲਾਓਸ, ਮੀਆਂਮਰ, ਮੰਗੋਲੀਆ, ਨੇਪਾਲ, ਓਮਾਨ, ਕਤਰ, ਸ੍ਰੀਲੰਕਾ ਅਤੇ ਉਜ਼ਬੇਕਸਤਾਨ ਸ਼ਾਮਲ ਹਨ। ਇਸ ਦੇ ਮੈਂਬਰ ਬਣਨ ਦੀ ਆਖਰੀ ਤਰੀਕ 1 ਅਪਰੈਲ 2015 ਰੱਖੀ ਗਈ ਸੀ। ਅਮਰੀਕਾ ਨੇ ਆਪਣੇ ਪ੍ਰਭਾਵ ਵਾਲੇ ਮੁਲਕਾਂ ਨੂੰ ਇਸ ਬੈਂਕ ਦੇ ਮੈਂਬਰ ਬਣਨ ਤੋਂ ਰੋਕਣ ਲਈ ਪੂਰੀ ਕੋਸ਼ਿਸ਼ ਕੀਤੀ।

ਪਰ ਜਿਵੇਂ-ਜਿਵੇਂ 1 ਅਪਰੈਲ 2015 ਦਾ ਸਮਾਂ ਨੇੜੇ ਆਉਂਦਾ ਗਿਆ, ਤਿਵੇਂ-ਤਿਵੇਂ ਇਸ ਨਵੀਂ ਬੈਂਕ 'ਚ ਸ਼ਾਮਿਲ ਹੋਣ ਲਈ ਮੁਲਕਾਂ 'ਚ ਭਗਦੜ ਮੱਚ ਗਈ ਅਤੇ ਇਸ ਬੈਂਕ 'ਚ 47 ਦੇਸ਼ ਸ਼ਾਮਿਲ ਹੋ ਗਏ। ਅਮਰੀਕਾ ਨੇ ਆਸਟਰੇਲੀਆ ਅਤੇ ਦੱਖਣੀ ਕੋਰੀਆ ਉੱਤੇ ਇਸ ਬੈਂਕ 'ਚ ਸ਼ਾਮਿਲ ਨਾ ਹੋਣ ਲਈ ਦਬਾਅ ਪਾਇਆ ਪਰ ਕੁੱਝ ਚਿਰ ਬਾਅਦ ਇਨ੍ਹਾਂ ਦੇਸ਼ਾਂ ਨੇ ਵੀ ਇਸ ਬੈਂਕ 'ਚ ਸ਼ਾਮਿਲ ਹੋਣ ਦਾ ਫੈਸਲਾ ਲੈ ਲਿਆ। ਅਮਰੀਕਾ ਨੇ ਆਪਣੇ ਨੇੜਲੇ ਸੰਗੀ ਬਰਤਾਨੀਆ 'ਤੇ ਇਸ ਬੈਂਕ 'ਚ ਸ਼ਾਮਿਲ ਨਾ ਹੋਣ ਲਈ ਪੂਰਾ ਦਬਾਅ ਪਾਇਆ ਪਰ ਬਰਤਾਨੀਆਂ ਨੇ ਵੀ ਇਸ ਬੈਂਕ ਦਾ ਮੈਂਬਰ ਬਨਣ ਦੀ ਹਾਂ ਕਰ ਦਿੱਤੀ ਅਤੇ ਫ਼ਰਾਂਸ, ਜਰਮਨੀ, ਇਟਲੀ, ਇਸਰਾਈਲ ਅਤੇ ਤਾਈਵਾਨ ਵੀ ਇਸ 'ਚ ਸ਼ਾਮਿਲ ਹੋ ਗਏ। ਚੀਨ ਦੀ ਅਗਵਾਈ ਵਾਲੀ ਇਸ ਬੈਂਕ 'ਚ ਇਹ ਸ਼ਰਤ ਰੱਖੀ ਗਈ ਹੈ ਕਿ ਇਸ 'ਚ ਗ਼ੈਰ-ਏਸ਼ੀਆਈ ਦੇਸ਼ਾਂ ਦੇ 25 ਪ੍ਰਤੀਸ਼ਤ ਤੋਂ ਵੱਧ ਸ਼ੇਅਰ ਨਹੀਂ ਹੋਣਗੇ।

ਅਮਰੀਕਾ ਦੇ ਵਿਰੋਧ ਕਰਨ ਦੇ ਬਾਵਜੂਦ ਇਸ ਬੈਂਕ 'ਚ ਐਨੇ ਮੁਲਕਾਂ ਦਾ ਸ਼ਾਮਲ ਹੋਣਾ ਇੱਕ ਪਾਸੇ ਇਹ ਚੀਨ ਦੇ ਵਧਦੇ ਪ੍ਰਭਾਵ ਦਾ ਸੂਚਕ ਹੈ ਅਤੇ ਦੂਜੇ ਪਾਸੇ ਏਸ਼ੀਆਈ ਦੇਸ਼ਾਂ 'ਚ ਆਧਾਰ ਢਾਂਚੇ 'ਚ ਨਿਵੇਸ਼ ਦੀਆਂ ਵੱਡੀਆਂ ਲਾਲਸਾਵਾਂ ਦਾ ਹੋਣਾ ਹੈ। ਏਸ਼ੀਆ ਵਿਕਾਸ ਬੈਂਕ ਅਨੁਸਾਰ ਏਸ਼ੀਆਈ ਦੇਸ਼ਾਂ 'ਚ ਆਧਾਰ ਢਾਂਚੇ ਉਸਾਰਨ ਲਈ 8 ਟ੍ਰਿਲੀਅਨ ਡਾਲਰ ਨਿਵੇਸ਼ ਦੀ ਜ਼ਰੂਰਤ ਹੈ। ਚੀਨ ਵੱਲੋਂ ਕਲਪੀ 'ਰੇਸ਼ਮ ਸੜਕ ਆਰਥਿਕ ਪੱਟੀ' ਕੇਂਦਰੀ ਏਸ਼ੀਆ, ਯੂਰਪ ਅਤੇ ਰੂਸ ਤੱਕ ਨੂੰ ਜੋੜਦੀ ਹੈ ਅਤੇ 21ਵੀਂ ਸਦੀ ਦੀ 'ਸਮੁੰਦਰੀ ਰੇਸ਼ਮ ਸੜਕ' ਹਿੰਦ ਮਹਾਂਸਾਗਰ, ਦੱਖਣੀ ਏਸ਼ੀਆ ਅਤੇ ਪੂਰਬੀ ਅਫਰੀਕਾ ਨਾਲ ਜੋੜਦੀ ਹੈ। ਚੀਨ ਅਨੁਸਾਰ ਇਨ੍ਹਾਂ ਸੜਕਾਂ ਨਾਲ ਵਪਾਰ ਅਤੇ ਵਿਕਾਸ ਨੂੰ ਹੁਲਾਰਾ ਮਿਲੇਗਾ।

ਚੀਨ ਨੂੰ ਉਮੀਦ ਹੈ ਕਿ ਇਸ ਨਾਲ ਚੀਨ ਦਾ ਹੋਰ ਦੇਸ਼ਾਂ ਨਾਲ ਲਗਭਗ ਇੱਕ ਦਹਾਕੇ 'ਚ 2.5 ਟ੍ਰਿਲੀਅਨ ਡਾਲਰ ਦਾ ਵਪਾਰ ਵਧੇਗਾ।




ਗਾਰਡੀਅਨ ਅਖ਼ਬਾਰ ਮੁਤਾਬਿਕ ਚੀਨ ਦੇ ਵਧਦੇ ਆਰਥਿਕ ਅਤੇ ਸਿਆਸੀ ਪ੍ਰਭਾਵ ਕਾਰਨ ਨਵੀਂ ਬੈਂਕ ਚੀਨ ਲਈ ਪੂੰਜੀ ਨਿਵੇਸ਼ ਦੇ ਵੱਡੇ ਰਸਤੇ ਖੋਲ੍ਹੇਗੀ। ਚੀਨ ਨੇ ਪਹਿਲਾਂ ਬੈਂਕ ਲਈ 50 ਅਰਬ ਡਾਲਰ ਰੱਖੇ ਸਨ ਜੋ ਜੂਨ 2014 'ਚ ਵਧਾ ਕੇ 100 ਅਰਬ ਡਾਲਰ ਕਰ ਦਿੱਤੇ ਗਏ ਅਤੇ ਭਾਰਤ ਨੂੰ ਵੀ ਬੈਂਕ ਦੀ ਨੀਂਹ ਰੱਖਣ ਦੇ ਭਾਈਵਾਲ ਹੋਣ ਦਾ ਸੱਦਾ ਦਿੱਤਾ। ਚੀਨ ਇਸ ਬੈਂਕ ਦੇ ਵੱਡੇ ਹਿੱਸੇ ਨੂੰ ਕੰਟਰੋਲ ਕਰੇਗਾ। ਇਸ ਦਾ ਹਿੱਸਾ 36 ਪ੍ਰਤੀਸ਼ਤ ਹੋਵੇਗਾ। ਜਦੋਂ ਹੋਰ ਮੈਂਬਰ ਸ਼ਾਮਿਲ ਹੋਣਗੇ ਤਾਂ ਚੀਨ ਦਾ ਇਸ 'ਚ ਤੀਜਾ ਹਿੱਸਾ ਰਹਿ ਜਾਵੇਗਾ।

ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ

(ਬਾਕੀ ਸਫ਼ਾ 20 'ਤੇ)







